# ਸੋਧ

ਅਗਸਤ 1979 (ਜਿਲਦ 8 ਨੰਬਰ 8)

**August 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

SEDH
AUGUST 1979
Vol. 8
No. 8
Price : Rs. 2.00

# ਸੇਧ

## ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


- ਆਏ ਇਨਕਲਾਬ ਕੁਰਾਹੇ ਕਿਉਂ ?—5
  "ਵਿਰੋਧੀਆਂ ਦੀ ਏਕਤਾ" ਦੇ ਸੰਕਲਪ ਵਿਚ ਪਿਆ ਵਿਗਾੜ (ਸਫ਼ਾ 1) — ਕਿਸ਼ਨ ਸਿੰਘ
- ਭਾਰਤ ਵਿਚ ਮਾਰਕਸਵਾਦ—3 (ਸਫ਼ਾ 9) — ਬਿਪਿਨ ਚੰਦਰ
- ਮਾਰਕਸਵਾਦ ਤੇ ਖੱਬੀ ਲਫਾਜ਼ੀ (ਸਫ਼ਾ 19) — ਭਗਵਾਨ ਸਿੰਘ ਜੋਸ਼
- ਸਾਮਰਾਜਵਾਦ, ਨਵ-ਸਾਮਰਾਜਵਾਦ ਅਤੇ ਭਾਰਤ—3
  ਘੱਟ-ਵਿਕਸਤ ਦੇਸ਼ਾਂ ਉਪਰ ਹੱਲਾ (ਸਫ਼ਾ 27) — ਸੁੱਚਾ ਸਿੰਘ ਗਿੱਲ
- "ਖ਼ਾਲਸਾ ਰਾਜ" ਸਮੇਂ ਸਮਾਜਕ ਸਥਿਤੀ—ਇਕ ਦ੍ਰਿਸ਼ਟੀਕੋਣ (ਸਫ਼ਾ 33) — ਡਾ: ਫੌਜਾ ਸਿਘ
- ਪ੍ਰੀਤ-ਫ਼ਲਸਫ਼ੇ ਦੀ ਸ਼ਵ-ਪ੍ਰੀਖਿਆ—8
  ਕੁਝ ਕਹਿ ਸਕਣ ਦੀ ਦਲੇਰੀ (ਸਫ਼ਾ 42) — ਹਿੰਮਤ ਸਿੰਘ ਸਢੀ
- ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 49) — ਪੰਨੂੰ, ਗੁਰਬਚਨ, ਅਤੇ ਹੋਰ ਸਜਣ


Edited, Printed & Published by
Gurvel Singh Pannu,
S E D H, A/42, Defence Colony,
New Delhi-110024. Ph. No. 626300

Hony. Co Editor
Harcharan Singh Sobti
Printed at 'LOK PRINTERS'
A1/12, Krishan Nagar, Delhi-51.

*The Punjab State Coop. Land Mortgage Bank Ltd.*
*Chandigarh.*

Grams. BHOOMIBANK. Phones. 27357-58-59

| AS ON 31.3.79 | (Rs in lakhs) |
|---|---|
| Paid up share capital | 446.48 |
| Reserve Fund and Other funds | 303.88 |
| Debentures in Circulation | 12,114.77 |
| Loans to Primary Land Mortgage Banks. | 7867.34 |
| Working capital | 135.38 |
| Annual profit | 163.00 |

The Bank provides long term loans to Agriculturists in Punjab, through its 43 Primary Coop. Land Mortgage Banks for Installation of Tubewells, Purchase of Electric Motors, Tractors, other agricultural implements, Leveling of Land, redemption of old debts, purchase of land, purchase of Milchcattle [laying of under and over ground pipes and other development purposes on very easy terms. It also accepts Fixed Deposits to help the needy farmers at very attractive rates of 6¼% for one year:

For full details pleasse contact the Bank or any of the Primary Land Mortgage Banks at Tehsil H. Qrs.

(B. S. BHULLAR)
P.S.C.S. (I).
Managing Director.





ਕਿਸ਼ਨ ਸਿੰਘ

## "ਵਿਰੋਧੀਆਂ ਦੀ ਏਕਤਾ" ਦੇ ਸੰਕਲਪ ਵਿਚ ਪਿਆ ਵਿਗਾੜ

ਇਕਾਨੋਮਿਜ਼ਮ ਦੀ ਚੜ੍ਹਤ ਨਾਲ ਸਟੇਟ ਤੇ ਰਾਜ-ਪ੍ਰਬੰਧ ਦੇ ਅਡੰਬਰ ਦਾ ਮੁਲਖੱਈਏ ਨਾਲ ਰਿਸ਼ਤਾ ਹੀ ਨਹੀਂ ਸੀ ਬਦਲਣਾ । ਉਸ ਦੀ ਚੜ੍ਹਤ ਨਾਲ ਲਾਜ਼ਮੀ ਸੀ ਕਿ ਪਾਰਟੀ ਉਤੇ, ਉਸ ਦੀ ਬਣਤਰ ਦੇ ਬੁਨਿਆਦੀ ਅਸੂਲਾਂ ਉਤੇ, ਉਸ ਦੀਆਂ ਬਣਾਈਆਂ ਜਥੇਬੰਦੀਆਂ ਦੀ ਜਮਾਤੀ ਤਾਸੀਰ ਉਤੇ ਅਤੇ ਸਭ ਨਾਲੋਂ ਜ਼ਿਆਦਾ ਉਸ ਦੇ ਮੁਲਖੱਈਏ ਨਾਲ ਰਿਸ਼ਤੇ ਉਤੇ ਵੀ ਅਸਰ ਪੈਂਦਾ । ਇਹ ਤਾਂ ਮੁੜ-ਮੁੜ ਦੁਹਰਾਉਣ ਦੀ ਲੋੜ ਨਹੀਂ ਕਿ ਬੰਦੇ ਦੇ ਸੰਕਲਪਾਂ ਦੀ ਸਮਾਜਕ ਭੋਂ ਹੁੰਦੀ ਹੈ । ਸੰਕਲਪਾਂ ਦੇ ਆਪਸ ਵਿਚ ਫਰਕ, ਉਹਨਾਂ ਦੇ ਆਪਸ ਵਿਚ ਟੱਕਰਾ ਬਾਹਰਲੇ ਵਿਰੋਧਾਂ ਦਾ ਅਕਸ ਹੁੰਦੇ ਹਨ ।[1] ਜਿਸ ਤਰ੍ਹਾਂ ਬਾਹਰਲੇ ਵਿਰੋਧਾਂ ਦੇ ਆਪਸ ਵਿਚ ਟੱਕਰਾ ਦੀ ਤੋਰ ਤੁਰਦੀ ਹੈ, ਉਸੇ ਤਰ੍ਹਾਂ ਹੀ ਸੰਕਲਪਾਂ ਦੇ ਟੱਕਰਾ ਦੀ ਤੋਰ ਵੀ ਤੁਰਦੀ ਹੈ । ਪਾਰਟੀ ਜਿਸ ਰਾਹੇ ਪਈ ਉਹ ਸਮਾਜ ਵਿਚ ਜਮਾਤੀ ਜਦੋ-ਜਹਿਦ ਦਾ, ਜਮਾਤਾਂ ਦੀ ਆਪਸ ਵਿਚ ਤਾਕਤ ਦੇ ਤਵਾਜ਼ਨ ਦਾ ਅਸਰ ਸੀ । ਐਨ. ਈ. ਪੀ. ਦੇ ਅੰਤਲੇ ਸਮੇਂ ਤਕ ਬਾਹਰ, ਸਮਾਜ ਵਿਚ, ਖਾਸ ਕਰ ਕਿਸਾਨੀ ਤਬਕੇ ਵਿਚ, ਬੇਹੱਦ ਤਣਾਅ ਦੀ ਹਾਲਤ ਸੀ । ਬਾਹਰ ਬੇਹੱਦ ਤਣਾਅ ਹੋਣ ਦੀ ਹਾਲਤ ਵਿਚ ਪਾਰਟੀ ਦਾ ਆਪਣੀ ਅੰਦਰਲੀ ਬਣਤਰ ਬਾਬਤ 'ਵਿਰੋਧੀਆਂ ਦੀ ਏਕਤਾ' ਦੇ ਸੰਕਲਪ ਦੇ ਇਕਾਨੋਮਿਜ਼ਮ ਵਾਲੇ ਅਰਥਾਂ ਉਤੇ ਆ ਜਾਣਾ ਕੁਦਰਤੀ ਲਗਦਾ ਸੀ । ਹਰ ਇਕ ਨੂੰ ਐਉਂ ਲਗਦਾ ਸੀ ਕਿ ਐਸੀ ਹਾਲਤ ਵਿਚ ਪਾਰਟੀ ਦੀ ਹਰ ਕੀਮਤ ਉਤੇ ਏਕਤਾ ਲਾਜ਼ਮੀ ਹੈ । ਸਿਧਾਂਤਕ ਲਫ਼ਜ਼ਾਂ ਵਿਚ 'ਵਿਰੋਧੀਆਂ ਦੀ ਏਕਤਾ' ਦੇ ਸੰਕਲਪ ਵਿਚ ਏਕਤਾ ਦਾ ਅੰਸਰ ਭਾਰੂ ਲਗਣ ਪਿਆ । ਉਸ ਦੀ ਪਹਿਲ ਹੋਣੀ ਲਾਜ਼ਮੀ ਦਿਸਣ ਲਗ ਪਈ । ਤੇ ਵਿਰੋਧ ਦਾ ਅੰਸਰ ਪਿਛੇ ਪੈਂਦਾ ਪੈਂਦਾ, ਨਜ਼ਰ-ਅੰਦਾਜ਼ ਹੋ ਗਿਆ ।

'ਵਿਰੋਧੀਆਂ ਦੀ ਏਕਤਾ' ਦੇ ਸੰਕਲਪ ਵਿਚ ਪਾਰਟੀ ਨੇ ਨਵੇਂ ਇਕਾਨੋਮਿਜ਼ਮ ਵਾਲੇ ਅਰਥ ਕਿਉਂ ਪਾ ਲਏ ? ਇਸ ਵਾਸਤੇ ਕਿ ਪਾਰਟੀ ਆਪਣੀ ਗ਼ਲਤ ਨੀਤੀ ਕਰਕੇ ਮੁਲੱਖਈਏ ਨਾਲੋਂ, ਕਿਸਾਨੀ ਮੁਲੱਖਈਏ ਨਾਲੋਂ ਟੁਟ ਚੁਕੀ ਸੀ । ਉਸ ਨੇ ਮੁਲੱਖਈਏ ਵਾਲੀ ਲਾਈਨ ਨਹੀਂ ਸੀ ਲਈ । ਐਸੀ ਹਾਲਤ ਵਿਚ ਬੁਰਜੂਆ ਪੈਂਤੜੇ ਦਾ ਹੋਰ ਮਜ਼ਬੂਤ ਹੋਣਾ ਕੁਦਰਤੀ ਸੀ ਅਤੇ ਉਸ ਦੇ ਭਾਰੂ ਹੋਣ ਨਾਲ ਸੰਕਲਪਾਂ ਦਾ ਵੀ ਇਕਾਨੋਮਿਜ਼ਮ ਦੇ ਰਾਹੇ ਪੈਣਾ ਕੋਈ ਅਨੋਖੀ ਗੱਲ ਨਹੀਂ ਸੀ । ਪਾਰਟੀ ਨੇ ਡਾਇਲੈਕਟਿਕ ਏਕਤਾ ਦਾ ਰਾਹ ਤਿਆਗ ਕੇ ਉਸ ਦੇ ਵਿਰੋਧੀ, ਏਕਤਾ ਦਾ ਸਬਕ ਪੜ੍ਹਿਆ । ਅਮਲੀ

ਪੱਧਰ 'ਤੇ ਉਹ ਦੋ ਸ਼ਕਲਾਂ ਵਿਚ ਗ੍ਰਹਿਣ ਹੋਇਆ । ਪਾਰਟੀ ਦੇ ਜਮਹੂਰੀ ਕੇਂਦਰਵਾਦ ਦੀ ਜਿੰਦ ਜਾਨ ਹੁੰਦੀ ਹੈ—ਉਸ ਦੇ ਅੰਦਰ **ਵਿਚਾਰਧਾਰਕ ਜਦੋ-ਜਹਿਦ** । ਇਹ ਸਮਾਜ ਦੇ ਵਿਚਲੀ ਜਮਾਤੀ ਜਦੋ-ਜਹਿਦ ਦਾ ਅਕਸ ਹੁੰਦੀ ਹੈ । ਜਦੋਂ ਪਾਰਟੀ ਦੇ ਅੰਦਰੋਂ ਇਹ ਵਿਚਾਰਧਾਰਕ ਜਦੋ-ਜਹਿਦ ਖਤਮ ਹੋ ਜਾਵੇ, ਪਾਰਟੀ ਦਾ ਜਮਹੂਰੀ ਕੇਂਦਰਵਾਦ ਸਮਝੋ ਖੁਸ਼ਕ ਹੋ ਗਿਆ । ਪਾਰਟੀ ਸਹੀ ਅਰਥਾਂ ਵਿਚ ਮਾਰਕਸੀ ਪਾਰਟੀ ਹੀ ਨਾ ਰਹੀ । ਪਾਰਟੀ ਦਾ ਕਾਇਦਾ ਹੀ ਇਹ ਹੋ ਗਿਆ—ਏਕਤਾ, ਹਰ ਕੀਮਤ 'ਤੇ ਏਕਤਾ, ਵਿਚਾਰਧਾਰਕ ਜਦੋ-ਜਹਿਦ ਨੂੰ ਤਿਆਗ ਕੇ ਏਕਤਾ ।[2] ਇਸ ਏਕਤਾ ਦੀ ਦੂਸਰੀ ਸ਼ਕਲ ਸੀ—ਵਿਚਾਰਧਾਰਕ ਸੁਹਾਗਾ । ਜਿਸ ਨੇ ਕਾਬਜ਼ ਲੀਡਰਸ਼ਿਪ ਨਾਲੋਂ ਵਿਚਾਰਧਾਰਕ ਤੌਰ 'ਤੇ ਜ਼ਰਾ ਕੁ ਵੀ ਪਾਸਾ ਵੱਟਿਆ, ਉਸ ਦਾ ਪਾਰਟੀ ਵਿਚੋਂ ਸਫ਼ਾਇਆ, ਪਾਰਟੀ ਵਿਚੋਂ ਖ਼ਿਆਲਾਂ ਦੀ ਵਿਰੋਧਤਾ ਦਾ ਖਾਤਮਾਂ । ਮੰਤਰ ਵਜੋਂ ਪਾਰਟੀ ਦੀ ਬਣਤਰ ਭਾਵੇਂ ਕੁਛ ਵੀ ਆਖੀਦੀ ਰਹੀ, ਮੂਲ ਰੂਪ ਵਿਚ, ਅਮਲੀ ਪੱਧਰ 'ਤੇ ਪਾਰਟੀ ਕੇਂਦਰਵਾਦੀ ਹੋ ਗਈ (monolithic) ।

ਪਾਰਟੀ ਚੂੰਕਿ ਪਰੋਲਤਾਰੀ ਦੇ ਪੈਂਤੜੇ ਦਾ ਸੰਦ ਹੁੰਦੀ ਹੈ ਅਤੇ ਇਸ ਸੰਦ ਦੇ ਰਾਹੀਂ ਪਰੋਲਤਾਰੀ ਨੇ ਵਿਸ਼ਾਲ ਮੁਲੱਖਈਏ ਨੂੰ ਆਪਣੇ ਪੈਂਤੜੇ ਦੀ ਲੀਡਰਸ਼ਿਪ ਦੇ ਥੱਲੇ ਲਿਆਉਣਾ ਹੁੰਦਾ ਹੈ, ਮੁਲੱਖਈਏ ਦੇ ਵੱਖ ਵੱਖ ਤਬਕਿਆਂ ਦੇ ਵੱਖਰਿਆਂ ਵੱਖਰਿਆਂ ਹਿੱਤਾਂ ਦਾ ਅਸਰ ਪਾਰਟੀ ਅਤੇ ਉਸ ਦੇ ਅੰਦਰ ਪੈਣਾ ਹੋਇਆ । ਪਾਰਟੀ ਦਾ ਆਧਾਰ ਦੋ ਜਮਾਤਾਂ 'ਤੇ—ਸਨਅਤੀ ਮਜ਼ਦੂਰ ਜਮਾਤ ਤੇ ਕਿਸਾਨੀ—ਤਾਂ ਲਾਜ਼ਮੀ ਹੁੰਦਾ ਹੀ ਹੈ । ਸੋ ਉਸ ਵਾਸਤੇ ਵਿਚਾਰਧਾਰਕ ਸੁਹਾਗੇ ਵਾਲਾ ਪੈਂਤੜਾ ਘਾਤਕ ਹੁੰਦਾ ਹੈ । ਜਦੋਂ ਪਾਰਟੀ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਜਾਵੇ, ਅਮਲੀ ਪੱਧਰ 'ਤੇ ਵਿਚਾਰਧਾਰਕ ਜਦੋ-ਜਹਿਦ-ਜਮਹੂਰੀ ਕੇਂਦਰਵਾਦ — ਨੂੰ ਤਿਆਗਣਾ ਉਸ ਦੇ ਵਾਸਤੇ ਲਾਜ਼ਮੀ ਹੋ ਜਾਂਦਾ ਹੈ । ਉਹ ਨਿਰੋਲ ਕੇਂਦਰਵਾਦ ਦੇ ਪਟੇ 'ਤੇ ਚੜ੍ਹ ਜਾਂਦੀ ਹੈ, monolithic ਦੇ ਅਸੂਲ ਨੂੰ ਈਮਾਨ ਬਣਾ ਲੈਂਦੀ ਹੈ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕੁਲ ਮੁਲੱਖਈਏ ਨੂੰ ਆਪਣੇ ਮਗਰ ਲਾਉਣ ਦੀ ਉਸ ਵਿਚ ਸਮਰੱਥਾ ਹੀ ਨਹੀਂ ਰਹਿ ਜਾਂਦੀ । ਇਹ ਸਮਰੱਥਾ ਰਹਿ ਸਕਦੀ ਹੀ ਨਹੀਂ ।

ਪਾਰਟੀ ਦੀ ਬਣਤਰ ਦੀ ਜਿੰਦ-ਜਾਨ ਹੈ **ਜਮਹੂਰੀ-ਕੇਂਦਰਵਾਦ**, ਇਹਨਾਂ ਦੋਹਾਂ ਵਿਰੋਧੀਆਂ ਦੀ ਏਕਤਾ । ਜਮਹੂਰੀ ਕੇਂਦਰਵਾਦ ਦਾ ਅਰਥ ਕੀ ਹੈ ? ਅਰਥ ਹੈ ਕਿ ਮੁਲੱਖਈਏ ਦੇ ਵੱਖ ਵੱਖ ਖਿਆਲਾਂ ਨੂੰ ਤੈਹ ਤਕ ਆਲੋਚਨਾਤਮਕ ਤਰੀਕੇ ਨਾਲ ਵੇਖਿਆਂ, ਤੋਲਿਆਂ ਉਹਨਾਂ ਨੂੰ ਕੇਂਦਰਤ ਕੀਤਾ ਜਾ ਸਕਦਾ ਹੈ । ਮੁਲੱਖਈਏ ਦੇ ਵੱਖ ਵੱਖ ਖਿਆਲਾਂ ਨੂੰ ਏਸ ਤਰ੍ਹਾਂ ਕੇਂਦਰਤ ਕਰਨ ਵਾਸਤੇ ਜਮਹੂਰੀ ਕੇਂਦਰਵਾਦ ਹੀ ਇਕੋ-ਇਕ ਪੈਂਤੜਾ ਹੈ । ਪਰ ਅਸਲੀਅਤ ਇਸ ਨਾਲੋਂ ਵੀ ਜ਼ਰਾ ਕੁ ਅਗੇਰੇ ਹੈ । ਜਮਹੂਰੀ ਕੇਂਦਰਵਾਦ ਨੂੰ, ਇਹਨਾਂ ਵਿਰੋਧੀਆਂ ਦੀ ਏਕਤਾ ਕਾਇਮ ਰਖਣ ਵਾਸਤੇ, ਜਮਹੂਰੀ ਕੇਂਦਰਵਾਦ ਨੂੰ ਸਹੀ ਰਖਣ ਵਾਸਤੇ ਲਾਜ਼ਮੀ ਹੈ ਕਿ ਇਸ ਵਿਚ ਜਮਹੂਰੀ ਅੰਗ ਭਾਰੂ ਹੋਵੇ । ਹਰ ਕੀਮਤ 'ਤੇ ਏਕਤਾ ਦੇ ਨਾਹਰੇ ਅਤੇ ਸੰਕਲਪ ਹੇਠ ਸਭ ਕੁਝ ਕੇਂਦਰਵਾਦ ਹੀ ਬਣ ਜਾਂਦਾ ਹੈ, ਜਮਹੂਰ ਖੰਭ ਲਾ ਕੇ ਉਡ ਜਾਂਦਾ ਹੈ । ਨਿਰਾ ਕੇਂਦਰਵਾਦ ਸੁੱਧਾ ਹੀ ਇਕਾਨੋਮਿਜ਼ਮ ਹੈ । ਉਸ ਨਾਲ ਪਰੋਲਤਾਰੀ ਦੀ ਡਿਕਟੇਟਰਸ਼ਿਪ ਕਮਜ਼ੋਰ ਹੋ ਜਾਂਦੀ ਹੈ । ਹੋਰ ਮੁਲੱਖਈਏ ਨਾਲੋਂ ਵਰਕਰ ਜਮਾਤ ਨਿਖੜ ਜਾਂਦੀ ਹੈ, ਇਕੱਲੀ ਰਹਿ ਜਾਂਦੀ ਹੈ । ਮੁਲੱਖਈਏ ਉਤੇ ਰਾਜ-ਪ੍ਰਬੰਧ ਦਾ ਡੰਡਾ ਹੋਰ ਤਿੱਖਾ ਹੋ ਜਾਂਦਾ ਹੈ । ਰਾਜ-ਪ੍ਰਬੰਧ ਦੇ ਅਡੰਬਰ ਦੇ ਘਟ ਹੋਣ ਦੀ ਥਾਂ ਲੋਕਾਂ ਨੂੰ ਜੁਤੀ ਹੇਠ ਰਖਣ ਦਾ ਅਡੰਬਰ ਹੋਰ ਫੈਲ ਜਾਂਦਾ ਹੈ । ਵਸੋਂ ਪਾਰਟੀ ਦੀ ਸਿਆਸੀ ਲੀਡਰਸ਼ਿਪ ਤੋਂ ਬਾਹਰੀ ਹੋਣ ਦੀ ਤਾਂਘ ਕਰਦੀ ਹੈ । ਸੋ ਪਾਰਟੀ ਦਾ ਕੇਂਦਰਵਾਦ ਬਣਦਾ ਬਣਦਾ ਬੁਰਜੁਆ ਅੰਸਰ ਦਾ ਸੰਦ ਹੀ ਬਣ ਜਾਂਦਾ ਹੈ ।



ਪਾਰਟੀ ਦੇ ਜਮਹੂਰੀ-ਕੇਂਦਰਵਾਦ ਨੇ ਲੜਨਾ ਸੀ ਬੁਰਜੁਆ ਪੈਂਤੜੇ ਦੇ, ਬੁਰਜੁਆ ਅੰਸਰ ਦੇ ਖਿਲਾਫ਼, ਪਰ ਉਸ ਦੇ ਕੇਂਦਰਵਾਦ ਬਣਨ ਨਾਲ ਗੱਲ ਐਨ ਉਲਟੀ ਹੋ ਜਾਂਦੀ ਹੈ । 'ਵਿਰੋਧੀਆਂ ਦੀ ਏਕਤਾ' ਦੇ ਸੰਕਲਪ ਵਿਚ ਏਕਤਾ ਦੀ ਜੁਜ਼ ਦੇ ਭਾਰੂ ਹੋਣ ਦਾ ਸੰਕਲਪ ਕੇਂਦਰਵਾਦ ਦੀ, ਪਾਰਟੀ ਦੀ **monolithic** ਬਣਤਰ ਦੀ ਤਾਜਪੋਸ਼ੀ ਹੀ ਕਰਦਾ ਹੈ, ਉਸ ਨੂੰ ਬਣਾਉਂਦਾ ਨਹੀਂ । ਉਸ ਦੀ ਉਸਾਰੀ ਬਾਹਰਲੇ ਹਾਲਾਤ 'ਤੇ ਆਧਾਰਤ ਹੁੰਦੀ ਹੈ । ਜਦੋਂ ਪਾਰਟੀ ਦੇ ਹਥੋਂ ਮੁਖੀ ਵਿਰੋਧ ਦੀ ਨਬਜ਼ ਖਿਸਕ ਜਾਵੇ ਪਾਰਟੀ ਚਲਦੀ ਜਮਾਤੀ ਜਦੋ-ਜਹਿਦ ਦੀ ਅਗਵਾਈ ਕਰਨੋਂ ਅਸਮਰੱਥ ਹੋ ਜਾਂਦੀ ਹੈ । ਜਮਾਤੀ ਜਦੋ-ਜਹਿਦ ਉਸ ਤੋਂ ਅਮੋੜ ਹੋ ਕੇ ਤੁਰਨ ਲਗ ਪੈਂਦੀ ਹੈ । ਐਸੀ ਹੋਈ ਹਾਲਤ ਵਿਚ ਪਾਰਟੀ ਕੇਂਦਰਵਾਦ ਦੀ ਝੋਲੀ ਹੀ ਪੈਂਦੀ ਹੈ । ਅੰਤ ਆਪਣਾ ਜਮਾਤੀ ਜੁੱਸਾ ਗੁਆ ਬੈਠਦੀ ਹੈ । ਪਾਰਟੀ ਵਿਚ ਏਕਤਾ ਤਾਂ ਭਾਵੇਂ ਰਹੇ ਤੇ ਰਹਿੰਦੀ ਵੀ ਹੈ ਪਰ ਉਹ ਜੀ-ਹਜ਼ੂਰੀ ਦੇ ਆਧਾਰ 'ਤੇ ਹੁੰਦੀ ਹੈ, ਵਿਚਾਰਧਾਰਕ ਜਦੋ-ਜਹਿਦ ਤੋਂ ਜਨਮੀ ਨਹੀਂ ਹੁੰਦੀ । ਉਸਦਾ ਜੁੱਸਾ ਮੁਲੱਖਈਏ ਦੇ ਖਿਆਲਾਂ ਨੂੰ ਕੇਂਦਰਤ ਕਰਨ ਦਾ ਨਹੀਂ ਰਿਹਾ ਹੁੰਦਾ । ਪਾਰਟੀ ਦਾ ਮੁਲੱਖਈਏ ਨਾਲੋਂ ਟੁਟ ਕੇ ਦੂਰ ਹੋਣਾ ਅਤੇ ਉਸ ਦੀ ਅੰਦਰੂਨੀ ਬਣਤਰ ਵਿਚੋਂ ਜਮਹੂਰ ਦਾ ਖਤਮ ਹੋਣਾ ਇਕ ਹੀ ਵੇਗ ਦੇ ਦੋ ਪਹਿਲੂ ਹਨ । ਇਹ ਵੀ ਸਾਫ਼ ਹੈ ਕਿ ਪਾਰਟੀ ਮੁਲੱਖਈਏ ਨਾਲੋਂ ਦੂਰ ਹੁੰਦੀ ਹੁੰਦੀ ਲਾਜ਼ਮੀ ਉਸ ਦੇ ਵਿਰੋਧੀ ਹੋ ਜਾਂਦੀ ਹੈ । ਉਸ ਦੀਆਂ ਆਸਾਂ, ਉਮੀਦਾਂ, ਸੱਧਰਾਂ ਦੀ ਪ੍ਰਤੀਨਿਧ ਨਹੀਂ ਰਹਿੰਦੀ, ਬਲਕਿ ਅਫ਼ਸਰਸ਼ਾਹੀ ਬਣ ਬਹਿੰਦੀ ਹੈ । ਵਿਰੋਧੀ ਬਣ ਕੇ ਉਸ ਦੇ ਸਿਰ 'ਤੇ ਸਵਾਰ ਹੋ ਜਾਂਦੀ ਹੈ । ਰਾਹ ਹੀ ਦੋ ਨੇ — ਜਾਂ ਪਾਰਟੀ ਦੀ ਮੁਲੱਖਈਏ ਨਾਲ ਏਕਤਾ, ਉਸ ਨਾਲ ਨੌਂਹ-ਮਾਸ ਦਾ ਰਿਸ਼ਤਾ ਜਾਂ ਉਸ ਨਾਲੋਂ ਦੂਰੀ, ਉਸ ਦੇ ਖਿਲਾਫ਼ ਵਿਰੋਧ । ਪਾਰਟੀ ਵਾਸਤੇ ਰਾਹ ਹੀ ਦੋ ਨੇ — ਜਾਂ ਮੁਲੱਖਈਏ ਨਾਲ ਏਕਤਾ, ਨੇੜ ਜਾਂ ਉਸ ਨਾਲੋਂ ਦੂਰੀ । ਜੇ ਉਸ ਦੀ ਜਿੰਦ-ਜਾਨ ਮੁਲੱਖਈਏ ਨਾਲ ਨੇੜ ਹੈ ਤਾਂ ਉਹ ਸਮਾਜਵਾਦੀ ਰਾਹੇ ਹੈ । ਜੇ ਉਸ ਨਾਲੋਂ ਦੂਰੀ ਹੈ, ਜੇ ਉਸ ਦੀ ਬਣਤਰ ਕੇਂਦਰਵਾਦੀ ਹੈ, ਜੇ ਉਸ ਵਿਚੋਂ ਜਮਹੂਰ ਖੁਸ਼ਕ ਹੋ ਚੁਕੀ ਹੈ ਤਾਂ ਮੂੰਹੋਂ ਭਾਵੇਂ ਉਹ ਕੁਛ ਪਈ ਬੋਲੇ, ਉਹ ਬੁਰਜਵਾ ਰਾਹੇ ਹੈ । ਜੋ ਵੀ ਏਸ ਬੁਨਿਆਦੀ ਤੱਥ ਨੂੰ ਅੱਖਾਂ ਤੋਂ ਉਹਲੇ ਕਰਦਾ ਹੈ ਉਹ ਪਾਰਟੀ ਅਤੇ ਆਰਥਕ ਸਮਾਜਕ ਫਾਰਮੇਸ਼ਨ ਨੂੰ ਸਹੀ ਸਮਝਣੋਂ ਅਸਮਰੱਥ ਰਹਿੰਦਾ ਹੈ ।

ਜਦੋਂ ਪਾਰਟੀ ਮੁਲੱਖਈਏ ਨਾਲੋਂ ਨਿਖੜ ਗਈ, ਜਦੋਂ ਉਸ ਦੇ ਅੰਦਰੋਂ ਜਮਹੂਰੀ ਅੰਗ ਦਾ ਗਲ ਘੁਟਿਆ ਗਿਆ ਤਾਂ ਸਿਧਾਂਤਕ ਪੱਧਰ 'ਤੇ 'ਵਿਰੋਧੀਆਂ ਦੀ ਏਕਤਾ' ਦੇ ਸੰਕਲਪ ਵਿਚੋਂ ਏਕਤਾ ਨੇ ਵਿਰੋਧ ਦੇ ਅੰਸਰ ਨੂੰ ਹੜਪ ਕਰ ਲਿਆ । ਇਸ ਪੁਜ਼ੀਸ਼ਨ ਤੋਂ ਇਨਕਲਾਬੀ ਮਾਰਕਸਵਾਦ ਦੇ ਵਿਰੋਧੀ ਹੋਰ ਸੰਕਲਪਾਂ ਤੇ ਉਹਨਾਂ ਤੋਂ ਉਪਜਦੇ ਹੋਰ ਨਤੀਜਿਆਂ ਆਣ ਮੂੰਹ ਵਿਖਾਇਆ । ਪਾਰਟੀ ਤੇ ਸਨਅਤੀ ਮਜ਼ਦੂਰ ਜਮਾਤ, ਮੁਲੱਖਈਏ ਦੇ ਆਪਸ ਵਿਚ ਰਿਸ਼ਤੇ ਬਾਬਤ ਇਨਕਲਾਬੀ ਮਾਰਕਸਵਾਦ ਦੀ ਪੁਜ਼ੀਸ਼ਨ ਸਾਫ਼ ਹੈ । ਪਾਰਟੀ ਸਨਅਤੀ ਮਜ਼ਦੂਰ ਜਮਾਤ, ਵਿਸ਼ਾਲ ਮੁਲੱਖਈਏ, ਦਾ ਸੰਦ ਹੈ, ਉਸ ਦਾ ਦੂਸਰਾ ਰੂਪ ਨਹੀਂ । ਉਹ ਉਸ ਦੀ ਥਾਂ ਨਹੀਂ ਲੈ ਸਕਦੀ । ਪਾਰਟੀ ਤੇ ਜਮਾਤ (ਮੁਲੱਖਈਏ) ਦੇ ਦਰਮਿਆਨ ਵਿਰੋਧਾਂ ਦੇ ਪੈਦਾ ਹੋਣ ਦੀ ਸੰਭਾਵਨਾ ਹੀ ਨਹੀਂ ਹੁੰਦੀ, ਸਗੋਂ ਵਿਰੋਧ ਪੈਦਾ ਹੁੰਦੇ ਹਨ । ਅਤੇ ਉਹ ਗਹਿਰੇ ਹੋਣੋਂ ਤਾਂ ਹੀ ਰੋਕੇ ਜਾ ਸਕਦੇ ਹਨ ਜੇ ਪਾਰਟੀ ਮੁਲੱਖਈਏ ਦੀ ਲਾਇਨ 'ਤੇ ਰਹੇ । ਜਿਵੇਂ ਜਿਵੇਂ ਰੂਸੀ ਪਾਰਟੀ ਕੇਂਦਰਵਾਦੀ (monolithic) ਹੁੰਦੀ ਗਈ ਪਾਰਟੀ ਤੇ ਮੁਲੱਖਈਏ ਦੇ ਵਿਚਕਾਰ ਮੁਮਕਿਨ ਵਿਰੋਧਾਂ ਦਾ ਜ਼ਬਾਨੀ ਜਮ੍ਹਾਂ ਖਰਚ ਤਾਂ ਹੁੰਦਾ ਰਿਹਾ, ਲੈਨਿਨ ਤੋਂ ਮਗਰੋਂ ਸਟਾਲਨ ਵੀ ਇਸ ਸੰਭਾਵਨਾ ਦਾ ਜ਼ਿਕਰ ਕਰਦਾ ਰਿਹਾ ਪਰ ਪਾਰਟੀ ਦੇ ਅਮਲ ਵਿਚ ਇਸ ਵਿਰੋਧ ਵਲੋਂ

ਅੱਖਾਂ ਮੀਟੀਆਂ ਗਈਆਂ। ਪਾਰਟੀ ਤੇ ਜਮਾਤ ਇਕੋ ਹੀ ਸਮਝੀਆਂ ਜਾਣ ਲੱਗ ਪਈਆਂ। ਇਸ ਦਾ ਅਰਥ ਕੀ ਸੀ ? ਇਸ ਦਾ ਅਰਥ ਇਹ ਸੀ ਕਿ ਜੋ ਪਾਰਟੀ ਕਰਦੀ ਸੀ ਉਹ ਜਮਾਤ ਦਾ,ਮੁਲੱਖਈਏ ਦਾ ਕੀਤਾ ਹੋਇਆ ਦਸਿਆ ਤੇ ਸਮਝਿਆ ਜਾਣ ਲੱਗ ਪਿਆ, ਜਿਵੇਂ ਕਿਤੇ ਇਹ ਦੋਵੇਂ ਧਿਰਾਂ ਇਕੋ ਹੀ ਹੁੰਦੀਆਂ ਹੋਣ। ਜਿਵੇਂ ਜਿਵੇਂ 'ਵਿਰੋਧੀਆਂ ਦੀ ਏਕਤਾ' ਦੇ ਸਿਧਾਂਤ ਵਿਚ ਏਕਤਾ ਭਾਰੂ ਸਮਝੀ ਜਾਣ ਲਗ ਪਈ, ਪਾਰਟੀ ਤੇ ਜਮਾਤ ਦੀ ਏਕਤਾ ਦਾ ਸੰਕਲਪ ਵਧਦਾ ਵਧਦਾ ਮਜ਼ਬੂਤ ਹੁੰਦਾ ਗਿਆ। ਪਰੋਲਤਾਰੀ ਦੀ ਡਿਕਟੇਟਰਸ਼ਿਪ, ਸੋਵੀਅਤ ਸਟੇਟ ਦੀ ਡਿਕਟੇਟਰਸ਼ਿਪ ਤੇ ਪਾਰਟੀ ਦੀ ਡਿਕਟੇਟਰਸ਼ਿਪ ਇਕੋ ਹੀ ਗਲ ਲੱਗਣ ਲਗ ਪਈਆਂ। ਅਮਲੀ ਪੱਧਰ 'ਤੇ ਇਹਨਾਂ ਦੇ ਆਪਸ ਵਿਚ ਵਿਰੋਧਾਂ ਦਾ ਮਸਲਾ ਹੀ ਠੱਪਿਆ ਗਿਆ।[3]

ਜਦੋਂ ਜਮਾਤ ਤੇ ਪਾਰਟੀ, ਜਮਾਤ ਤੇ ਸਟੇਟ, ਸਟੇਟ ਤੇ ਪਾਰਟੀ ਦੇ ਦਰਮਿਆਨ ਵਿਰੋਧਾਂ ਉਤੇ ਸੁਹਾਗਾ ਹੀ ਫਿਰ ਗਿਆ ਤਾਂ ਅੰਦਰੂਨੀ ਵਿਰੋਧਾਂ ਦਾ ਸਮਾਜ ਵਿਚ ਚਲਦੀ ਜਮਾਤੀ ਜਦੋ-ਜਹਿਦ ਦਾ ਤਾਂ ਸਵਾਲ ਹੀ ਖਤਮ ਹੋ ਗਿਆ। ਪਰ ਪਾਰਟੀ ਦੀ ਸਮਝ ਤੇ ਉਸ ਦੇ ਸੰਕਲਪਾਂ ਦੇ ਗ਼ਲਤ ਹੋਣ ਨਾਲ ਸਮਾਜਕ ਅਸਲੀਅਤ ਤਾਂ ਬਦਲ ਨਹੀਂ ਸੀ ਜਾਣੀ। ਸਮਾਜ ਦੇ ਅੰਦਰ ਵਿਰੋਧ ਰਹੇ, ਉਹਨਾਂ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਚਲਦੀ ਰਹੀ। (ਸਿਰਫ਼ ਪਾਰਟੀ ਨੂੰ ਦਿਸਣੋਂ ਹਟ ਗਈ) ਜਦੋਂ ਐਨ. ਈ. ਪੀ. ਦੇ ਅੰਤ ਸਮੇਂ ਪਾਰਟੀ ਤੇ ਮੁਲੱਖਈਏ ਦੇ ਕਈ ਤਬਕਿਆਂ ਦੇ ਵਿਚਕਾਰ ਵਿਰੋਧ ਤਿੱਖੇ ਹੋ ਗਏ ਤਾਂ ਉਹਨਾਂ ਦੀ ਤਾਸੀਰ ਦੀ ਵਿਆਖਿਆ ਨਾ ਕੀਤੀ ਗਈ। ਪਾਰਟੀ ਨੂੰ ਇਹ ਅਹਿਸਾਸ ਹੀ ਨਾ ਹੋਇਆ ਕਿ ਇਹ ਵਿਰੋਧ ਅੰਦਰੂਨੀ ਹਨ ਅਤੇ ਇਹਨਾਂ ਦੀ ਸਮਾਜਕ ਭੋਂ ਲੱਭਣੀ ਚਾਹੀਦੀ ਹੈ। ਨਤੀਜਾ ਇਹ ਨਿਕਲਿਆ ਕਿ ਜੋ ਇਨਕਲਾਬ ਉਪਰੋਂ ਲਿਆਂਦਾ ਜਾ ਰਿਹਾ ਸੀ, ਉਹ ਹੇਠੋਂ ਲਿਆਂਦੇ ਇਨਕਲਾਬ ਦੇ ਬਰਾਬਰ ਹੀ ਸਮਝਿਆ ਗਿਆ। ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਕਿਸੇ ਨੂੰ ਰੜਕਿਆ ਹੀ ਨਾ। ਇਸ ਗ਼ਲਤੀ ਨੇ ਪਹੁੰਚਾਇਆ ਕਿਥੇ ? ਜੇ ਪਾਰਟੀ ਲੋਕਾਂ ਨਾਲੋਂ ਕੱਟੀ ਹੋਈ ਨਾ ਹੁੰਦੀ, ਜੇ ਉਹ 'ਵਿਰੋਧੀਆਂ ਦੀ ਏਕਤਾ' ਦੇ ਸਿਧਾਂਤ ਵਿਚ ਵਿਰੋਧ ਨੂੰ ਉਸ ਦਾ ਸਹੀ ਸਥਾਨ ਦੇਂਦੀ ਆਉਂਦੀ ਹੁੰਦੀ ਤਾਂ ਉਸ ਦਾ ਹੱਥ ਅੰਦਰੂਨੀ ਵਿਰੋਧਾਂ ਦੀ ਨਬਜ਼ 'ਤੇ ਹੁੰਦਾ। ਉਹ ਲੋਕਾਂ ਕੋਲੋਂ ਜਮਾਤੀ ਜਦੋ-ਜਹਿਦ ਕਰਾਉਂਦੀ ਤੇ ਉਠ ਰਹੇ, ਗਹਿਰੇ ਹੋ ਰਹੇ ਵਿਰੋਧਾਂ ਦਾ ਸਹੀ ਹਲ ਕਰਦੀ। ਪਰ ਪਾਰਟੀ ਤਾਂ ਸਟੇਟ, ਮੁਲੱਖਈਏ ਤੇ ਆਪਣੇ ਦਰਮਿਆਨ ਵਿਰੋਧਾਂ ਨੂੰ ਵੇਖਣੋਂ ਹੀ ਅਸਮਰੱਥ ਹੋ ਚੁਕੀ ਸੀ। ਉਸ ਦੇ ਅਨੁਸਾਰ ਤਾਂ ਇਹ ਵਿਰੋਧ ਮੁਮਕਿਨ ਹੀ ਨਹੀਂ ਸਨ ਰਹੇ। ਉਸ ਦੀ ਸਮਝ ਮੁਤਾਬਕ ਤਾਂ ਵਿਰੋਧਾਂ ਦਾ ਸੋਮਾਂ ਇਕ ਹੀ ਸੀ ਅਤੇ ਉਹ ਸੀ ਬਾਹਰੋਂ ਮੁਦਾਖਲਤ, ਬਾਹਰਲਿਆਂ ਦੀ ਸਾਜ਼ਿਸ਼। ਇਸ ਨਜ਼ਰੀਏ ਦਾ ਨਤੀਜਾ ਇਹ ਹੋਇਆ ਕਿ ਜਿਸ ਨੇ ਸਰਕਾਰੀ ਲਾਈਨ ਦੇ ਖ਼ਿਲਾਫ਼ ਪਾਸਾ ਵੱਟਿਆ, ਜਿਸ ਨੇ ਜ਼ਰਾ ਵੀ ਆਲੋਚਨਾ ਕਰਨ ਦਾ ਹੌਂਸਲਾ ਕੀਤਾ ਉਸ ਨੂੰ ਲੋਕਾਂ ਦਾ ਦੁਸ਼ਮਣ ਕਰਾਰ ਦੇ ਦਿੱਤਾ ਗਿਆ। ਰਾਏ ਦਾ ਇਖਤਲਾਫ ਵਿਰੋਧ ਹੋ ਗਿਆ ਤੇ ਵਿਰੋਧ ਬਾਹਰੋਂ ਆਈ ਸਾਜ਼ਸ਼ ਤੇ ਸਰਕਾਰੀ ਲਾਈਨ ਦਾ ਆਲੋਚਕ — ਬਾਹਰਲਿਆਂ ਦਾ ਏਜੰਟ। ਸਾਜ਼ਸ਼ ਦੀ ਸਜ਼ਾ ਸਪਸ਼ਟ ਸੀ। ਸਹੀ ਪਟੜੀ ਤੋਂ ਉਤਰੀ ਪਾਰਟੀ ਤੋ ਸਜ਼ਾ ਮਿਲੀ ਲੱਖਾਂ ਲੋਕਾਂ ਨੂੰ ਜੋ ਕਨਸਨਟਰੇਸ਼ਨ ਕੈਂਪਾਂ ਵਿਚ ਧੱਕੇ ਗਏ !!

ਜਦੋਂ 'ਵਿਰੋਧੀਆਂ ਦੀ ਏਕਤਾ' ਦੇ ਸਿਧਾਂਤ ਵਿਚ ਏਕਤਾ ਨੇ ਵਿਰੋਧ ਦੇ ਜੁਜ਼ ਨੂੰ ਹੜਪ ਕਰ ਲਿਆ ਅਤੇ ਹਰ ਕੀਮਤ 'ਤੇ ਪਾਰਟੀ ਦੀ ਏਕਤਾ ਰਖਣੀ ਅਮਲ ਬਣ ਗਿਆ ਤਾਂ ਇਸ ਦਾ ਨਤੀਜਾ ਇਹ ਕਢਿਆ ਗਿਆ ਕਿ ਪਾਰਟੀ ਤੇ ਮਾਰਕਸਵਾਦ,ਦੀ ਆਪਸ ਵਿਚ ਏਕਤਾ ਹੈ। ਇਹਨਾਂ ਵਿਚ ਵਿਰੋਧ



ਮੁਮਕਿਨ ਹੀ ਨਹੀਂ ਹੈ। ਅਤੇ ਇਹ ਕਿ ਪਾਰਟੀ ਹੀ ਦਸ ਸਕਦੀ ਹੈ ਕਿ ਸਿਧਾਂਤਕ ਤੌਰ 'ਤੇ ਕੀ ਠੀਕ ਹੈ ਤੇ ਕੀ ਗਲਤ। ਦੂਸਰੇ ਲਫ਼ਜ਼ਾਂ ਵਿਚ, ਸਿਧਾਂਤਕ ਲੀਡਰਸ਼ਿਪ ਵੀ ਪਾਰਟੀ ਲੀਡਰਸ਼ਿਪ ਦੇ ਹੱਥ ਚਲੀ ਗਈ ਅਤੇ ਇਸ ਮੁਆਮਲੇ ਵਿਚ ਵੀ ਪਾਰਟੀ ਲੀਡਰਸ਼ਿਪ ਕਿਸੇ ਕਿਸਮ ਦੀ ਆਲੋਚਨਾ ਤੋਂ ਬਰੀ ਹੋ ਗਈ। ਪਾਰਟੀ ਤੇ ਉਸ ਦੀ ਲੀਡਰਸ਼ਿਪ ਨਿਹਕਲੰਕ ਹੋ ਗਈ। ਤੱਥ ਪਰ ਇਸ ਦੇ ਐਨ ਉਲਟ ਹੈ। ਪਾਰਟੀ ਨਿਹਕਲੰਕ ਹੋ ਹੀ ਨਹੀਂ ਸਕਦੀ। ਪਾਰਟੀ ਗ਼ਲਤੀਆਂ ਕਰ ਸਕਦੀ ਹੈ। ਜੇ ਪਾਰਟੀ ਮਾਰਕਸਵਾਦੀ ਹੋਵੇ ਤਾਂ ਉਹ ਹੋਈਆਂ ਗਲਤੀਆਂ ਮੰਨਦੀ ਹੈ ਅਤੇ ਉਹਨਾਂ ਨੂੰ ਸੋਧਦੀ ਹੈ। ਪਾਰਟੀ ਇਨਕਲਾਬੀ ਮਾਰਕਸਵਾਦ ਦੀ ਪਟੜੀ ਤੋਂ ਵੀ ਲੱਥ ਸਕਦੀ ਹੈ। ਪਾਰਟੀ ਦੇ ਮਾਰਕਸਵਾਦ ਤੋਂ ਨਿਖੜ ਜਾਣ ਦੀਆਂ ਐਨੀਆਂ ਸੰਭਾਵਨਾਵਾਂ ਹਨ ਕਿ ਖ਼ਾਸ ਸ਼ਰਤਾਂ ਪੂਰੀਆਂ ਕਰ ਕੇ ਹੀ ਪਾਰਟੀ ਮਾਰਕਸਵਾਦੀ ਰਹਿ ਸਕਦੀ ਹੈ। ਬੁਨਿਆਦੀ ਸ਼ਰਤ ਇਹ ਹੈ ਕਿ ਪਾਰਟੀ ਮੁਲਖੱਈਏ ਦੇ ਇਨਕਲਾਬੀ ਅਮਲ ਤੋਂ ਸਿੱਖੇ, ਉਸ ਨੂੰ ਜਨਰਲਾਈਜ਼ ਕਰੇ ਤੇ ਮੁੜ ਮੁਲਖੱਈਏ ਦੀ ਅਗਵਾਈ ਕਰੇ। From the masses to the masses। ਪਾਰਟੀ ਮੁਲਖੱਈਏ ਦੀ ਆਲੋਚਨਾ ਦੇ ਹਰ ਵਕਤ ਅਧੀਨ ਰਹੇ; ਉਹਨਾਂ ਦੀ ਪਹਿਲ-ਕਦਮੀ ਨੂੰ ਜੀ-ਆਇਆਂ ਆਖੇ। ਉਹਨਾਂ 'ਤੇ ਹੁਕਮ ਨਾ ਚਲਾਵੇ, ਉਹਨਾਂ ਨੂੰ ਸਮਝਾਵੇ, ਪੜ੍ਹਾਵੇ ਤੇ ਕਦਮ ਉਹ ਉਠਾਵੇ ਜਿਨ੍ਹਾਂ ਵਾਸਤੇ ਮੁਲਖੱਈਏ ਦੀ ਭੰਨਵੀ ਬਹੁ-ਗਿਣਤੀ ਨੂੰ ਉਹ ਤਿਆਰ ਕਰ ਸਕੀ ਹੋਵੇ। ਪਾਰਟੀ ਦੀ ਲੀਡਰਸ਼ਿਪ ਦਾ ਰੈਂਕ ਐਂਡ ਫਾਈਲ ਦੀ ਕੀਤੀ ਆਲੋਚਨਾ ਵਲ ਕੰਨ ਹੋਵੇ। ਗੱਲ ਸਿੱਧੀ ਹੈ ਕਿ ਮਾਰਕਸਵਾਦ ਦਾ ਸਪਾਰਾ ਕਿਸੇ ਨੂੰ ਅਸਮਾਨੋਂ ਨਹੀਂ ਉਤਰਦਾ। ਵਿਸ਼ਾਲ ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਾਲ ਹੀ ਮਾਰਕਸਵਾਦ ਉੱਸਰਦਾ ਹੈ। ਸਹੀ ਖਿਆਲ ਵੀ ਮੁਲਖੱਈਏ ਵਿਚ ਹੀ ਹੁੰਦੇ ਹਨ ਭਾਵੇਂ ਖਿੰਡੀ ਪੁੰਡੀ ਸ਼ਕਲ ਵਿਚ, ਲੱਤ ਕਿਤੇ ਤੇ ਬਾਂਹ ਕਿਤੇ। ਪਾਰਟੀ ਨੇ ਲੋਕਾਂ ਨੂੰ ਪੜ੍ਹਾਉਣਾ ਤੇ ਹੁੰਦਾ ਹੀ ਹੈ ਪਰ ਉਹਨਾਂ ਕੋਲੋਂ, ਉਹਨਾਂ ਦੇ ਇਨਕਲਾਬੀ ਅਮਲ ਕੋਲੋਂ ਹੀ ਪੜ੍ਹ ਕੇ। ਜਦੋਂ ਇਹ ਸ਼ਰਤਾਂ ਨਾ ਰਹਿਣ, ਪਾਰਟੀ ਤੇ ਮਾਰਕਸਵਾਦ ਨਿਖੜ ਜਾਂਦੇ ਹਨ। ਪਾਰਟੀ ਦੇ ਹੱਥ ਵਿਚ ਲੋਕਾਂ ਉਤੇ ਡੰਡਾ ਵਾਹੁਣ ਨੂੰ ਹੀ ਰਹਿ ਜਾਂਦਾ ਹੈ। ਪਾਰਟੀ ਦੇ ਮਾਰਕਸਵਾਦੀ ਰਾਹੇ ਰਹਿਣ ਵਾਸਤੇ ਬੁਨਿਆਦੀ ਗੱਲ ਹੈ ਉਸ ਦੀ ਮੁਲਖੱਈਏ ਨਾਲ ਏਕਤਾ ਤੇ ਉਸ ਦੇ ਅੰਦਰ ਜਮਹੂਰ।

"ਵਿਰੋਧੀਆਂ ਦੀ ਏਕਤਾ" ਦੇ ਸਿਧਾਂਤ ਵਿਚ ਵਿਰੋਧ ਨੂੰ ਪਿੱਛੇ ਪਾਉਣ ਦਾ ਨਤੀਜਾ ਇਹ ਨਿਕਲਿਆ ਕਿ ਸਿਧਾਂਤ ਤੇ ਅਮਲ ਦਾ ਆਪਸ ਵਿਚ ਰਿਸ਼ਤਾ ਡਾਇਲੈਕਟਿਕ ਨਾ ਰਿਹਾ। ਸਿਧਾਂਤ ਤੇ ਅਸਲੀਅਤ ਦੀ ਏਕਤਾ ਹੋ ਗਈ। ਇਨਕਲਾਬੀ ਮਾਰਕਸਵਾਦ ਦੀ ਪੁਜ਼ੀਸ਼ਨ ਕੀ ਹੈ ? ਉਸ ਦੀ ਪੁਜ਼ੀਸ਼ਨ ਇਹ ਹੈ ਕਿ ਅਸਲੀਅਤ ਨੂੰ ਅਮਲੀ ਤੌਰ 'ਤੇ ਬਦਲਣ ਵਿਚੋਂ ਹੀ 'ਅਸਲੀਅਤ ਕੀ ਹੈ' ਦਾ ਪਤਾ ਲਗਦਾ ਹੈ। ਮਾਰਕਸਵਾਦ ਵਿਚ ਅਮਲ ਦੀ ਬਹੁਤ ਅਹਿਮੀਅਤ ਹੈ; ਉਸ ਦੀ ਪਹਿਲ ਹੈ। ਰੂਸੀ ਪਾਰਟੀ ਇਸ ਹੱਦ ਤਕ ਪਹੁੰਚ ਗਈ ਕਿ ਅਮਲ ਤੋਂ, ਤਜਰਬੇ ਤੋਂ ਨਿਖੜਿਆ ਸਿਧਾਂਤ ਹੀ ਇਹ ਦੱਸਣ ਦੇ ਯੋਗ ਹੈ ਕਿ ਅਸਲੀਅਤ ਕੀ ਹੈ। ਲਾਈਸੈਨਕੋ ਵਾਲਾ ਮਸਲਾ ਪਾਰਟੀ ਦੀ ਇਸ ਮਸਲੇ ਬਾਬਤ ਪੁਜ਼ੀਸ਼ਨ ਦੀ ਸੋਹਣੀ ਮਿਸਾਲ ਹੈ। ਜਦੋਂ ਨਜ਼ਰੀਆ ਹੀ ਇਹ ਬਣ ਜਾਵੇ ਕਿ ਸਿਧਾਂਤ ਨੂੰ ਅਮਲ ਤੋਂ ਸਿਖਣ ਦੀ ਲੋੜ ਹੀ ਨਹੀਂ ਅਤੇ ਉਹ ਆਪਣੇ ਆਪ ਹੀ ਸਭ ਅਗਵਾਈ ਦੇਣ ਦੇ ਯੋਗ ਹੈ ਤਾਂ ਅਮਲੀ ਤੌਰ 'ਤੇ ਗੱਲ ਪਹੁੰਚਦੀ ਕਿਥੇ ਹੈ ? ਵਰਕਰਾਂ ਉਤੇ ਮਾਹਿਰਾਂ ਦੀ, ਸਿਧਾਂਤ ਨੂੰ ਜਾਣਨ ਵਾਲਿਆਂ ਦੀ ਸਰਦਾਰੀ। ਪੈਦਾਵਾਰ ਦੇ ਰਿਸ਼ਤਿਆਂ ਵਿਚ ਇਹ ਸਪੱਸ਼ਟ ਹੀ ਬੁਰਜੂਆ ਪੁਜ਼ੀਸ਼ਨ ਹੈ।

ਪਾਰਟੀ ਮੁਲਖੱਈਏ ਨਾਲੋਂ ਟੁਟੀ। ਆਪਣੇ ਅੰਦਰੋਂ ਉਸ ਨੇ ਜਮਹੂਰ ਖਤਮ ਕੀਤੀ। ਉਹ ਕੇਂਦਰਵਾਦੀ (monolithic) ਬਣੀ। ਇਸ ਦੀ ਸਮਾਜਕ ਭੋਂ ਦਾ ਜ਼ਿਕਰ ਅਸੀਂ ਕਰ ਆਏ ਹਾਂ। ਉਹ ਅਮਲੋਂ ਇਨਕਲਾਬੀ ਮਾਰਕਸਵਾਦ ਦੇ ਵਿਰੋਧੀ ਹੋ ਤੁਰੀ। ਇਸ ਤੋਰ ਤੁਰਦੀ ਨੇ ਉਸ ਨੇ ਮਾਰਕਸਵਾਦ ਦੇ ਵਿਰੋਧੀ ਸੰਕਲਪ ਉਸਾਰਨੇ ਹੀ ਸੀ, ਸੋਈ ਉਸ ਨੇ ਉਸਾਰੇ। ਉਹਨਾਂ ਸੰਕਲਪਾਂ ਦੀਆਂ ਮਿਸਾਲਾਂ ਅਸੀਂ ਦੇ ਚੁਕੇ ਹਾਂ ਅਤੇ ਉਹਨਾਂ ਦੇ ਹੋਰ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਪਾਰਟੀ ਇਸ ਬੁਨਿਆਦੀ ਭੁਲੇਖੇ ਦੀ ਸ਼ਿਕਾਰ ਹੋ ਗਈ ਕਿ ਮਸ਼ੀਨੀ ਕੰਮ ਹੀ ਕਾਮੇ ਦੀ ਜ਼ਹਿਨੀਅਤ ਬਦਲ ਦੇਂਦਾ ਹੈ, ਕਿ ਟੈਕਨਾਲੋਜੀ ਦੀ ਵਰਤੋਂ ਨਾਲ, ਟੈਕਨਾਲੋਜੀ ਦੀ ਸਨਅਤੀ ਪੈਦਾਵਾਰ ਕਰਦਿਆਂ ਪੈਦਾਵਾਰ ਕਰਨ ਵਾਲਿਆਂ ਵਿਚ ਜਮਾਤੀ ਚੇਤਨਤਾ ਆਪਣੇ ਆਪ ਪੈਦਾ ਹੋ ਜਾਂਦੀ ਹੈ। ਸੋ ਪਾਰਟੀ ਨੇ ਪੈਦਾਵਾਰ ਵਧਾਉਣ ਨੂੰ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨੂੰ ਗੱਲ ਕੀ ਪੈਦਾਵਾਰ ਦੇ ਸਾਰੇ ਵੇਗ (ਸਨਅਤੀ ਤੇ ਖੇਤੀਬਾੜੀ ਦੋਹਾਂ ਨੂੰ) ਨੂੰ ਟੈਕਨਾਲੋਜੀ ਦੇ, ਮਸ਼ੀਨ ਦੇ, ਵੱਡੀ ਤੋਂ ਵੱਡੀ ਮਸ਼ੀਨ ਦੇ ਪਟੇ 'ਤੇ ਚੜ੍ਹਾਉਣ ਨੂੰ ਮੁਖ ਮਨੋਰਥ ਬਣਾ ਲਿਆ। ਇਸ ਵੇਗ ਤੋਂ ਇਨਕਲਾਬੀ ਚੇਤਨਤਾ ਦੇ ਆਪਣੇ ਆਪ ਪੈਦਾ ਹੋਣ ਦੀ ਆਸ ਲਾ ਲਈ। ਦੂਸਰੇ ਲਫ਼ਜ਼ਾਂ ਵਿਚ, ਜਮਾਤੀ ਚੇਤਨਤਾ ਪੈਦਾ ਕਰਨ ਦਾ ਸਾਧਨ ਮਸ਼ੀਨ ਦੀ ਵਰਤੋਂ ਨੂੰ ਮੰਨਿਆਂ ਤੇ ਬਣਾਇਆ। ਜਮਾਤੀ ਜਦੋ-ਜਹਿਦ ਨਾਲ ਲੋਕਾਂ ਨੂੰ ਇਨਕਲਾਬੀ ਪੈਂਤੜੇ 'ਤੇ ਲਿਆਉਣ ਦੀ ਲੋੜ ਨੂੰ ਉਸ ਨੇ ਸਿਰਫ਼ ਪਿੱਛੇ ਹੀ ਨਾ ਪਾਇਆ ਬਲਕਿ ਬਿਲਕੁਲ ਨਜ਼ਰ-ਅੰਦਾਜ਼ ਹੀ ਕਰ ਦਿਤਾ। ਜਮਾਤੀ ਜਦੋ-ਜਹਿਦ ਤੇ ਉਸਦੀਆਂ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਨ ਦਾ ਕਾਰਨ ਇਹ ਨਹੀਂ ਸੀ ਕਿ ਪਾਰਟੀ ਆਪਣੇ ਵਲੋਂ ਵਰਕਰਾਂ ਨੂੰ ਇਨਕਲਾਬੀ, ਮਾਰਕਸਵਾਦੀ ਹੋਇਆ ਨਹੀਂ ਸੀ ਲੋੜਦੀ। ਕਾਰਨ ਇਹ ਸੀ ਕਿ ਪਾਰਟੀ ਇਸ ਜਨੂੰਨ ਦਾ ਸ਼ਿਕਾਰ ਸੀ ਕਿ ਇਸ ਕੰਮ ਦੀ ਨਵੀਂ ਤੋਂ ਨਵੀਂ, ਕਾਢੋਂ ਸਭ ਤੋਂ ਅਗੇਤ, ਵੱਡੀ ਤੋਂ ਤੋਂ ਵੱਡੀ, ਜ਼ਿਆਦਾ ਤੋਂ ਜ਼ਿਆਦਾ ਮੈਕੇਨਾਈਜ਼ਡ ਟੈਕਨਾਲੋਜੀ ਵਿਚ ਹੀ ਪੂਰਤੀ ਦਾ ਰਾਜ਼ ਹੈ। ਪੇਂਡੂ ਦਸਤਕਾਰੀ ਤੇ ਛੋਟੀ ਮਸ਼ੀਨ ਆਦਿ ਵਾਸਤੇ ਤਾਂ ਪਾਰਟੀ ਨੂੰ ਹਕਾਰਤ ਸੀ। ਪੈਦਾਵਾਰ ਵਧਾਉਣ, ਟੈਕਨਾਲੋਜੀ ਦੀ ਵਰਤੋਂ ਦਾ ਪਲੜਾ ਐਨਾ ਭਾਰੀ ਹੋ ਗਿਆ ਕਿ ਪਾਰਟੀ ਦੇ ਮੈਂਬਰ ਬਣਨ ਦੀ ਯੋਗਤਾ ਦੀ ਵਸਤੂ ਹੀ ਬਦਲ ਗਈ। ਕੋਈ ਜ਼ਮਾਨਾ ਸੀ ਕਿ ਪਾਰਟੀ ਦਾ ਮੈਂਬਰ ਬਣਨ ਵਾਸਤੇ ਯੋਗਤਾ ਸੀ—ਬਣਨ ਵਾਲੇ ਮੈਂਬਰ ਦੀ ਜਮਾਤੀ ਪੁਜ਼ੀਸ਼ਨ, ਮਾਰਕਸਵਾਦੀ ਅਸੂਲਾਂ ਨੂੰ ਉਸ ਦੀ ਅਰਪਨਾ ਤੇ ਉਹਨਾਂ ਦੇ ਅਨੁਸਾਰ ਉਸ ਦਾ ਜੀਵਨ ਤੇ ਉਸ ਦਾ ਅਮਲ। ਹੁਣ ਵਰਕਰ ਜਮਾਤ ਤੋਂ ਬਾਹਰਲੇ ਮੈਂਬਰ ਬਣਨ ਵਾਲਿਆਂ ਵਾਸਤੇ ਇਹ ਸਭ ਕੁਝ ਭੁਲ ਭੁਲਾ ਗਿਆ। ਉਹਨਾਂ ਵਾਸਤੇ ਯੋਗਤਾ ਬਣ ਗਈ ਕਿ ਉਹ ਸਟੇਟ ਜਾਂ ਆਰਥਕਤਾ ਦੀ ਜਥੇਬੰਦੀ ਜਾਂ ਸੰਸਥਾ ਨੂੰ ਅੱਛੀ ਤਰ੍ਹਾਂ ਕਾਮਯਾਬੀ ਨਾਲ ਚਲਾਉਣ ਦੇ ਯੋਗ ਹੋਣ। ਯੋਗਤਾ ਦੀ ਇਸ ਵਸਤੂ ਦੇ ਅਨੁਸਾਰ ਬੁਰਜੂਆ ਬੁਧੀਮਾਨਾਂ, ਬੁਰਜੂਆ ਪ੍ਰਬੰਧਕਾਂ, ਬੁਰਜੂਆ ਮਾਹਿਰਾਂ ਵਾਸਤੇ ਦਰਵਾਜ਼ਾ ਚੌੜ-ਚੁਪੱਟ ਖੁਲ੍ਹ ਗਿਆ। ਉਹਨਾਂ ਬਾਬਤ ਇਹ ਪੁਛ ਗਿਛ ਹੀ ਨਾ ਰਹੀ ਕਿ ਉਹਨਾਂ ਦੀ ਜਮਾਤੀ ਪੁਜ਼ੀਸ਼ਨ ਕੀ ਹੈ, ਉਹ ਮਾਰਕਸਵਾਦੀ ਅਸੂਲਾਂ ਨੂੰ ਅਰਪਨ ਹਨ ਕਿ ਨਹੀਂ। ਇਸ ਦਾ ਨਤੀਜਾ ਸਪਸ਼ਟ ਸੀ। ਪਾਰਟੀ ਵਿਚ ਬੁਰਜੂਆ ਅੰਸਰ ਹੋਰ ਭਾਰੂ ਹੋ ਗਿਆ।

ਜਦੋਂ ਜਮਾਤੀ ਜਦੋ-ਜਹਿਦ ਨੂੰ ਪਿੱਛੇ ਪਾ ਕੇ ਵਧ ਤੋਂ ਵਧ ਪੈਦਾਵਾਰ ਮੂਲ ਮਨੋਰਥ ਹੋ ਜਾਵੇ ਪਾਰਟੀ ਵਿਚ ਬੁਰਜੂਆ ਅੰਸਰ ਦਾ ਭਾਰੂ ਹੋ ਜਾਣਾ ਲਾਜ਼ਮੀ ਹੋ ਜਾਂਦਾ ਹੈ। ਕਿਸਾਨੀ ਮੁਲਖੱਈਏ ਨਾਲੋਂ ਪਾਰਟੀ ਕਿਉਂ ਜ਼ਿਆਦਾ ਤੋਂ ਜ਼ਿਆਦਾ ਦੂਰ ਤੇ ਵਿਰੋਧੀ ਹੁੰਦੀ ਗਈ? ਉਸ ਨੂੰ ਉਪਰੋਂ



ਜਬਰਨ ਖੇਤੀਵਾੜੀ ਦੇ ਸਾਂਝੀਕਰਨ (collectivisation) ਕਰਨ ਦੀ ਲੋੜ ਕਿਉਂ ਪਈ? ਇਹ ਮੁੜ ਮੁੜ ਸਪਸ਼ਟ ਕੀਤਾ ਜਾ ਚੁਕਾ ਹੈ ਕਿ ਜਬਰ ਨਾਲ, ਸਟੇਟ ਦੇ ਜ਼ੋਰ ਨਾਲ ਉਪਰੋਂ ਸਾਂਝੀਕਰਨ ਕਰਨ ਨਾਲ ਪੈਦਾਵਾਰ ਦੇ ਰਿਸ਼ਤੇ ਕਦੀ ਵੀ ਸਮਾਜਵਾਦੀ ਨਹੀਂ ਬਣ ਸਕਦੇ ਅਤੇ ਨਾ ਹੀ ਉਹ ਬਣੇ। ਸਾਂਝੀਕਰਨ ਕਰਨ ਦੇ ਨਾਲ ਪੈਦਾਵਾਰ ਵਧਣ ਦੀ ਥਾਂ ਘਟੀ। ਸਾਂਝੀਕਰਨ ਕਰਨ ਦਾ ਅਸਲ ਕਾਰਨ ਸੀ ਕਿ ਜਿਸ ਕਿਸਮ ਦੀ ਸਨਅਤੀ ਉਸਾਰੀ ਕਰਨ ਦੇ ਰਾਹੇ ਪਾਰਟੀ ਪੈ ਗਈ ਸੀ ਉਸ ਵਾਸਤੇ ਲਾਜ਼ਮੀ ਸੀ ਕਿ ਕਿਸਾਨੀ ਤਬਕੇ ਕੋਲੋਂ ਕਰ ਲਿਆ ਜਾਂਦਾ। ਇਹ ਕਰ ਲੈਣ ਵਾਸਤੇ ਉਸ ਨੂੰ ਐਸੇ ਸ਼ਕੰਜੇ ਵਿਚ ਫਸਾਇਆ ਜਾਂਦਾ ਕਿ ਕੀਤੀ ਜਾ ਰਹੀ ਸਨਅਤੀ ਉਸਾਰੀ ਤੇ ਉਸ ਦੇ ਅਮਲੇ ਫੈਲੇ ਵਾਸਤੇ ਕਿਸਾਨੀ ਤਬਕੇ ਕੋਲੋਂ ਜਿੰਨੀ ਪੈਦਾਵਾਰ ਦੀ ਲੋੜ ਸੀ ਸਰਕਾਰ ਉਸ ਕੋਲੋਂ ਜਬਰਨ ਲੈ ਸਕਦੀ। ਕਿਸਾਨ ਤਬਕਾ ਐਸਾ ਜਕੜਿਆ ਗਿਆ ਕਿ ਉਹ ਬਿਲਕੁਲ ਰਾਜ-ਪ੍ਰਬੰਧ ਦੇ ਰਹਿਮ 'ਤੇ ਹੋ ਗਿਆ। ਸਨਅਤੀ ਉਸਾਰੀ ਦਾ ਜਿਹੜਾ ਪੈਟਰਨ ਪਾਰਟੀ ਨੇ ਅਪਣਾਇਆ ਤੇ ਉਸ ਦੇ ਵਾਸਤੇ ਜਿਹੜੀ ਸ਼ਕਲ ਖੇਤੀਬਾੜੀ ਦੇ ਸਾਂਝੀਕਰਨ ਨੇ ਅਖ਼ਤਿਆਰ ਕੀਤੀ ਉਹ ਨਾ ਸਮਾਜਵਾਦ ਦੀ ਉਸਾਰੀ ਦੇ ਕਾਨੂੰਨ ਦੀ ਦੇਣ ਸੀ ਅਤੇ ਨਾ ਮਾਰਕਸਵਾਦ ਦੇ ਅਸੂਲਾਂ ਦੇ ਅਧੀਨ। ਅਪਣਾਈ ਸਨਅਤੀ ਉਸਾਰੀ ਦੇ ਪੈਟਰਨ ਦਾ ਅਸਲਾ ਸੀ ਬੁਰਜੂਆ, ਮੁਢਲਾ ਸਰਮਾਇਆ ਇਕੱਠਾ ਕਰਨ ਵਾਲਾ, **Primitive accumulation** ਵਾਲਾ। ਮੁਢਲੇ ਸਰਮਾਏ ਨੂੰ ਇਕੱਠਾ ਕਰਨ ਵਾਸਤੇ ਲਾਜ਼ਮੀ ਸੀ ਕਿ ਵਰਕਰ ਤੇ ਕਿਸਾਨ ਤਬਕੇ ਦੀ, ਮੇਹਨਤਕਸ਼ ਤਬਕੇ ਦੀ ਰੱਤ ਪੀਤੀ ਜਾਂਦੀ। ਲਾਹੁਣੀ ਸੀ ਮੁਲਖੱਈਏ ਦੀ ਖੱਲ, ਉਸ ਵਲ ਸਟੇਟ ਦੇ non-state ਬਣਨ ਦਾ ਸਵਾਲ ਹੀ ਨਹੀਂ ਸੀ। ਸਟੇਟ ਹੋਰ ਮਜ਼ਬੂਤ ਹੋਈ। ਸਟੇਟ, ਰਾਜਪ੍ਰਬੰਧ, ਆਰਥਕਤਾ, ਪਾਰਟੀ—ਗੱਲ ਕੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਅਫ਼ਸਰਸ਼ਾਹੀ ਅਮਲਵੇਲ ਵਾਂਗ ਹੋਰ ਫੈਲੀ। ਅਤੇ ਮੁਲਖੱਈਏ 'ਤੇ ਉਹ ਜਬਰ ਤੇ ਜ਼ੁਲਮ ਹੋਏ ਕਿ ਰਹੇ ਰੱਬ ਦਾ ਨਾਂ। ਮੁਢਲੇ ਸਰਮਾਏ ਨੂੰ ਇਕੱਠਾ ਕਰਨ ਦੇ ਰਾਹੇ ਪਿਆਂ ਹੋਰ ਕੁਛ ਹੋ ਹੀ ਨਹੀਂ ਸੀ ਸਕਦਾ।

ਪਾਰਟੀ ਸਨਅਤੀ ਉਸਾਰੀ ਦੇ ਇਸ ਰਾਹੇ ਕਿਉਂ ਪਈ? ਇਕ ਫਿਕਰੇ ਵਿਚ ਕਹਿਣਾ ਹੋਵੇ ਤਾਂ ਇਹ ਕਿ ਇਹ ਜਮਾਤਾਂ ਦੀ ਤਾਕਤ ਦੇ ਤਵਾਜ਼ਨ ਦਾ ਸਵਾਲ ਸੀ। ਜਮਾਤਾਂ ਦੇ ਆਪਸ ਵਿਚ ਰਿਸ਼ਤਿਆਂ ਦਾ ਤਕਾਜ਼ਾ ਸੀ। ਇਹਨਾਂ ਰਿਸ਼ਤਿਆਂ ਵਿਚ ਬੁਨਿਆਦੀ ਰਿਸ਼ਤਾ ਸੀ—ਵਰਕਰ ਜਮਾਤ ਦਾ ਸਨਅਤੀ ਉਸਾਰੀ ਦੇ ਲੀਡਰਾਂ, ਪ੍ਰਬੰਧਕਾਂ, ਮਾਹਿਰਾਂ ਨਾਲ ਤੇ ਪਾਰਟੀ ਨਾਲ। ਸਨਅਤੀ ਪੈਦਾਵਾਰ ਦੇ ਕੇਂਦਰਾਂ ਵਿਚ ਵਰਕਰ ਹਵਾਲੇ ਕੀਤੇ ਗਏ ਸਨ ਸਨਅਤੀ ਕੇਂਦਰਾਂ ਦੇ ਪ੍ਰਬੰਧਕਾਂ / ਮਾਹਿਰਾਂ ਦੇ ਅਤੇ ਉਹਨਾਂ ਦੇ ਵਰਕਰਾਂ ਨਾਲ ਰਿਸ਼ਤੇ ਸਨ ਅਫ਼ਸਰਾਨਾ, ਬੁਰਜੂਆ। ਵਰਕਰਾਂ ਉਤੇ ਜਬਤ ਤੇ ਬੰਧੇਜ, ਡਿਸਿਪਲਿਨ ਸੀ ਬੁਰਜੂਆ। ਸੋ ਸਨਅਤੀ ਉਸਾਰੀ ਦਾ ਨਜ਼ਰੀਆ ਕੁਦਰਤੀ ਉਹ ਹੀ ਹੋਣਾ ਸੀ ਜੋ ਇਹਨਾਂ ਰਿਸ਼ਤਿਆਂ ਪੈਦਾ ਕਰਨਾ ਸੀ ਅਤੇ ਇਹ ਰਿਸ਼ਤੇ ਸੁਧੇ ਹੀ ਬੁਰਜੂਆ ਸਨ। ਏਸੇ ਕਤਾਰ ਵਿਚ ਰਿਸ਼ਤੇ ਸਨ ਸੋਵੀਅਤ ਤਾਕਤ ਕਿਸਾਨੀ ਤਬਕੇ ਤੇ ਵਰਕਰ ਜਮਾਤ ਦੇ ਆਪਸ ਵਿਚ। ਜਿਸ ਕਿਸਮ ਦੇ ਰਿਸ਼ਤੇ ਬਣੇ ਉਹ ਚਲਦੀ ਜਮਾਤੀ ਜਦੋ-ਜਹਿਦ ਦਾ ਸਿੱਟਾ ਸਨ। ਇਹਨਾਂ ਰਿਸ਼ਤਿਆਂ ਦੀ ਉਸਾਰੀ ਵਿਚ ਕੁਦਰਤੀ ਵਿਰੋਧੀ ਜਮਾਤਾਂ ਦੇ ਰਿਸ਼ਤਿਆਂ ਦੇ ਇਤਿਹਾਸ ਦਾ ਵੀ ਹਿੱਸਾ ਸੀ। ਤੇ ਉਹਨਾਂ ਦਾ ਵੀ ਜਿਨ੍ਹਾਂ ਵਿਚ ਪਾਰਟੀ, ਸਟੇਟ ਤੇ ਆਰਥਕਤਾ ਦੇ ਅਡੰਬਰਾਂ ਵਿਚ ਨਵੀਆਂ ਤਾਕਤਾਂ ਉਭਰ ਰਹੀਆਂ ਸਨ। ਇਹਨਾਂ ਵਿਚ ਇਹਨਾਂ ਜਮਾਤਾਂ ਦੇ ਆਪਸ ਵਿਚ ਵਿਚਾਰਧਾਰਕ ਰਿਸ਼ਤਿਆਂ ਦੀ ਵੀ ਦੇਣ ਸੀ। ਸਮਾਜਵਾਦੀ ਲੀਹਾਂ 'ਤੇ ਪਹਿਲਾਂ ਹੋ ਚੁਕੀ ਕਿਸੇ ਸਨਅਤੀ ਉਸਾਰੀ ਦਾ ਤਜਰਬਾ ਵੀ

ਨਹੀਂ ਸੀ। ਇਸ ਸਭ ਕੁਝ ਨੇ ਰਲਾ ਮਿਲਾ ਕੇ ਜਿਸ ਰਾਹੇ ਪਾਰਟੀ ਦੀ ਸਮਝ ਨੂੰ ਪਾਇਆ, ਤੇ ਜਿਸ ਤਰ੍ਹਾਂ ਉਸ ਨੇ ਪੇਸ਼ ਆਰਥਕ ਸਮਾਜਕ ਵਿਰੋਧਾਂ ਨੂੰ ਨਜਿੱਠਣਾ ਸਹੀ ਤੇ ਮੁਮਕਿਨ ਸਮਝਿਆ, ਉਸ ਦਾ ਇਹ ਅੰਤ ਸਿੱਟਾ ਸੀ। ਨਿੱਜੀ ਬੁਰਜੁਆਜ਼ੀ ਤਾਂ ਖ਼ਤਮ ਹੋ ਗਈ। ਵਰਕਰ ਜਮਾਤ ਦੀ ਗਿਣਤੀ ਵੀ ਬਹੁਤ ਵਧੀ। ਆਰਥਕਤਾ ਦੀ ਨਵੀਨ ਰੰਗਤ ਵੀ ਬਣੀ। ਸਨਅਤੀ ਉਸਾਰੀ ਹੋਈ। ਪਰ ਪੁਰਾਣੀ ਬੁਰਜੁਆਜ਼ੀ ਦੀ ਥਾਂ ਸਟੇਟ ਬੁਰਜੁਆਜ਼ੀ ਉੱਸਰ ਆਈ। ਜਿਸ ਕਿਸਮ ਦੀ ਸਨਅਤੀ ਉਸਾਰੀ ਵਿਢੀ ਗਈ ਸੀ (Primitive accumulation ਵਾਲੀ) ਉਸ ਦਾ ਨਤੀਜਾ ਇਹ ਹੀ ਹੋਣਾ ਸੀ। ਜਮਾਤੀ ਜਦੋ-ਜਹਿਦ ਦਾ ਤਕਾਜ਼ਾ, ਇਨਕਲਾਬੀ ਤਾਕਤਾਂ ਜਿੱਤ ਕੇ, ਇਨਕਲਾਬ ਲਿਆ ਕੇ ਅੰਤ ਨੂੰ ਹਾਰ ਗਈਆਂ ਤੇ ਇਨਕਲਾਬ ਪੂਰਾ ਨਾ ਕਰ ਸਕੀਆਂ ਤੇ ਰੂਸੀ ਫਾਰਮੇਸ਼ਨ ਬੁਰਜੁਆ ਬਣ ਗਈ। ਜਦੋਂ ਕੋਈ ਪਾਰਟੀ ਮੁਢਲੇ ਸਰਮਾਏ ਨੂੰ ਇਕੱਠਾ ਕਰਨ ਦੇ ਰਾਹੇ ਪੈ ਤੁਰੇ ਸਮਾਜਕ ਰਿਸ਼ਤਿਆਂ ਦੀ ਇਨਕਲਾਬੀ ਤਬਦੀਲੀ ਏਜੰਡੇ ਉਤੇ ਆਉਂਦੀ ਹੀ ਨਹੀਂ।

ਵਿਚਾਰਧਾਰਕ ਪੱਧਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਜਿੰਨਾਂ ਚਿਰ ਸਮਾਜ ਵਿਚ ਜਮਾਤਾਂ ਹਨ, ਇਕਾਨੋਮਿਜ਼ਮ ਨੇ ਮਾਰਕਸਵਾਦ ਦਾ ਪਿੱਛਾ ਨਾ ਕਦੇ ਛੱਡਿਆ ਹੈ, ਨਾ ਹੀ ਇਸ ਨੇ ਛੱਡਣਾ ਹੈ ਅਤੇ ਨਾ ਹੀ ਇਹ ਛੱਡ ਸਕਦਾ ਹੈ। **(ਚਲਦਾ)**

---

1. Every difference in man's concepts should be regarded as reflecting objective contradictions. Objective contradictions are reflected in subjective thought, constituting the movement in opposites of concepts, impelling the development of thought, and ceaselessly solving the problems that arise in man's thinking.

Within the Party, opposition and struggle between different ideas occur constantly. They reflect in the party the class contradiction and contradictions between the old and the new things in society. If in the party there were neither contradictions nor ideological struggles to solve them, the party's life would come to an end. Mao ; Selected Works, Vol.II.p.20

...the contradiction within the Communist Party is solved by the method of criticism and self-criticism; the contradiction between society and nature is solved by the method of developing the productive forces. Ibid,p.25

...the contradiction between correct ideology and erroneous ideologies within the Communist Party reflect in the party the class contradictions when the classes exist. Ibid, p. 51

The law of the contradiction in things, that is, the law of the unity of opposites, is the basic law of nature and society and therefore also the basic law of thought. According to the view point of dialectical materialism, contradiction exists in all processes of objective things and subjective thought and runs through all processes from beginning to end—this is the universality and absoluteness of contradictions. Ibid, p. 52

2. Comrades, none of us wishes to be right, or can be right, against his Party...I know that one cannot be right against the Party. One can be right only with the Party and through the Party. Trotsky quoted in Carr—The Interregnum, p. 363.

3. The state is the workers, the advanced section of the workers, the vanguard. We are the state. Zinoviev : The Anti-state Parties and Tendencies



ਬਿਪਿਨ ਚੰਦਰ

## ਭਾਰਤ ਵਿਚ ਮਾਰਕਸਵਾਦ—3

ਮਾਰਕਸਵਾਦ ਦੀਆਂ ਕੋਈ ਵੀ ਅਜਿਹੀਆਂ ਧਾਰਨਾਵਾਂ ਨਹੀਂ ਹਨ ਜੋ ਇਤਿਹਾਸਕ ਤੌਰ 'ਤੇ ਠੋਸ ਧਾਰਨਾਵਾਂ ਨਾ ਹੋਣ। ਮਿਸਾਲ ਦੇ ਤੌਰ 'ਤੇ ਲੈਨਿਨ ਨੇ ਇਸ ਗੱਲ ਉਪਰ ਬਾਰ ਬਾਰ ਜ਼ੋਰ ਦਿੱਤਾ ਕਿ ਮਾਰਕਸਵਾਦੀ ਧਾਰਨਾਵਾਂ ਨੂੰ ਠੋਸ ਪ੍ਰਸੰਗ ਤੋਂ ਨਿਖੇੜ ਕੇ, ਸਮੇਂ ਤੇ ਸਥਾਨ ਤੋਂ ਮੁਕਤ ਕਰ ਕੇ, ਹਰ ਮੌਕੇ 'ਤੇ ਕੰਮ ਆਉਣ ਵਾਲੇ ਫਾਰਮੂਲਿਆਂ ਵਿਚ ਨਹੀਂ ਬਦਲਿਆ ਜਾ ਸਕਦਾ। ਕਿਸੇ ਵੀ ਦੇਸ਼ ਦੀਆਂ ਵਿਸ਼ੇਸ਼ਤਾਵਾਂ (**peculiarities**) ਦਾ ਅਤੇ ਇਤਿਹਾਸਕ ਵਿਕਾਸ ਦਾ ਗਿਆਨ ਇਤਿਹਾਸਕ ਨਿਸਚਿਤਤਾ (**historical specificity**) ਦਾ ਖ਼ਾਸ ਅੰਗ ਹੁੰਦਾ ਹੈ। **1914** ਵਿਚ ਲੈਨਿਨ ਨੇ ਲਿਖਿਆ : "ਮਾਰਕਸਵਾਦੀ ਸਿਧਾਂਤ ਦੀ ਇਹ ਨਿਰਨੇਜਨਕ ਮੰਗ ਹੈ ਕਿ ਹਰ ਸਮਾਜਕ ਮਸਲੇ ਨੂੰ ਨਿਰਧਾਰਿਤ ਇਤਿਹਾਸਕ ਹੱਦਾਂ ਦੇ ਵਿਚ ਰੱਖ ਕੇ ਹੀ ਵਿਚਾਰਿਆ ਜਾਵੇ ਤੇ ਜੇਕਰ ਇਹ ਮਸਲਾ ਕਿਸੇ ਖ਼ਾਸ ਦੇਸ਼ ਨਾਲ ਸੰਬੰਧਤ ਹੈ ਤਾਂ ਉਨ੍ਹਾਂ ਵਿਸ਼ੇਸ਼ਤਾਵਾਂ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਜੋ ਉਸੇ ਕਾਲ (**epoch**) ਵਿਚ ਇਸ ਦੇਸ਼ ਨੂੰ ਬਾਕੀ ਦੇਸ਼ਾਂ ਨਾਲੋਂ ਵਖਰਾਉਂਦੀਆਂ ਹਨ।"

ਇਕ ਹੋਰ ਗੱਲ ਜਿਸ ਉਪਰ ਉਸ ਨੇ ਬਾਰ ਬਾਰ ਜ਼ੋਰ ਦਿੱਤਾ ਉਹ ਇਹ ਕਿ ਪਹਿਲਾਂ ਠੋਸ ਆਰਥਕ ਤੱਥਾਂ ਨੂੰ ਸਥਾਪਤ ਕੀਤਾ ਜਾਵੇ ਤੇ ਇਨ੍ਹਾਂ ਠੋਸ ਤੱਥਾਂ ਤੋਂ ਹੀ ਅੱਗੇ ਸਮੁੱਚੇ ਵਿਸ਼ਲੇਸ਼ਣ ਵਲ ਵਧਿਆ ਜਾਵੇ ਨਾਕਿ ਅਮੂਰਤ ਧਾਰਨਾਵਾਂ ਤੋਂ। ਪਰ ਇਹ ਕਮਾਲ ਦੀ ਗੱਲ ਹੈ ਕਿ ਲਗ ਭਗ ਪਿਛਲੇ ਪੰਜਾਹ ਸਾਲਾਂ ਤੋਂ ਭਾਰਤੀ ਮਾਰਕਸਵਾਦੀਆਂ ਨੇ ਆਪਣੇ ਪ੍ਰੋਗਰਾਮ ਅਤੇ ਪਾਲਸੀਆਂ, ਯੁਧ-ਨੀਤੀਆਂ ਅਤੇ ਦਾਅ-ਪੇਚ ਸਮਾਜਕ ਹਾਲਤਾਂ ਦਾ ਤੇ ਖ਼ਾਸ ਕਰਕੇ ਆਰਥਕ ਹਾਲਤਾਂ ਦਾ ਠੋਸ ਨਿਰਨਾ ਕੀਤੇ ਬਿਨਾਂ ਭਾਵ ਭਾਰਤ ਦਾ ਆਰਥਕ ਪੱਖ ਤੋਂ ਤੇ ਇਤਿਹਾਸਕ ਪੱਖ ਤੋਂ ਅਧਿਐਨ ਕੀਤੇ ਬਿਨਾਂ ਹੀ ਵਿਕਸਤ ਕਰ ਲਏ ਹਨ। ਆਰਥਕਤਾ ਦਾ ਜੋ ਵੀ ਵਿਸ਼ਲੇਸ਼ਨ ਕੀਤਾ ਗਿਆ ਹੈ—ਹਾਲਾਂ ਕਿ ਇਸ ਵਿਚ ਇਤਿਹਾਸਕ ਪੱਖ ਅਖੋਂ ਪਰੋਖੇ ਹੋਇਆ ਹੈ—ਉਹ ਪਾਰਟੀ ਪ੍ਰੋਗਰਾਮ ਨੂੰ ਠੀਕ ਸਿੱਧ ਕਰਨ ਲਈ ਉਸ ਦੇ ਪਿਛੋਂ ਆਇਆ (**Post-facto justification**) ਹੈ; ਨਤੀਜਿਆਂ ਉਪਰ, ਅਧਿਐਨ ਪਿਛੋਂ ਨਹੀਂ ਪਹੁੰਚਿਆ ਗਿਆ, ਸਗੋਂ ਪਹਿਲਾਂ ਹੀ ਜਾਣੇ ਪਛਾਣੇ ਨਤੀਜਿਆਂ ਉਪਰ ਪੁੱਜਣ ਲਈ ਅਧਿਐਨ ਕੀਤਾ ਗਿਆ ਹੈ[1]। ਕਈ ਵੇਰ ਕੱਚੇ ਤੇ ਗਵਾਰੂ ਪੱਧਰ ਉਪਰ ਇਹ ਅਧਿਐਨ ਭਾਰਤ ਉਪਰ, ਉਨ੍ਹਾਂ

---

1. ਇਕ ਫ਼ਰਾਂਸੀਸੀ ਮਾਰਕਸਵਾਦੀ ਚਿੰਤਕ ਇਸ ਸੋਚਣ-ਵਿਧੀ ਨੂੰ **'thinking with advance conclusions'** ਕਹਿੰਦਾ ਹੈ। —ਅਨੁਵਾਦਕ

ਦੇਸ਼ਾਂ ਜਿਨ੍ਹਾਂ ਵਿਚ ਇਨਕਲਾਬ ਹੋ ਚੁੱਕਾ ਹੈ ਦੀਆਂ ਹਾਲਤਾਂ ਦਾ ਵਿਸ਼ਲੇਸ਼ਣ ਲੰਦਨ ਦੇ ਭੁੱਲ ਹੁੰਦਾ ਹੈ। ਤੇ ਇਥੇ ਹੀ ਬੱਸ ਨਹੀਂ ! ਇਥੋਂ ਤਕ ਕਿ ਵਿਸ਼ਲੇਸ਼ਣ ਦੀ ਭਾਸ਼ਾ ਵੀ ਉਹੀ ਹੁੰਦੀ ਹੈ।

ਭਾਰਤੀ ਹਾਲਤਾਂ ਦੇ ਡੂੰਘੇ ਅਤੇ ਗੰਭੀਰ ਵਿਸ਼ਲੇਸ਼ਣ ਦੀ ਇਹ ਅਸਫਲਤਾ ਭਾਰਤੀ ਮਾਰਕਸਵਾਦੀਆਂ ਦੀ ਇਕ ਵੱਡੀ ਖ਼ਾਮੀ ਰਹੀ ਹੈ । ਕਈ ਵੇਰ ਇਸ ਖ਼ਾਮੀ ਨੂੰ 'ਅਮਲ ਦੀ ਵਡਿੱਤਣ' (supremacy of practice) ਦੀ ਗੱਲ ਹੇਠ ਛੁਪਾਉਣ ਦਾ ਯਤਨ ਵੀ ਕੀਤਾ ਜਾਂਦਾ ਹੈ। ਮਾਰਕਸਵਾਦ ਦੂਸਰੇ ਸੰਸਾਰ ਦ੍ਰਿਸ਼ਟੀਕੋਨਾਂ ਨਾਲੋਂ ਇਸ ਗੱਲੋ ਵਖ ਹੈ ਕਿ ਤਬਦੀਲੀ ਲਿਆਉਣ ਵਿਚ ਸਮਾਜਕ ਹਾਲਤਾਂ ਦੇ ਨਿਰਨੇਜਨਕ ਵਿਗਿਆਨਿਕ ਅਧਿਐਨ ਨੂੰ ਇਹ ਇਕ ਮਹੱਤਵਪੂਰਨ ਥਾਂ ਪ੍ਰਦਾਨ ਕਰਦਾ ਹੈ। ਨਤੀਜੇ ਵਜੋਂ, ਬਦਲਦੇ ਯਥਾਰਥ ਨੂੰ ਸਮਝਣ ਵਿਚ ਅਸਫਲਤਾ ਹੋਈ ਹੈ। ਕਈ ਵੇਰ ਭਾਰਤੀ ਮਾਰਕਸਵਾਦੀ ਕੇਵਲ ਉਨ੍ਹਾਂ ਘਟਨਾਵਾਂ ਦੀ ਹੀ ਸਫਲਤਾ ਨਾਲ ਵਿਆਖਿਆ ਕਰਨ ਵਿਚ ਸਫ਼ਲ ਹੋਏ ਹਨ ਜੋ 10, 15 ਜਾਂ ਵੀਹ ਸਾਲ ਪਹਿਲਾਂ ਵਾਪਰੀਆਂ ਸਨ। ਉਦੋਂ ਤਕ ਰਾਜ-ਕਰੂ ਜਮਾਤਾਂ ਦੇ ਨੁਮਾਇੰਦੇ ਇਨ੍ਹਾਂ ਤੋਂ ਕਿੰਨਾ ਕੁਝ ਸਿੱਖ ਚੁੱਕੇ ਹੁੰਦੇ ਹਨ । ਮਾਰਕਸਵਾਦ ਨੂੰ ਇਕ ਵਿਚਾਰ-ਪ੍ਰਬੰਧ ਦੇ ਤੌਰ 'ਤੇ ਅਖੋਂ-ਪਰੋਖੇ ਕਰਨ ਨਾਲ ਕਈ ਉਲਝਨਾਂ ਅਤੇ ਸ਼ੰਕੇ ਸੁਝੇ ਖੜ੍ਹੇ ਹੋਏ ਹਨ ਜਿਨ੍ਹਾਂ ਵਿਚੋਂ ਦੋ ਤਿੰਨ ਦਾ ਜ਼ਿਕਰ ਅਸੀਂ ਇਥੇ ਕਰਾਂਗੇ। ਮਿਸਾਲ ਦੇ ਤੌਰ 'ਤੇ ਭਾਰਤੀ ਮਾਰਕਸਵਾਦੀ 'ਸਟੇਟ' ਨੂੰ 'ਸਰਕਾਰ' ਤੋਂ ਵਖਰਿਆਉਣ ਵਿਚ ਲਗਾਤਾਰ ਨਾਕਾਮਯਾਬ ਹੋਏ ਹਨ। ਸਟੇਟ ਰਾਜਸੀ ਜਮਾਤਾਂ ਦੀ ਐਗਜ਼ੈਕਟਿਵ ਕਮੇਟੀ ਹੁੰਦੀ ਹੈ ਅਤੇ ਇਹ ਭਾਰੂ ਜਮਾਤਾਂ ਦੇ ਸਮੁੱਚੇ ਅਤੇ ਲੰਮੇ ਸਮੇਂ ਦੇ ਹਿੱਤਾਂ ਉਪਰ ਪਹਿਰਾ ਦਿੰਦੀ ਹੈ। ਇਹ ਸਮਾਜ ਦੇ ਕਿਸੇ ਖ਼ਾਸ ਦੌਰ ਦੇ ਦੌਰਾਨ ਇਕ ਖ਼ਾਸ ਪੜਾਅ ਉਪਰ ਕਿਸੇ ਜਮਾਤ ਜਾਂ ਜਮਾਤਾਂ ਦੀ ਬਾਕੀ ਜਮਾਤਾਂ ਉਪਰ ਮੁਖਤਾਰੀ ਦਾ ਪ੍ਰਗਟਾ ਹੁੰਦੀ ਹੈ ਜਦੋਂ ਕਿ ਸਰਕਾਰ ਜਮਾਤਾਂ, ਪਾਰਟੀਆਂ ਤੇ ਹੋਰ ਸਿਆਸੀ ਤਾਕਤਾਂ ਦਾ ਲਗਾਤਾਰ ਬਦਲਣ ਵਾਲਾ ਬਲਾਕ ਹੁੰਦੀ ਹੈ। 1832 ਤੋਂ ਪਹਿਲਾਂ ਦੀ ਬਰਤਾਨਵੀ ਬੁਰਜਵਾ ਸਟੇਟ ਦੀ ਸਰਕਾਰ ਦੇ ਰੂਪ ਵਿਚ ਅਗਵਾਈ ਅਰਧ-ਫਿਊਡਲ ਰਜਵਾੜਾਸ਼ਾਹੀ ਦੇ ਹੱਥ ਸੀ; ਅਰਧ-ਫਿਊਡਲ ਜ਼ਾਰਸ਼ਾਹੀ ਨੇ ਰੂਸ ਵਿਚ ਸਰਮਾਏਦਾਰੀ ਦੇ ਵਿਕਾਸ ਨੂੰ ਪ੍ਰਫੁਲਤ ਕੀਤਾ ਸੀ; 1851 ਵਿਚ ਫ਼ਰਾਂਸ ਦੀ ਬੁਰਜਵਾ ਸਟੇਟ ਦੀ ਵਾਗ ਡੋਰ ਪੇਟੀ-ਬੁਰਜਵਾ ਰਾਜੇ ਦੇ ਹੱਥ ਵਿਚ ਸੀ।

ਭਾਰਤੀ ਮਾਰਕਸਵਾਦੀਆਂ ਦੀ 'ਸਟੇਟ' ਦੀ ਆਚਰਨ-ਉਸਾਰੀ ਬਹੁਤੀ ਵੇਰ ਅਸਲ ਵਿਚ 'ਸਰਕਾਰ' ਦੀ ਆਚਰਨ-ਉਸਾਰੀ ਹੀ ਹੁੰਦੀ ਹੈ ਤੇ ਇੰਜ ਇਸ ਭੁਲੇਖੇ ਤੋਂ ਹੀ ਇਨਕਲਾਬ ਦੇ ਪੜਾਅ ਦੀ ਗਲਤ ਪ੍ਰੀਭਾਸ਼ਾ ਦਾ ਮੁੱਢ ਬੱਝਦਾ ਹੈ। ਦੂਸਰੇ ਪਾਸੇ ਤੋਂ ਵੇਖਿਆਂ : ਕਿਉਂਕਿ ਇਨਕਲਾਬ ਦੇ ਆਮ ਪੜਾਅ ਦੇ ਦੌਰਾਨ 'ਸਟੇਟ' ਦਾ ਆਚਰਨ ਨਹੀਂ ਬਦਲਦਾ ਜਦੋਂ ਕਿ 'ਸਰਕਾਰ' ਕਈ ਵੇਰ ਬਦਲਦੀ ਰਹਿੰਦੀ ਹੈ[2], ਭਾਰਤੀ ਮਾਰਕਸਵਾਦੀਆਂ ਦੇ 'ਸਟੇਟ' ਦੇ ਨਿਰਨੇ ਦੇ 'ਸਰਕਾਰ' ਦੇ ਨਿਰਨੇ ਨਾਲ ਘਪਲੇ ਕਾਰਨ ਉਨ੍ਹਾਂ ਦੇ 'ਸਰਕਾਰ' ਦੇ ਨਿਰਨੇ ਵੀ ਕਟੜਤਾ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਕਾਰਨ ਲਚਕੀਲੇ ਦਾਅ-ਪੇਚ ਅਪਣਾਉਣ ਦੇ ਰਾਹ ਵਿਚ ਅੜਿਚਨ ਪੈਦਾ ਹੋ ਜਾਂਦੀ ਹੈ। ਤੇ ਹੋਰ ਗੱਲ-

---

2. ਜਿਵੇਂ 'ਕਾਂਗਰਸ ਸਰਕਾਰ' ਦੀ ਤਬਦੀਲੀ 'ਜਨਤਾ ਸਰਕਾਰ' ਵਿਚ ਤੇ ਅੱਗੇ ਹੁਣ 'ਜਨਤਾ ਸਰਕਾਰ' ਦੀ ਕਿਸੇ 'ਹੋਰ ਸਰਕਾਰ' ਵਿਚ ਤਬਦੀਲੀ ਨਾਲ 'ਭਾਰਤੀ ਸਟੇਟ' ਬੁਰਜਵਾ ਹੀ ਰਹਿੰਦੀ ਹੈ, ਇਵੇਂ ਬੰਗਾਲ ਵਿਚ 'ਖੱਬੇ-ਪੱਖੀ ਸਰਕਾਰ' ਦੇ ਬਾਵਜੂਦ ਵੀ 'ਸਟੇਟ' ਦਾ ਖਾਸਾ ਬੁਰਜਵਾ ਹੀ ਰਹਿੰਦਾ ਹੈ। —ਅਨੁ:



ਅਜਿਹਾ ਘਪਲਾ ਬਦਲ ਰਹੀਆਂ ਸਰਕਾਰਾਂ ਦੇ ਰੰਗਾਂ ਅਤੇ ਉਨ੍ਹਾਂ ਦੀਆਂ ਪਾਲਸੀਆਂ ਨੂੰ ਵੀ ਚੰਗੀ ਤਰ੍ਹਾਂ ਸਮਝਣ ਤੋਂ ਅਸਮਰਥ ਰਹਿੰਦਾ ਹੈ। 'ਸਟੇਟ' ਦੇ 'ਸਰਕਾਰ' ਨਾਲ ਪਏ ਭੁਲੇਖੇ ਕਾਰਨ ਇਸ ਸਮਝ ਦਾ ਜਨਮ ਹੁੰਦਾ ਹੈ ਕਿ 'ਸਰਕਾਰ' ਦੀਆਂ ਪਾਲਸੀਆਂ ਅਤੇ ਆਧਾਰ ਸਥਿਰ ਹਨ ਤੇ ਇੰਜ 'ਸਰਕਾਰ' ਦੀਆਂ ਪਾਲਸੀਆਂ ਵਿਚ ਸਾਰੀਆਂ ਤਬਦੀਲੀਆਂ, ਜਿਨ੍ਹਾਂ ਨੂੰ ਇਕ ਮਾਰਕਸਵਾਦੀ ਸਾਧਾਰਨ ਤੌਰ 'ਤੇ ਭਾਰੂ ਜਮਾਤਾ ਦੇ ਆਪਸ ਵਿਚ, ਜਾਂ ਉਨ੍ਹਾਂ ਸਾਰੀਆਂ ਦਾ ਵਿਰੋਧੀ ਜਮਾਤਾਂ ਦੇ ਸੰਬੰਧਾਂ ਵਿਚ ਆਈਆਂ ਤਬਦੀਲੀਆਂ ਦੇ ਨਵੇਂ ਤੋਲ ਦਾ ਨਤੀਜਾ ਸਮਝੇਗਾ, ਨੂੰ ਰਾਜ-ਕਰੂ ਜਮਾਤਾਂ ਦੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਚਾਲ ਸਮਝਿਆ ਜਾਂਦਾ ਹੈ । ਇੰਜ ਵਿਅੱਕਤੀਆਂ ਦੀ ਸਾਜ਼ਿਸ਼ ਕਾਰਨ ਜਮਾਤਾਂ ਸਾਜ਼ਿਸ਼ੀ ਹੋ ਨਿਬੜਦੀਆਂ ਹਨ। ਪਰ ਤਾਂ ਵੀ ਸਾਰੀਆਂ ਵਿਆਖਿਆਵਾਂ ਦਾ ਆਧਾਰ 'ਇਤਿਹਾਸ ਦਾ ਸਾਜ਼ਿਸ਼ੀ ਸਿਧਾਂਤ' ਹੀ ਰਹਿੰਦਾ ਹੈ। ਮੈਂ ਸਮਕਾਲੀ ਇਤਿਹਾਸ ਵਿਚੋਂ ਇਕ ਹੋਰ ਮਿਸਾਲ ਦੇਣੀ ਚਾਹਾਂਗਾ। ਇਹ 1969 ਵਿਚ ਕਾਂਗਰਸ ਵਿਚ ਪਈ ਫੁਟ ਦੀ ਸਮਝ ਬਾਰੇ ਹੈ। ਲਗ ਭਗ ਹਰ ਮਾਰਕਸਵਾਦੀ ਜਾਂ ਮਾਰਕਸਵਾਦੀ ਪਾਰਟੀ ਨੂੰ ਆਪਣੇ ਪਹਿਲਾਂ ਦੇ ਐਲਾਨੇ ਪੈਂਤੜਿਆਂ ਦੇ ਉਲਟ ਠੋਸ ਸਿਆਸੀ ਪੈਂਤੜਾ ਅਪਨਾਉਣਾ ਪਿਆ, ਤਾਂ ਵੀ ਅਜਿਹਾ, ਫੁਟ ਵਿਚਲੇ ਗਰੁੱਪਾਂ ਦਾ ਠੋਸ ਜਮਾਤੀ ਤੇ ਸਿਆਸੀ ਨਿਰਨਾ ਕੀਤੇ ਬਿਨਾਂ ਹੀ ਕੀਤਾ ਗਿਆ। ਸਭ ਦਾ ਪ੍ਰਤੀਕਰਮ ਵਿਵਹਾਰਵਾਦੀ ਸੀ ਤੇ ਉਸ ਪਿਛੇ ਸਿਧਾਂਤਕ ਅਗਵਾਈ ਦਾ ਕੋਈ ਅਸੂਲ ਨਹੀਂ ਸੀ । ਇਹ ਪੈਂਤੜਾ ਲੈਣ ਵਿਚ ਕੁਝ ਕੁ ਹੱਥ 'ਸਟੇਟ'-'ਸਰਕਾਰ' ਵਾਲੇ ਘਪਲੇ ਦਾ ਵੀ ਸੀ । ਸਮਾਜੀ ਜਮਾਤਾਂ, ਸਿਆਸੀ ਪਾਰਟੀਆਂ ਅਤੇ ਸਿਆਸਤ ਵਿਚ ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਸਮਝਣ ਦੀ ਅਸਫਲਤਾਈ ਸਾਡੀ ਸਿਧਾਂਤਕ ਗਰੀਬੀ ਨਾਲ ਜੁੜੀ ਹੋਈ ਹੈ। ਕੇਵਲ ਗੁੰਝਲਦਾਰ ਸਮਾਜਕ ਵਰਤਾਰੇ ਦੀ ਬਰੀਕ ਸਮਝ ਹੀ ਮਾਰਕਸਵਾਦੀਆਂ ਨੂੰ ਇਸ ਯੋਗ ਬਣਾਵੇਗੀ ਕਿ ਉਹ ਇਹ ਦੇਖ ਤੇ ਸਮਝ ਸਕਣ ਦੇ ਯੋਗ ਹੋਣ ਕਿ ਸਰਕਾਰਾਂ ਰਾਜ ਕਰ ਰਹੀਆਂ ਜਮਾਤਾਂ ਵਿਚਲੇ ਕੁਝ ਕੁ ਵਿਅਕਤੀਗਤ ਜਾਂ ਗਰੁੱਪ ਹਿੱਤਾਂ ਦੇ ਖ਼ਿਲਾਫ਼ ਜਾਣ ਦੀ ਯੋਗਤਾ ਵੀ ਰਖਦੀਆਂ ਹਨ। ਕਈ ਵੇਰ ਸਾਰੀ ਭਾਰੂ ਜਮਾਤ ਦੇ ਥੋੜ੍ਹ-ਚਿਰੇ ਹਿੱਤ ਦੇ ਖ਼ਿਲਾਫ਼ ਵੀ ਜਾ ਸਕਦੀਆਂ ਹਨ ਤੇ ਇਥੋਂ ਤੱਕ ਕਿ ਹੇਠੋਂ ਲੋਕਾਂ ਦਾ ਤਕੜਾ ਦਬਾ ਪਵੇ ਤਾਂ ਰਾਜਸੀ ਜਮਾਤਾਂ ਵਿਚਲੇ ਛੋਟੇ ਭਾਈਵਾਲ ਗਰੁੱਪਾਂ ਦੇ ਲੰਮੇ ਸਮੇਂ ਲਈ ਹਿੱਤਾਂ ਨੂੰ ਵੀ ਕੁਰਬਾਨ ਕਰ ਸੱਕਣ ਦੀ ਸਮਰਥਾ ਰਖਦੀਆਂ ਹਨ।

ਭਾਰਤੀ ਮਾਰਕਸਵਾਦੀ ਸਾਹਿਤ ਤੋਂ ਇਸ ਗੱਲ ਦਾ ਵੀ ਪਤਾ ਨਹੀਂ ਲੱਗੇਗਾ ਕਿ ਕਿਵੇਂ ਕੋਈ ਸਮਾਜੀ ਜਮਾਤ, ਮਿਸਾਲ ਵਜੋਂ ਸਰਮਾਏਦਾਰੀ, ਇਕ ਸਿਆਸੀ ਪਾਰਟੀ ਨੂੰ ਕੰਟਰੋਲ ਕਰਦੀ ਹੈ। ਆਮ ਸੂਝ-ਬੂਝ ਇਹੀ ਹੈ ਕਿ ਅਜਿਹਾ ਲੀਡਰਾਂ ਨੂੰ ਵੱਢੀ ਦੇ ਕੇ ਕੀਤਾ ਜਾਂਦਾ ਹੈ, ਉਨ੍ਹਾਂ ਦੀਆਂ ਅਲੈਕਸ਼ਨ ਮੁਹਿੰਮਾਂ 'ਤੇ ਪੈਸਾ ਖਰਚਿਆ ਜਾਂਦਾ ਹੈ ਤੇ ਹੋਰ ਵੀ ਕਈ ਹੱਥ-ਕੰਡੇ ਵਰਤੇ ਜਾਂਦੇ ਹਨ। ਹਾਲਾਂ ਕਿ ਇਹ ਸਭ ਕੁਝ ਜ਼ਰੂਰ ਹੁੰਦਾ ਹੈ ਪਰ ਤਾਂ ਵੀ ਮਸਲੇ ਦਾ ਇਹ ਕੇਂਦਰੀ ਨੁਕਤਾ ਨਹੀਂ। ਸਰਮਾਏਦਾਰੀ ਜਮਾਤ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੀਆਂ ਲੀਡਰਸ਼ਿਪਾਂ ਨੂੰ ਸਮੁੱਚੀ ਆਰਥਕਤਾ ਉਪਰ ਆਪਣੇ ਕੰਟਰੋਲ ਰਾਹੀਂ ਹੀ ਕਾਬੂ ਵਿਚ ਰਖਦੀਆਂ ਹਨ। ਇਹ ਕਿਸੇ ਵੀ ਰਾਜ ਨੂੰ ਕੁਝ ਦੇਰ ਲਈ 'ਦੜ ਵੱਟ' ਕੇ ਬੈਠਣ ਨਾਲ ਹੀ ਗੋਡਿਆਂ ਪਰਨੇ ਕਰ ਸਕਣ ਦੀ ਸਮਰੱਥਾ ਰਖਦੀਆਂ ਹਨ ਤੇ ਇੰਜ ਸਰਮਾਏਦਾਰੀ ਜਮਾਤ ਸਿਆਸੀ ਲੀਡਰਸ਼ਿਪ ਨੂੰ ਉਨ੍ਹਾਂ ਦੇ ਹਿੱਤਾਂ ਵਲ ਧਿਆਨ ਦੇਣ ਲਈ ਮਜਬੂਰ ਕਰ ਦਿੰਦੀ ਹੈ। ਕੋਈ ਸਿਆਸੀ ਲੀਡਰਸ਼ਿਪ ਅਜਾਰੇਦਾਰਾਂ ਅੱਗੇ ਇਸ ਲਈ ਲਮਲੇਟ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਕੋਲ ਰੁਪੈਆਂ ਦੀਆਂ ਬੋਰੀਆਂ ਹਨ, ਸਗੋਂ ਇਸ ਕਰਕੇ ਕਿ

ਆਰਥਕਤਾ ਉਪਰ ਉਨ੍ਹਾਂ ਦੀ ਜਕੜ ਬਹੁਤ ਪੀਡੀ ਹੁੰਦੀ ਹੈ ।[8]

ਭਾਰਤੀ ਮਾਰਕਸਵਾਦੀਆਂ ਦੀ ਸਿਆਸਤ ਪ੍ਰਤੀ ਜਮਾਤੀ ਦ੍ਰਿਸ਼ਟੀਕੋਨ ਅਪਨਾਉਣ ਦੀ ਅਸਫਲਤਾ ਦੀ ਇਕ ਹੋਰ ਦਿਲਚਸਪ ਮਿਸਾਲ ਇਹ ਹੈ ਕਿ ਉਨ੍ਹਾਂ ਦੇ ਸਿਆਸੀ ਅਤੇ ਸਮਾਜੀ ਵਿਸ਼ਲੇਸ਼ਣ ਵਿਚ ਸੰਕਲਪ 'ਪੈਟੀ-ਬੁਰਜਵਾ' ਆਉਣੋਂ ਹੀ ਹਟ ਗਿਆ ਹੈ । ਭਾਰਤੀ ਮਾਰਕਸਵਾਦੀ ਲਿਖਤਾਂ ਵਿਚੋਂ ਗੁਜ਼ਰਦਿਆਂ ਇਸ ਗੱਲ ਦਾ ਪਤਾ ਤਕ ਨਹੀਂ ਲੱਗੇਗਾ ਕਿ ਕਿਹੜੀਆਂ ਪਾਰਟੀਆਂ, ਕਿਹੜੇ ਗਰੁੱਪ ਜਾਂ ਪਾਲਸੀਆਂ ਸ਼ਹਿਰੀ ਤੇ ਪੇਂਡੂ ਪੈਟੀ-ਬੁਰਜਵਾ ਜਮਾਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ । ਇਨ੍ਹਾਂ ਲਿਖਤਾਂ ਤੋਂ ਕਦੀ ਵੀ ਇਹ ਪ੍ਰਭਾਵ ਨਹੀਂ ਪਵੇਗਾ ਕਿ ਪਿਛਲੇ ਪੰਜਾਹ ਸਾਲਾਂ ਤੋਂ ਭਾਰਤ ਵਿਚ ਪੈਟੀ-ਬੁਰਜਵਾ ਬਹੁਤ ਸਰਗਰਮ, ਸ਼ਾਇਦ ਸਭ ਤੋਂ ਵਧੇਰੇ ਸਰਗਰਮ, ਜਮਾਤ ਰਹੀ ਹੈ ਤੇ ਅੱਜ ਵੀ ਹੈ । ਅੱਜ ਹਰ ਜਮਾਤ ਤੇ ਸਿਆਸੀ ਤਾਕਤ ਪੈਟੀ-ਬੁਰਜਵਾ ਦੀ ਸਿਆਸਤ ਉਪਰ ਮੁਖਤਾਰੀ ਕਾਇਮ ਕਰਨ ਦੇ ਸਿਰਤੋੜ ਜਤਨ ਵਿਚ ਹੈ ਤੇ ਇਸ ਦੇ ਸਿਆਸੀ ਪ੍ਰਭਾਵ ਤੇ ਸ਼ਕਤੀ ਨੂੰ ਆਪਣੇ ਹਿੱਤਾਂ ਲਈ ਜੋੜਨਾ ਚਾਹੁੰਦੀ ਹੈ । ਅਸਲ ਵਿਚ 1947 ਤੋਂ ਪਹਿਲਾਂ ਭਾਰਤੀ ਬੁਰਜੁਆਜ਼ੀ ਦੋਵੇਂ ਗੱਲਾਂ ਕਰਨ ਵਿਚ ਕਾਮਯਾਬ ਹੋਈ ਹੈ :

ਸਾਮਰਾਜ ਵਿਰੁਧ ਜਦੋ-ਜਹਿਦ ਕਰਨ ਵਿਚ ਤੇ ਇਸ ਜਦੋ-ਜਹਿਦ ਨੂੰ ਬੁਰਜਵਾ ਸੀਮਾਵਾਂ ਦੇ ਅੰਦਰ ਰੱਖਣ ਵਿਚ । ਤੇ ਅਜਿਹਾ ਇਹ ਪੈਟੀ-ਬੁਰਜਵਾ ਸਿਆਸਤ ਉਪਰ ਮੁਖਤਾਰੀ ਕਾਇਮ ਕਰ ਕੇ

---

3. ਲੰਡਨ ਵਿਚ ਸਤੰਬਰ 1931 ਵਿਚ ਹੋਈ ਦੂਸਰੀ ਗੋਲ ਮੇਜ਼ ਕਾਨਫ਼ਰੰਸ ਸਮੇਂ ਇਕ ਸ਼ਖ਼ਸ ਨੇ ਹੇਠਾਂ ਲਿਖੀਆਂ ਗੱਲਾਂ ਆਪਣੀ ਡਾਇਰੀ ਵਿਚ ਨੋਟ ਕੀਤੀਆਂ : "ਇਹ ਜ਼ਰੂਰੀ ਸਮਝ ਲੈਣਾ ਚਾਹੀਦਾ ਹੈ ਕਿ ਇੰਗਲੈਂਡ ਵੀ ਇਕ ਨਹੀਂ, ਦੋ ਹਨ । ਇਕ ਇੰਗਲੈਂਡ ਦਬਿਆਂ ਕੁਚਲਿਆਂ ਦਾ ਹੈ, ਸਧਾਰਨ ਗਰੀਬਾਂ ਦਾ ਹੈ, ਦਰਿੱਦਰ-ਨਰਾਇਣ ਦਾ ਹੈ ਜੋ ਗਾਂਧੀ ਜੀ ਨੂੰ ਗਰਮ-ਜੋਸ਼ੀ ਨਾਲ ਜੀ-ਆਇਆਂ ਆਖ ਰਿਹਾ ਹੈ, ਜਿਸ ਦੀ ਭਾਰਤ ਨਾਲ ਕੋਈ ਦੁਸ਼ਮਣੀ ਨਹੀਂ ਤੇ ਜਿਸ ਦੀ ਆਵਾਜ਼ ਨੂੰ ਭਾਰਤੀ ਮਸਲਿਆਂ ਵਿਚ ਕੋਈ ਸੁਣਵਾਈ ਪ੍ਰਾਪਤ ਨਹੀਂ । ਦੂਸਰਾ ਇੰਗਲੈਂਡ ਰਾਜ-ਕਰੂ ਜਮਾਤ (ਧਨਾਢ ਸੇਠਾਂ) ਦਾ ਹੈ ਜਿਨ੍ਹਾਂ ਦੇ ਹੱਥਾਂ ਵਿਚ ਅਸਲੀ ਸੱਤਾ ਹੈ । ਅਸੀਂ ਇਹ ਕਹਿ ਸਕਦੇ ਹਾਂ ਕਿ ਜੇਕਰ ਇਸ ਜਮਾਤ ਦੇ ਦਸ ਮੈਂਬਰ ਵੀ ਭਾਰਤ ਨੂੰ ਆਜ਼ਾਦੀ ਦੇਣਾ ਚਾਹੁੰਣ ਤਾਂ ਉਹ ਦੇ ਸਕਦੇ ਹਨ । ਉਨ੍ਹਾਂ ਲੋਕਾਂ ਦੀ, ਜੋ ਗਾਂਧੀ ਜੀ ਦਾ ਸੁਆਗਤ ਕਰ ਰਹੇ ਹਨ, ਗਿਣਤੀ ਹਜ਼ਾਰਾਂ ਵਿਚ ਹੈ ਪਰ ਉਹ ਸੱਤਾਹੀਨ ਹਨ । ਸਟੇਟ-ਸੱਤਾ ਧਨਾਢ ਸਰਮਾਏਦਾਰਾਂ ਦੇ ਹੱਥਾਂ ਵਿਚ ਹੈ । ਤੇ ਇਹ ਸਭ ਚਲਦਾ ਹੈ 'ਲੇਬਰ ਪਾਰਟੀ' ਅਤੇ 'ਲੇਬਰ ਸਰਕਾਰ' ਦੇ ਨਾਂ ਉਪਰ । ਜਦੋਂ 'ਲੇਬਰ ਪਾਰਟੀ' ਜਾਂ 'ਸਰਕਾਰ' ਚੂੰ-ਚਾਂ ਕਰਦੀ ਹੈ, ਦੱਸੇ ਰਾਹ ਤੋਂ ਇਧਰ ਉਧਰ ਖਿਸਕਣ ਲੱਗਦੀ ਹੈ ਤਾਂ ਸਰਮਾਏਦਾਰ ਇਸ ਨੂੰ ਕਰਜ਼ੇ ਦੇਣੇ ਬੰਦ ਕਰ ਦਿੰਦੇ ਹਨ ਤੇ ਇੰਜ ਮੈਕਡੋਨਲਡ ਦੀ ਇਕਦਮ ਹੋਸ਼ ਟਿਕਾਣੇ ਆ ਜਾਂਦੀ ਹੈ । ਠੀਕ ਹੈ, ਗਰੀਬ ਜੀ-ਆਇਆਂ ਆਖ ਰਹੇ ਹਨ, ਇਹ ਚੰਗੀ ਗੱਲ ਹੈ, ਪਰ ਹਾਕਮਾਂ ਦੀ ਨੀਅਤ ਮਾੜੀ ਨਜ਼ਰ ਆਉਂਦੀ ਹੈ ।" ਭਲਾ ਇਹ ਸ਼ਖ਼ਸ਼ ਕੌਣ ਸੀ ? ਇਸ ਦਾ ਨਾਂ ਘਣਸ਼ਾਮ ਦਾਸ ਬਿਰਲਾ ਹੈ ਤੇ ਇਹ ਸਤਰਾਂ ਉਸ ਦੀ ਪੁਸਤਕ 'ਡਾਇਰੀ ਦੇ ਪੰਨੇ' ਵਿਚੋਂ ਹਨ । ਇਸ ਭਾਰਤੀ ਸਰਮਾਏਦਾਰ ਨੇ ਬੜੀ ਜਲਦੀ ਹੀ ਸਟੇਟ ਸੱਤਾ, ਰਾਜਸੀ ਜਮਾਤਾਂ, ਤੇ ਉਸ ਜੁਗਤ (**mechanism**) ਦੇ ਸੁਭਾਅ ਨੂੰ ਗ੍ਰਹਿਣ ਕਰ ਲਿਆ ਸੀ ਜਿਸ ਰਾਹੀਂ ਸਭ ਤੋਂ ਵਿਕਸਤ ਦੇਸ਼ ਦੀ ਬੁਰਜੁਆਜ਼ੀ ਰਾਜਸੀ ਸੱਤਾ ਉਪਰ ਆਪਣਾ ਕੰਟਰੋਲ ਰੱਖ ਰਹੀ ਸੀ । —ਲੇਖਕ



ਹੀ ਕਰ ਸਕੀ ਹੈ । ਸੀਮਤ ਜ਼ਮੀਨੀ ਸੁਧਾਰਾਂ ਤੋਂ ਲੈ ਕੇ ਬੈਂਕਾਂ ਦੇ ਕੌਮੀਕਰਨ ਕਰਨ ਤੱਕ, ਯੂਨੀਵਰਸਿਟੀਆਂ ਦੇ 'ਅਸੀਮਤ' ਵਾਧੇ ਤੋਂ ਲੈ ਕੇ ਸਰਕਾਰੀ ਤੇ ਪਬਲਿਕ ਸੈਕਟਰ ਦੇ ਛੋਟੇ-ਵੱਡੇ ਬਾਬੂਆਂ ਦੀਆਂ ਤਨਖਾਹ-ਸਕੇਲਾਂ ਵਧਾਉਣ ਤੱਕ, ਕਿਸਾਨੀ ਰੋਸਾਂ ਨੂੰ ਸਖਤੀ ਨਾਲ ਕੁਚਲਣ ਤੋਂ ਲੈ ਕੇ ਭਾਸ਼ਾਈ ਐਜੀਟੇਸ਼ਨਾਂ (linguistic agitations) ਤੇ ਵਿਦਿਆਰਥੀ ਅੰਦੋਲਨਾਂ ਵਲ ਰਿਆਇਤਾਂ-ਦੇਊ ਵਤੀਰਾ ਧਾਰਨ ਕਰਨ ਤੱਕ, ਸਭ ਸਾਨੂੰ 1947 ਤੋਂ ਬਾਅਦ ਬੁਰਜਵਾ ਸਰਕਾਰ ਦੇ ਇਸ (ਪੈਟੀ-ਬੁਰਜਵਾ) ਭਮੂਕਾ ਤੇ ਸਿਆਸੀ ਲਾਗ ਲੱਗੀ ਹੋਈ ਜਮਾਤ ਨੂੰ ਠੀਕ ਲਾਈਨ 'ਤੇ ਰੱਖਣ ਦੇ ਯਤਨ ਨਜ਼ਰ ਆਉਣਗੇ । ਕੁਝ ਬੁਰਜਵਾ ਬੁਧੀਜੀਵੀਆਂ ਵਾਂਗ ਮਾਰਕਸਵਾਦੀ, ਸ਼ਬਦ 'ਪੈਟੀ' ਨੂੰ 'ਪੈਟੀ-ਬੁਰਜਵਾ' ਨੂੰ ਅਤਿ-ਘਟੀਆ ਕਿਸਮ ਦੀ ਜਮਾਤ ਦਰਸਾਉਣ ਲਈ ਨਹੀਂ ਵਰਤਦੇ । ਉਨ੍ਹਾਂ ਲਈ ਪੈਟੀ-ਬੁਰਜਵਾ ਨਾ ਹੋ ਕੇ ਸਗੋਂ ਬੁਰਜੁਆ ਹੋਣਾ ਮਾੜੀ ਗੱਲ ਹੈ ਕਿਉਂਕਿ ਸੰਕਲਪ ਪੈਟੀ ਬੁਰਜਵਾ ਲੋਕਾਂ ਦੇ ਕੈਂਪ ਵਿਚ ਹੋਣ ਦਾ ਸੰਕਲਪ ਹੈ ਜਦੋਂ ਕਿ ਬੁਰਜੁਆ ਹੋਣ ਤੋਂ ਭਾਵ ਲੋਕਾਂ ਦੇ ਦੁਸ਼ਮਣ ਕੈਂਪ ਵਿਚ ਹੋਣਾ ਹੈ । ਮਾਰਕਸਵਾਦੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਜਮਾਤ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਨ, ਇਸ ਦੇ ਹਿੱਤਾਂ ਤੇ ਇਸ ਦੀ ਸਿਆਸਤ ਦਾ ਆਪਣੀ ਸਿਆਸਤ ਨਾਲੋਂ ਨਿਖੇੜਾ ਕਰਨ ।

ਇਹ ਭਾਰਤੀ ਮਾਰਕਸਵਾਦੀਆਂ ਦੀ ਕਮਜ਼ੋਰੀ ਕਾਰਨ ਹੀ ਹੋਇਆ ਕਿ ਉਨ੍ਹਾਂ ਨੇ ਕਈ ਗੈਰਜ਼ਰੂਰੀ ਤੇ ਬੇਮਤਲਬ ਸਵਾਲਾਂ ਉਪਰ ਬਹਿਸ ਛੇੜੀ ਰਖੀ ਹੈ । 1947 ਤੋਂ ਪਹਿਲਾਂ ਮਾਰਕਸਵਾਦੀਆਂ ਨੇ ਆਪਣੀ ਸਿਆਸਤ ਦੇ ਇਨਕਲਾਬੀ ਤੱਤਾਂ ਨੂੰ ਗਾਂਧੀ ਦੀ ਸਿਆਸਤ ਨਾਲੋਂ ਕੇਵਲ ਹਿੰਸਾ-ਅਹਿੰਸਾ ਦੇ ਸਵਾਲ ਉਪਰ ਹੀ ਵਖ ਦੱਸਿਆ, ਹਾਲਾਂ ਕਿ ਉਨ੍ਹਾਂ ਦੀ ਸਿਆਸਤ ਦਾ ਗਾਂਧੀ ਦੀ ਸਿਆਸਤ ਨਾਲੋਂ ਅੰਤਰ ਕੌਮੀ ਲਹਿਰ ਅੰਦਰ ਲੋਕਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦੇ ਰੋਲ ਅਤੇ ਜਨਤਕ ਐਕਸ਼ਨਾਂ ਦੀ ਮਹੱਤਤਾ ਬਾਰੇ ਸੀ, ਨਾ ਕਿ ਹਿੰਸਾ ਜਾਂ ਅਹਿੰਸਾ ਕਰਕੇ । 1947 ਤੋਂ ਬਾਅਦ ਉਨ੍ਹਾਂ ਨੇ ਇਕ ਹੋਰ ਬੇਮਤਲਬ ਸੁਆਲ—"ਪਾਰਲੀਮੈਂਟਰੀ ਕੰਮ—ਗੈਰ-ਪਾਰਲੀਮੈਂਟਰੀ ਕੰਮ"—ਉਪਰ ਆਪਣੀਆਂ ਸਫ਼ਾਂ ਵਿਚ ਵੰਡੀਆਂ ਪਾ ਲਈਆਂ । ਦੋਹਾਂ ਹਾਲਤਾਂ ਵਿਚ ਉਨ੍ਹਾਂ ਨੇ ਮਾਰਕਸ, ਏਂਗਲਜ਼ ਤੇ ਖ਼ਾਸ ਕਰ ਲੈਨਿਨ ਦੀਆਂ ਲਿਖਤਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ।

ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਬੁਰਜੁਆ ਸਿਆਸੀ ਵਿਚਾਰਵਾਨ ਵੀ ਅਜਿਹੇ ਵਿਰੋਧ ਰਾਹੀਂ ਆਪਣੀ ਸਿਆਸਤ ਨੂੰ ਮਾਰਕਸਵਾਦੀ ਸਿਆਸਤ ਤੋਂ ਵਖਰਾਉਂਦੇ ਹਨ । ਸਭ ਤੋਂ ਵੱਡੀ ਗੱਲ ਇਹ—ਤੇ ਇਹ ਬਿਲਕੁਲ ਸਪਸ਼ਟ ਹੈ ਕਿ ਉਹ ਸਿਆਸੀ ਪਾਰਟੀ ਜਾਂ ਕਾਰਕੁਨ ਜੋ ਲੋਕਾਂ ਨੂੰ ਮਿਲੀਟੈਂਟ ਅਹਿੰਸਾਵਾਦੀ ਸਿਆਸਤ ਨਾਲ ਸਰਗਰਮ ਕਰ ਕੇ ਸਿਆਸਤ ਦੇ ਘੇਰੇ ਵਿਚ ਨਹੀਂ ਲਿਆ ਸਕਦੇ, ਉਹ ਲੋਕਾਂ ਨੂੰ ਹਿੰਸਾਵਾਦੀ ਸਿਆਸਤ ਵਿਚ ਘਟ ਹੀ ਸ਼ਾਮਲ ਕਰ ਸਕਣਗੇ । ਤੇ ਉਹ ਕਾਰਕੁਨ ਤੇ ਲੀਡਰ ਜਿਹੜੇ ਪਾਰਲੀਮੈਂਟਰੀ ਕੰਮ ਰਾਹੀਂ ਕੁਰਪਟ ਹੋ ਸਕਦੇ ਹਨ, ਉਹ ਪਾਰਲੀਮੈਂਟ ਤੋਂ ਬਾਹਰ ਕੁਰੱਪਸ਼ਨ ਦੇ ਹੋਰਾਂ ਰੂਪਾਂ ਤੋਂ ਵੀ ਬਹੁਤੀ ਦੇਰ ਤੱਕ ਬਚੇ ਨਹੀਂ ਰਹਿ ਸਕਦੇ । ਪਾਰਲੀਮੈਂਟਰੀ ਕੰਮ ਵਿਚ ਲੀਡਰਾਂ ਨੂੰ ਟੈਸਟ ਕਰਨ ਦੀ ਬਜਾਏ ਇਹ ਕਿਹਾ ਜਾਂਦਾ ਹੈ ਕਿ ਲੀਡਰਾਂ ਨੂੰ ਪਾਰਲੀਮੈਂਟਰੀ ਕੰਮ ਤੋਂ ਬਚਾ ਕੇ ਰੱਖਿਆ ਜਾਵੇ ਤਾਕਿ ਉਹ ਉਸ ਦੀਆਂ ਲਾਲਸਾਵਾਂ ਦਾ ਸ਼ਿਕਾਰ ਨਾ ਹੋਣ । ਆਪਣੀ ਲੀਡਰਸ਼ਿਪ ਦੀ ਸ਼ੁਧਤਾ ਬਣਾਈ ਰੱਖਣ ਦਾ ਇਹ ਅਜੀਬ ਤਰੀਕਾ ਕੇਵਲ ਉਸ ਦੇਸ਼ ਵਿਚ ਹੀ ਸੋਚਿਆ ਜਾ ਸਕਦਾ ਸੀ ਜਿਸ ਦੇਸ਼ ਦੇ ਲੋਕਾਂ ਨੇ ਸਦੀਆਂ ਤੱਕ ਆਪਣੀਆਂ ਔਰਤਾਂ ਨੂੰ 'ਗੁਣਵੰਤੀਆਂ' ਰੱਖਣ ਲਈ ਘੁੰਡ ਦਾ ਰਿਵਾਜ ਚਾਲੂ ਰੱਖਿਆ ਤੇ ਨੌਜਵਾਨਾਂ ਦਾ ਬ੍ਰਹਮਚਾਰਿਆ ਭੰਗ ਹੋਣ ਦੇ ਡਰੋਂ ਉਨ੍ਹਾਂ ਨੂੰ ਜੰਗਲਾਂ ਵਿਚ

ਘਲ ਦੇਣ ਦੀ ਵਧੀਆ ਜੁਗਤ ਕੱਢੀ।

ਇਥੇ ਇਕ ਗੱਲ ਮੈਂ ਹੋਰ ਵੀ ਕਹਿਣੀ ਚਾਹਾਂਗਾ ਕਿ ਸਵਾਲਾਂ ਨੂੰ ਇਸ ਗਲਤ ਢੰਗ ਨਾਲ ਖੜਾ ਕਰ ਕੇ ਉਸ ਸੰਕਲਪ ਨੂੰ ਪ੍ਰਿਭਾਸ਼ਿਤ ਕਰਨ ਤੋਂ ਵੀ ਬਚਿਆ ਜਾਂਦਾ ਹੈ ਜਿਸ ਨੂੰ ਮਾਰਕਸਵਾਦੀ 'ਪਾਰਲੀਮੈਂਟਰੀਵਾਦ' ਆਖਦੇ ਹਨ। ਪਾਰਲੀਮੈਂਟਰੀਵਾਦ ਦਾ ਭਾਵ ਅਲੈਕਸ਼ਨਾਂ ਵਿਚ ਭਾਗ ਲੈਣਾ ਨਹੀਂ ਤੇ ਨਾ ਹੀ ਪਾਰਲੀਮੈਂਟ ਅੰਦਰ ਕੰਮ ਕਰਨਾ, ਸਗੋਂ ਇਸ ਦਾ ਭਾਵ ਚੋਣਾਂ ਜਿੱਤਣ ਨੂੰ ਹੀ ਸਭ ਕੁਝ ਸਮਝ ਲੈਣਾ ਹੈ, ਚੋਣਾਂ ਜਿੱਤਣ ਲਈ ਸਭ ਅਸੂਲ ਛਿੱਕੇ ਟੰਗ ਦੇਣੇ ਤੇ ਸੀਟਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਸਭ ਕੁਰੱਪਟ ਢੰਗ, ਤਰੀਕੇ ਵਰਤਣੇ। ਇਸ ਦਾ ਭਾਵ ਹੈ ਚੋਣਾਂ ਨੂੰ ਲੋਕਾਂ ਦਾ ਸਿਆਸੀਕਰਨ ਕਰਨ ਦਾ ਢੰਗ ਨਾ ਸਮਝਣਾ, ਉਨ੍ਹਾਂ ਨੂੰ ਇਸ ਦੌਰਾਨ ਸਮੁੱਚੇ ਪ੍ਰਬੰਧ ਅਤੇ ਬੁਰਜਵਾ ਪਾਰਟੀਆਂ ਦਾ ਕਿਰਦਾਰ ਨਾ ਸਮਝਾਉਣਾ ਤੇ ਇੰਜ ਲੋਕਾਂ ਨੂੰ ਜਥੇਬੰਦ ਕਰਨ ਤੇ ਉਨ੍ਹਾਂ ਦੇ ਸਿਆਸੀਕਰਨ ਨਾਲੋਂ ਚੋਣਾਂ ਵਿਚਲੀ ਜਿੱਤ ਨੂੰ ਸਭ ਤੋਂ ਵੱਡਾ ਉਦੇਸ਼ ਸਮਝਣਾ। ਇੰਜ ਸਮਝਿਆਂ ਸੰਕਲਪ 'ਪਾਰਲੀਮੈਂਟਰੀਵਾਦ'—ਪਾਰਲੀਮੈਂਟ ਨਾਲੋਂ ਵਡੇਰਾ ਹੈ। ਇੰਜ ਇਸ ਹੇਠ ਟਰੇਡ ਯੂਨੀਅਨਾਂ, ਅਧਿਆਪਕ ਐਸੋਸੀਏਸ਼ਨਾਂ ਤੇ ਵਿਦਿਆਰਥੀ ਜਥੇਬੰਦੀਆਂ ਵਿਚ ਬਹੁ-ਸੰਮਤੀਆਂ ਜਿੱਤਣ ਦੇ ਯਤਨ ਵੀ ਆ ਜਾਂਦੇ ਹਨ; ਇਸ ਵਿਚ ਮੁਜ਼ਾਹਰੇ, ਹੜਤਾਲਾਂ ਤੇ ਬੰਧ ਵੀ ਆ ਜਾਂਦੇ ਹਨ। **ਅਸਲ ਸਵਾਲ ਤਾਂ ਸਿਆਸਤ ਦੇ ਸੁਭਾਅ ਦਾ ਹੈ।**

ਇੰਜ ਹੀ ਘੋਲਾਂ ਦੇ ਵੱਖ ਵੱਖ ਰੂਪਾਂ ਬਾਰੇ ਸਵਾਲ ਦੀ ਗੱਲ ਹੈ। ਇਹ ਇਕ ਇਤਿਹਾਸਕ ਤੱਥ ਹੈ ਕਿ ਕਿਸੇ ਵੀ ਦੇਸ਼ ਜਾਂ ਜਗ੍ਹਾ ਦੇ ਲੋਕ ਉਸ ਤੋਂ ਵਧ ਕਠਨਾਈਆਂ ਵਿਚੋਂ ਲੰਘਣ ਲਈ ਕਦੀ ਵੀ ਤਿਆਰ ਨਹੀਂ ਹੋਣਗੇ ਜਿੰਨੀਆਂ ਉਨ੍ਹਾਂ ਦੇ ਉਦੇਸ਼ ਦੀ ਪ੍ਰਾਪਤੀ ਲਈ ਘਟੋ ਘਟ ਲੋੜੀਂਦੀਆਂ ਹੋਣ। ਭਾਵ ਲੋਕ ਉਨੀ ਦੇਰ ਤੱਕ ਵਧੇਰੇ ਕੁਰਬਾਨੀਆਂ ਦੀ ਲੰਮੀ ਸੜਕੇ ਨਹੀਂ ਪੈਣਗੇ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਇਸ ਗੱਲ ਦਾ ਮੁਕੰਮਲ ਅਹਿਸਾਸ ਨਾ ਹੋ ਜਾਵੇ ਕਿ ਉਨ੍ਹਾਂ ਦੇ ਉਦੇਸ਼ ਵਲ ਜਾਂਦੀਆਂ ਸਾਰੀਆਂ ਛੋਟੀਆਂ ਸੜਕਾਂ ਬੰਦ ਹੋ ਗਈਆਂ ਹਨ। ਲੋਕ ਉਨੀ ਦੇਰ ਤੱਕ ਘੋਲਾਂ ਦੇ ਹੇਠਲੇ ਰੂਪਾਂ ਨੂੰ ਛੱਡ ਕੇ ਉਪਰਲੇ ਰੂਪ ਅਪਨਾਉਣ ਲਈ ਰਜ਼ਾਮੰਦ ਨਹੀਂ ਹੋਣਗੇ ਜਦੋਂ ਤਕ ਵਾਰ ਵਾਰ ਉਨ੍ਹਾਂ ਦੀ ਤਸੱਲੀ ਨਹੀਂ ਹੋ ਜਾਂਦੀ ਤੇ ਇਹ ਗੱਲ ਉਨ੍ਹਾਂ ਦੇ ਦਿਲ ਦਿਮਾਗ ਵਿਚ ਘਰ ਨਹੀਂ ਕਰ ਜਾਂਦੀ ਕਿ ਉਨ੍ਹਾਂ ਦੇ ਉਦੇਸ਼ ਦੀ ਪ੍ਰਾਪਤੀ ਲਈ ਇਹ ਰੂਪ ਨਾਕਾਫ਼ੀ ਹਨ। 1917 ਵਿਚ ਲੈਨਿਨ ਨੇ ਨਾ ਤਾਂ ਅਹਿੰਸਾ-ਹਿੰਸਾ ਦਾ ਸਵਾਲ ਉਠਾਇਆ ਸੀ ਤੇ ਨਾ ਹੀ ਪਾਰਲੀਮੈਂਟਰੀਵਾਦ ਜਾਂ ਗ਼ੈਰ-ਪਾਰਲੀਮੈਂਟਰੀ-ਵਾਦ ਦਾ। ਸਗੋਂ ਉਸ ਨੇ ਇਹ ਸਵਾਲ ਉਠਾਇਆ ਕਿ ਸਿਆਸੀ ਤਾਕਤ ਕਿਸ ਦੇ ਹੱਥ ਵਿਚ ਹੋਵੇ—ਅਸਥਾਈ ਸਰਕਾਰ ਦੇ ਹੱਥਾਂ ਵਿਚ, ਸੰਵਿਧਾਨਕ ਅਸੈਂਬਲੀ ਦੇ ਹੱਥਾਂ ਵਿਚ ਜਾਂ ਸੋਵੀਅਤਾਂ ਦੇ ਹੱਥਾਂ ਵਿਚ ?

ਨੁਕਤਾ ਜਿਸ ਉਪਰ ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਇਹ ਹੈ ਕਿ ਇਕ ਸਹੀ ਮਾਰਕਸਵਾਦੀ ਕਦੇ ਵੀ ਸਵਾਲਾਂ ਨੂੰ ਇੰਜ ਪਾਉਣ ਬਾਰੇ ਸਹਿਮਤ ਨਹੀਂ ਹੋਵੇਗਾ : ਅਹਿੰਸਾ ਬਨਾਮ ਹਿੰਸਾ, ਪਾਰਲੀਮੈਂਟਰੀ ਕੰਮ ਬਨਾਮ ਗੈਰ-ਪਾਰਲੀਮੈਂਟਰੀ ਕੰਮ। ਮਾਰਕਸਵਾਦ ਅਜੇ ਅਸਲੀ ਕੰਮ ਲੋਕਾਂ ਨੂੰ ਸਿਆਸਤ ਵਿਚ ਲਿਆ ਕੇ ਜਥੇਬੰਦ ਕਰਨ ਦਾ ਹੁੰਦਾ ਹੈ। ਸਿਆਸੀ ਸੂਝ ਰੱਖਣ ਵਾਲੇ, ਜਥੇਬੰਦ ਹੋਏ ਤੇ ਸਿਆਸੀ ਪਹਿਲ-ਕਦਮੀ ਰਖਣ ਵਾਲੇ ਲੋਕ ਜ਼ਰੂਰ ਹੀ ਘੋਲਾਂ ਦੇ ਉਹ ਸਭ ਰੂਪ ਵਰਤਣਗੇ ਜਿਨ੍ਹਾਂ ਦੀ ਸਥਿਤੀ ਮੰਗ ਕਰੇਗੀ ਤੇ ਉਨ੍ਹਾਂ ਵਿਚ ਸਭ ਰੂਪਾਂ ਨੂੰ ਵਰਤਣ ਦੀ ਯੋਗਤਾ ਵੀ ਹੋਵੇਗੀ। ਜੇਕਰ ਮਾਰਕਸਵਾਦੀ ਘੋਲਾਂ ਦੇ ਹੇਠਲੇ ਰੂਪਾਂ ਨੂੰ ਇਸਤੇਮਾਲ ਕਰਨ ਵਿਚ ਅਸਫਲ ਰਹਿੰਦੇ ਹਨ ਤਾਂ ਇਸ ਦਾ ਇਲਾਜ



ਇਹ ਨਹੀਂ ਕਿ ਹੁਣ ਘੋਲਾਂ ਦੇ ਉਚੇਰੇ ਰੂਪਾਂ ਨੂੰ ਅਪਣਾਉਣ ਦਾ ਹੋਕਾ ਦਿੱਤਾ ਜਾਵੇ।

ਮਾਰਕਸਵਾਦੀਆਂ ਦੀ ਭਾਰਤੀ ਯਥਾਰਥ ਦਾ ਵਿਸ਼ਲੇਸ਼ਣ ਕਰਨ ਵਿਚ ਅਸਫਲਤਾ, ਠੀਕ ਸਿਆਸੀ ਲਾਈਨ ਵਿਕਸਤ ਕਰਨ ਅਤੇ ਗਲਤੀਆਂ ਨੂੰ ਵੇਲੇ ਸਿਰ ਠੀਕ ਕਰਨ ਵਿਚ ਅਸਫਲਤਾ ਇਸ ਗੱਲ ਨਾਲ ਵੀ ਜੁੜੀ ਹੋਈ ਹੈ ਕਿ ਉਨ੍ਹਾਂ ਵਿਚ ਆਪਸ ਵਿਚ ਕੋਈ ਵਾਦ-ਵਿਵਾਦ ਨਹੀਂ ਹੁੰਦਾ। ਬਿਨਾਂ ਕਿਸੇ ਅੜਿੱਕੇ ਦੇ ਵਿਚਾਰ-ਵਟਾਂਦਰਾ ਕਰਨ ਤੇ ਬਹਿਸ ਕਰਨ ਦੀ ਜ਼ਰੂਰਤ ਨੂੰ ਸਿਧਾਂਤਕ ਤੌਰ 'ਤੇ ਤਾਂ ਸਵੀਕਾਰ ਕਰ ਲਿਆ ਜਾਂਦਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਕੀਤਾ ਜਾਂਦਾ। ਇਸ ਦਾ ਕਾਰਨ ਖਾਸ ਢੰਗ ਦੀ ਸੋਚਣ-ਵਿਧੀ ਤੇ ਘੜੇ-ਘੜਾਏ ਸਿਆਸੀ ਫਾਰਮੂਲੇ ਹਨ ਜੋ ਉਨ੍ਹਾ ਦੇ ਦਿਮਾਗਾਂ ਵਿਚ ਕੁੱਟ ਕੁੱਟ ਕੇ ਭਰ ਦਿੱਤੇ ਜਾਂਦੇ ਹਨ। ਹਰ ਪੜਾਅ 'ਤੇ ਇਹ ਧਾਰਨਾ (assumption) ਮੰਨ ਲਈ ਜਾਂਦੀ ਹੈ ਕਿ ਭੂਤ ਵਿਚ ਕਿੰਨੀਆਂ ਹੀ ਗਲਤੀਆਂ ਹੋਈਆਂ ਹੋਣ, ਪਾਰਟੀ ਦੀ ਸੋਚ ਸਮਾਜਕ ਯਥਾਰਥ ਤੋਂ ਕਿੰਨੀ ਵੀ ਦੂਰ ਰਹੀ ਹੋਵੇ ਪਰ ਹੁਣ ਪਾਰਟੀ ਯਥਾਰਥ ਦੇ ਸੱਚ 'ਤੇ ਪਹੁੰਚ ਗਈ ਹੈ ਤੇ ਪਾਰਟੀ ਦੀ ਅਜੋਕੀ ਸਿਆਸੀ ਲਾਈਨ ਅਤੇ ਅਜੋਕੇ ਪ੍ਰੋਗਰਾਮ ਵਿਚ ਦਰਜ ਸਮਝ ਬਿਲਕੁਲ ਦਰੁਸਤ ਹੈ। ਪਾਰਟੀ ਵਿਚ ਖੁਲ੍ਹੀ ਬਹਿਸ ਕੋਈ ਮਕਸਦ ਹੱਲ ਨਹੀਂ ਕਰੇਗੀ ਸਗੋਂ ਇਕ-ਮੁੱਠ ਹੋ ਕੇ ਸਿਆਸੀ ਐਕਸ਼ਨ ਕਰਨ ਦੇ ਰਾਹ ਵਿਚ ਰੋੜਾ ਅਟਕਾਵੇਗੀ। ਪਰ ਇਹ ਦਲੀਲ ਕਾਟ ਕਰਨ ਵਾਲੀ ਨਹੀਂ। ਹਾਂ, ਠੀਕ ਉਸ ਵੇਲੇ ਜਿਸ ਵੇਲੇ ਪਾਰਟੀ ਹੋ ਰਹੇ ਇਨਕਲਾਬ ਵਿਚੋਂ ਦੀ ਗੁਜ਼ਰ ਰਹੀ ਹੋਵੇ, ਅਜਿਹੀ ਦਲੀਲ ਦੀ ਕੋਈ ਮਹੱਤਤਾ ਹੋ ਸਕਦੀ ਹੈ। ਪਰ ਬਹੁਤ ਵੇਰ ਅਜਿਹੀ ਦਲੀਲ ਪਾਰਟੀ ਅੰਦਰ ਖੁਲ੍ਹੀ ਬਹਿਸ ਰੋਕਣ ਲਈ ਬਹਾਨੇ ਵਜੋਂ ਵਰਤੀ ਜਾਂਦੀ ਹੈ।

ਇਥੇ ਇਸ ਤੱਥ ਵਲ ਇਸ਼ਾਰਾ ਕਰਨਾ ਜ਼ਰੂਰੀ ਹੈ ਕਿ ਮਾਰਕਸ ਅਤੇ ਲੈਨਿਨ ਦੇ ਸਭ ਤੋਂ ਰਚਨਾਤਮਕ ਛਿੰਨ ਕ੍ਰਮਵਾਰ 1848 ਅਤੇ 1917 ਦੇ ਸਾਲ ਸਨ। ਲੈਨਿਨ ਨੇ ਸਮਾਜਵਾਦੀ ਇਨਕਲਾਬ ਵਲ ਵਧਣ ਬਾਰੇ ਆਪਣੇ ਵਿਚਾਰ ਮਾਰਚ ਅਤੇ ਨਵੰਬਰ (1917) ਦੇ ਵਿਚਕਾਰ ਹੀ ਆਪਣੇ ਸਾਥੀਆਂ ਨਾਲ ਤਿੱਖਾ ਵਾਦ-ਵਿਵਾਦ ਕਰ ਕੇ ਵਿਕਸਤ ਕੀਤੇ। ਰੂਸੀ ਮਾਰਕਸਵਾਦ ਦੇ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਅਤੇ ਪੂਰੇ ਜ਼ੋਰ ਸ਼ੋਰ ਵਾਲੀ ਬਹਿਸ ਉਸ ਵੇਲੇ ਹੋਈ ਜਦ ਘਰੇਲੂ-ਯੁੱਧ ਛਿੜਿਆ ਹੋਇਆ ਸੀ ਤੇ ਜਦ 1918-22 ਵਿਚ ਨਵਾਂ ਸੋਵੀਅਤ ਰਾਜ ਬਾਹਰੋਂ ਘਿਰਿਆ ਹੋਇਆ ਸੀ ਤੇ ਹਰ ਪਲ ਉਸ ਦੀ ਹੋਂਦ ਨੂੰ ਖ਼ਤਰਾ ਸੀ। ਸਵਾਏ ਪ੍ਰੋਗਰਾਮਾਂ ਨੂੰ ਅਮਲੀ ਤੌਰ 'ਤੇ ਲਾਗੂ ਕਰਨ ਵਾਲੇ ਦਾਅ-ਪੇਚਾਂ ਦੇ ਬਾਕੀ ਮਸਲਿਆਂ ਉਪਰ ਆਜ਼ਾਦ ਬਹਿਸ ਤਦ ਹੀ ਹੋ ਸਕਦੀ ਹੈ ਜੇਕਰ ਉਹ ਖੁਲ੍ਹੀ ਬਹਿਸ ਹੋਵੇ। ਲੈਨਿਨ ਤੇ ਬਾਲਸ਼ਵਿਕ ਪਾਰਟੀ ਅਜਿਹੀ ਬਹਿਸ ਉਸ ਵੇਲ ਵੀ ਜਥੇਬੰਦ ਕਰ ਸਕੀ ਜਦ ਜ਼ਾਰ ਦਾ ਤਸ਼ੱਦਦ ਹੋ ਰਿਹਾ ਸੀ ਤੇ ਘਰੇਲੂ ਜੰਗ ਛਿੜੀ ਹੋਈ ਸੀ। ਬੁਰਜਵਾ ਡੈਮੋਕਰੇਸੀ ਦੀਆਂ ਹਾਲਤਾਂ ਹੇਠ ਤਾਂ ਅਜਿਹੀ ਬਹਿਸ ਜਥੇਬੰਦ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ।

ਖੁਲ੍ਹੀ ਬਹਿਸ ਦੀ ਅਣਹੋਂਦ ਕਰਨ ਆਜ਼ਾਦ ਵਿਚਾਰ-ਵਟਾਂਦਰਾ ਇਕ ਰਸਮ ਹੀ ਬਣ ਕੇ ਰਹਿ ਜਾਂਦਾ ਹੈ ਕਿਉਂਕਿ ਇਸ ਹਾਲਤ ਵਿਚ ਇਕ ਵਿਅਕਤੀ ਆਪਣੇ ਵਿਚਾਰ ਉਨ੍ਹਾਂ ਦੂਸਰਿਆਂ ਤੱਕ ਨਹੀਂ ਫੈਲਾ ਸਕਦਾ ਜਿਹੜੇ ਹੋ ਸਕਦਾ ਹੈ ਉਸ ਵਾਂਗ ਹੀ ਸੋਚ ਰਹੇ ਹੋਣ ਜਾਂ ਜਿਨ੍ਹਾਂ ਨੂੰ ਦਲੀਲ ਰਾਹੀਂ ਉਹ ਆਪਣੇ ਵਿਚਾਰਾਂ ਵਲ ਜਿੱਤ ਸਕਦਾ ਹੋਵੇ।

ਮਹਾਨ ਨੇਤਾ ਜਾਂ ਵੱਡੇ ਬੁਧੀਜੀਵੀ ਦੇ ਸੰਕਲਪ ਨੇ ਪਾਰਟੀ ਦੇ ਕਾਡਰ ਦੇ ਮਨਾਂ ਵਿਚੋਂ ਇਸ ਸੰਕਲਪ ਦਾ ਤਹਿਸ-ਨਹਿਸ ਕਰ ਦਿੱਤਾ ਹੈ ਕਿ ਸਮਾਜਕ ਗਿਆਨ ਪ੍ਰਾਪਤੀ ਦਾ ਮਸਲਾ ਮਿਲਵਾਂ ਹੰਭਲਾ ਹੁੰਦਾ ਹੈ। ਇਕ ਔਸਤਨ ਭਾਰਤੀ ਮਾਰਕਸਵਾਦੀ ਇਹ ਈਮਾਨਦਾਰੀ ਨਾਲ ਮਹਿਸੂਸ ਕਰਨ

ਲੱਗ ਪੈਂਦਾ ਹੈ ਕਿ ਉਹ ਸਿਧਾਂਤ, ਵਿਚਾਰਧਾਰਾ ਜਾਂ ਪਾਰਟੀ ਅਮਲ ਨਾਲ ਸੰਬੰਧਤ ਮਹੱਤਵਪੂਰਨ ਸਵਾਲਾਂ ਦੀ ਬਹਿਸ ਵਿਚ ਭਾਗ ਲੈਣ ਦੇ ਯੋਗ ਨਹੀਂ ਹੈ। ਵੱਡੇ ਨੇਤਾ ਨਾਲ 'ਸਵਾਲ–ਜਵਾਬ' ਦਾ ਇਕ ਸੈਸ਼ਨ ਲਾ ਕੇ ਹੀ ਉਹ ਆਪਣੇ ਸ਼ੰਕੇ ਨਿਵਿਰਤ ਕਰ ਲੈਂਦਾ ਹੈ। ਬਾਕੀ ਜਿਨ੍ਹਾਂ ਨੂੰ ਆਪਣੀ ਸੋਚਣ ਦੀ ਸ਼ਕਤੀ ਵਿਚ ਕੁਝ ਵਧੇਰੇ ਹੀ ਵਿਸ਼ਵਾਸ਼ ਹੁੰਦਾ ਹੈ ਉਹ ਲੀਡਰ ਦੇ ਰੈਂਕ ਤਕ ਪੁੱਜਣ ਦੀ ਇੰਤਜ਼ਾਰ ਕਰਦੇ ਹਨ ਜਿਥੇ ਪਹੁੰਚ ਕੇ ਉਸ ਨੂੰ ਠੀਕ ਸੋਚਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

ਭਾਰਤੀ ਮਾਰਕਸਵਾਦੀ ਇਸ ਗੱਲ ਤੋਂ ਬਹੁਤ ਡਰਦਾ ਹੈ ਕਿ ਕਿਤੇ ਉਸ ਉੱਤੇ ਕੁਪੰਥੀਆ ਹੋਣ ਦਾ ਜਾਂ ਰਾਹੋਂ ਥਿੜਕੇ ਹੋਏ ਹੋਣ ਦਾ ਲੇਬਲ ਨਾ ਲਾ ਦਿੱਤਾ ਜਾਵੇ। ਪਾਰਟੀ ਉਪਰ ਹੱਦੋਂ ਵੱਧ ਜ਼ੋਰ ਦੇਣੀ ਜਾਣ ਦਾ ਕਈ ਵੇਰ ਇਹ ਅਸਰ ਹੁੰਦਾ ਹੈ ਕਿ ਕੋਈ ਵਿਅਕਤੀ ਪਾਰਟੀ ਵਿਚੋਂ ਕੱਢੇ ਜਾਣ ਨਾਲੋਂ ਮੌਤ ਵਧੇਰੇ ਪਸੰਦ ਕਰਦਾ ਹੈ। ਜੇਕਰ ਕਿਸੇ ਨੂੰ ਪਾਰਟੀ ਵਿਚੋਂ ਕੱਢ ਦਿਤਾ ਜਾਂਦਾ ਹੈ ਤਾਂ ਉਸ ਦੇ ਸਾਰੇ ਮਨੁੱਖੀ ਸੰਬੰਧਾਂ ਦਾ ਅੰਤ ਹੋ ਜਾਂਦਾ ਹੈ। ਉਸ ਦੀ ਨਿੱਜੀ ਤੇ ਸਿਆਸੀ ਜ਼ਿੰਦਗੀ ਰੇਗਸਥਾਨ ਬਣਾ ਦਿੱਤੀ ਜਾਂਦੀ ਹੈ। ਪਾਰਟੀ ਤੋਂ ਬਾਹਰ ਕੱਢ ਕੇ ਉਸ ਦੀ ਦੁਰਦਸ਼ਾ ਕਰਨ ਦੀ ਪਾਰਟੀ ਦੀ ਸਮਰੱਥਾ ਕਾਰਨ ਇਕ ਡਰ ਬਣਿਆ ਰਹਿੰਦਾ ਹੈ ਜੋ ਕੁਝ ਹੱਦ ਤਕ ਆਜ਼ਾਦ ਤੇ ਖੁਲ੍ਹੀ ਬਹਿਸ ਨੂੰ ਕਾਬੂ ਰੱਖਣ ਵਿਚ ਆਪਣਾ ਰੋਲ ਅਦਾ ਕਰਦਾ ਹੈ। ਮਾਰਕਸਵਾਦੀ ਬੁਧੀਜੀਵੀ ਸਮਾਜ ਅਤੇ ਆਰਥਕਤਾ ਨਾਲ ਸੰਬੰਧਿਤ ਉਨ੍ਹਾਂ ਵਿਚਾਰਾਂ ਦਾ ਖੁਲ੍ਹੇ ਆਮ ਚਰਚਾ ਨਹੀਂ ਕਰੇਗਾ ਜੋ ਪਾਰਟੀ ਪ੍ਰੋਗਰਾਮ ਨਾਲ ਮੇਲ ਨਾ ਖਾਂਦੇ ਹੋਣ। ਜੇਕਰ ਉਹ ਅਜਿਹੇ ਵਿਚਾਰ ਛਪਵਾਉਣਾ ਚਾਹੇ ਵੀ, ਤਾਂ ਉਹ ਕੀ ਕਰੇਗਾ ? ਪਾਰਟੀ ਨਾਲ ਸੰਬੰਧਤ ਮਾਰਕਸਵਾਦੀ ਪਰਚੇ ਉਸ ਨੂੰ ਛਾਪਣਗੇ ਨਹੀਂ ਤੇ ਜੇਕਰ ਉਹ ਇਨ੍ਹਾਂ ਤੋਂ ਬਾਹਰ ਹੋਰ ਪਰਚਿਆਂ ਵਿਚ ਛਪੇਗਾ ਤਾਂ ਇਹ ਸਪਸ਼ਟ ਤੌਰ 'ਤੇ ਹੀ ਇਸ ਗੱਲ ਦਾ ਸਬੂਤ ਮੰਨਿਆ ਜਾਵੇਗਾ ਕਿ ਉਹ ਆਪਣੇ ਵਿਚਾਰਾਂ ਲਈ ਬੁਰਜੁਵਾ ਪੇਪਰਾਂ ਦੀ ਮਦਦ ਲੈ ਰਿਹਾ ਹੈ। ਇੰਜ ਪਹਿਲਾਂ ਪਾਰਟੀ ਵਲੋਂ ਉਸ ਦੇ ਵਿਚਾਰਾਂ ਦੀ ਸੰਘੀ ਘੁੱਟਣਾ ਜਾਇਜ਼ ਹੀ ਤਾਂ ਸੀ। ਹੌਲੀ ਹੌਲੀ ਭਾਰਤੀ ਮਾਰਕਸਵਾਦੀ ਬੁਧੀਜੀਵੀ ਦਾ ਸਾਰਾ ਹੌਸਲਾ ਢਹਿ ਢੇਰੀ ਹੋ ਗਿਆ ਹੈ ਤੇ ਇਥੋਂ ਤਕ ਕਿ ਉਸ ਦੀ ਰਚਨਾਤਮਕ ਢੰਗ ਨਾਲ ਸੋਚਣ ਦੀ ਭਾਵਨਾ ਹੀ ਮੱਠੀ ਪੈ ਗਈ ਹੈ। ਇਸ ਲਈ ਚੰਗੇਰਾ ਇਹੀ ਹੈ ਕਿ ਸੁਰੱਖਿਅਤ ਹੱਦਾਂ ਦੇ ਵਿਚ ਵਿਚ ਹੀ ਸੋਚਿਆ ਜਾਵੇ।

ਇੰਜ ਰੈਂਕ ਐਂਡ ਫਾਈਲ ਮਾਰਕਸਵਾਦੀ ਵਰਕਰ ਆਪਣੇ ਤੋਂ ਉਪਰਲੀ ਮਧਲੀ ਲੀਡਰਸ਼ਿਪ ਦੀ ਲਾਈਨ ਨੂੰ ਯਥਾਰਥ ਦਾ ਕੇਵਲ ਉਹੀ ਬਿੰਬ ਦੇਣ ਵਿਚ ਸੁਰੱਖਿਆ ਮਹਿਸੂਸ ਕਰਦਾ ਹੈ, ਤੇ ਉਹ ਅਗੋ ਉਪਰਲੀ ਲੀਡਰਸ਼ਿਪ ਨੂੰ, ਜੋ ਪਾਰਟੀ ਪ੍ਰੋਗਰਾਮ ਅਤੇ ਪਾਰਟੀ ਪ੍ਰਸਤਾਵਾਂ ਨਾਲ ਮੇਲ ਖਾਵੇ ਨਾ ਕਿ ਯਥਾਰਥ ਦਾ ਉਹ ਬਿੰਬ ਜੋ ਉਹ ਆਪਣੀ ਨੀਝ ਨਾਲ ਵੇਖਦਾ ਹੈ, ਸੁਣਦਾ ਹੈ ਤੇ ਸੋਚਦਾ ਹੈ। ਹੌਲੀ ਹੌਲੀ ਉਸ ਦੀ ਇਹ ਆਦਤ ਬਣ ਜਾਂਦੀ ਹੈ ਜਿਸ ਤੋਂ ਬਾਅਦ ਉਹ ਕੇਵਲ ਉਹੀ ਵੇਖਦਾ, ਸੁਣਦਾ ਜਾਂ ਸੋਚਦਾ ਹੈ ਜੋ ਪਹਿਲਾਂ ਪਾਰਟੀ ਪ੍ਰੋਗਰਾਮ ਵਿਚ ਹੁੰਦਾ ਹੈ। ਤੇ ਜਦ ਉਹ ਇਸ ਤੋਂ ਕੁਝ ਬਾਹਰ ਦੀ ਗੱਲ ਸੁਣ, ਵੇਖ ਜਾਂ ਸੋਚ ਲਵੇ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਉਸ ਨੂੰ ਪਾਰਟੀ ਪ੍ਰੋਗਰਾਮ ਦੀ ਸਮਝ ਨਹੀਂ ਹੈ ਤੇ ਉਸ ਦੀ ਪ੍ਰੋਗਰਾਮ ਉਪਰ ਪਕੜ ਢਿੱਲੀ ਹੈ। ਅਜਿਹੀਆਂ ਹਾਲਤਾਂ ਹੇਠ ਆਰਥਕਤਾ, ਸਮਾਜ, ਜਮਾਤੀ ਘੋਲ, ਸਟੇਟ ਅਤੇ ਹੋਰ ਮਹੱਤਵ–ਪੂਰਨ ਸਵਾਲ ਭਲਾ ਕਿਵੇਂ ਉਠਾਏ ਜਾ ਸਕਦੇ ਹਨ ? ਭਾਵ ਮਾਰਕਸ ਅਤੇ ਲੈਨਿਨ ਦੀਆਂ ਲਿਖਤਾਂ ਲੱਖ ਪਈਆਂ ਇਸ ਗੱਲ ਉਪਰ ਜ਼ੋਰ ਦੇਣ ਕਿ ਮਾਰਕਸਵਾਦ ਨੂੰ ਨਵੀਆਂ ਹਾਲਤਾਂ ਉਪਰ ਲਾਗੂ ਕਰ ਕੇ ਲਗਾਤਾਰ ਅਮੀਰ ਬਣਾਇਆ ਜਾਵੇ। ਪਰ ਕੀ ਉਹ ਮਾਰਕਸਵਾਦੀ ਅਜਿਹਾ ਕਰ ਸਕਦੇ ਹਨ ਜਿੰਨਾਂ ਦੇ ਸਿਰ ਉਪਰ



ਰਾਹੋਂ ਥਿੜਕੇ ਹੋਣ ਦੇ ਲੇਬਲ ਦੇ ਲਗ ਜਾਣ ਦੀ ਤਲਵਾਰ ਲਗਾਤਾਰ ਲਟਕਦੀ ਹੋਵੇ ?

ਰਾਹੋਂ–ਥਿੜਕੇ ਹੋਣ ਦਾ ਡਰ ਆਪਣੇ ਆਪ ਵਿਚ ਹੀ ਸਵੈ–ਸੈਂਸਰਪੁਣਾ ਹੈ ਕਿਉਂਕਿ ਜੇਕਰ ਸੋਚਣ ਵਿਚ ਗਲਤੀ ਦੀ ਕੋਈ ਸੰਭਾਵਨਾ ਹੀ ਪੈਦਾ ਨਹੀਂ ਹੋਣ ਦੇਣੀ ਤਾਂ ਆਜ਼ਾਦ ਤੇ ਖੁਲ੍ਹੀ ਬਹਿਸ ਦਾ ਮਕਸਦ ਹੀ ਕੀ ਰਹਿ ਜਾਂਦਾ ਹੈ ! ਇਕ ਮਾਰਕਸਵਾਦੀ ਵਿਚ ਐਸੀ ਨਿਮਰਤਾ ਤੇ ਠਰ੍ਹਮਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਉਹ ਉਸ ਵੇਲੇ ਆਪਣੀ ਗਲਤੀ ਮੰਨ ਲਵੇ ਜਦੋਂ ਉਸ ਦੇ ਵਿਰੋਧ ਵਿਚ ਖੜੇ ਖਿਆਲ ਤੇ ਅਮਲ ਨੇ ਉਸ ਨੂੰ ਗਲਤ ਸਿੱਧ ਕਰ ਦਿੱਤਾ ਹੋਵੇ। ਜੇਕਰ ਕੋਈ ਅਜਿਹਾ ਮਨੁੱਖ ਹੈ ਜੋ ਖੁਲ੍ਹ ਨਾਲ ਇਤਿਹਾਸਕ ਤੌਰ 'ਤੇ ਰਚਨਾਤਮਕ ਢੰਗ ਨਾਲ ਸੋਚਣਾ ਚਾਹੁੰਦਾ ਹੈ, ਤੇ ਕੋਈ ਗਲਤੀ ਵੀ ਨਹੀਂ ਕਰਨਾ ਚਾਹੁੰਦਾ, ਚੰਗਾ ਹੋਵੇ ਜੇਕਰ ਉਹ ਅਜਿਹਾ ਕਰਨ ਦਾ ਯਤਨ ਹੀ ਨਾ ਕਰੇ। ਉਪਰਲੇ ਕਾਰਨਾਂ ਕਰਕੇ ਸੋਚਣ ਦਾ ਇਕ ਹੋਰ ਝੁਕਾਅ ਪੈਦਾ ਹੋ ਜਾਂਦਾ ਹੈ। ਇਸ ਅਨੁਸਾਰ ਹਰ ਵਿਸ਼ਲੇਸ਼ਣ ਇਹ ਜ਼ਰੂਰ ਦਿਖਾਵੇ ਕਿ 'ਸੰਕਟ ਦਿਨੋ ਦਿਨ ਤਿੱਖਾ ਹੋ ਰਿਹਾ ਹੈ ਤੇ ਘੋਲ ਦਿਨੋ ਦਿਨ ਡੂੰਘਾ ਹੋ ਰਿਹਾ ਹੈ'—ਦੁਸ਼ਮਣ ਕਮਜ਼ੋਰ ਹੋ ਰਿਹਾ ਹੈ ਤੇ ਲੋਕਾਂ ਦਾ ਕੈਂਪ ਸ਼ਕਤੀਸ਼ਾਲੀ ਹੋ ਰਿਹਾ ਹੈ। ਜੋ ਅਜਿਹਾ ਨਹੀਂ ਕਰ ਰਿਹਾ ਉਹ ਦੁਸ਼ਮਣ ਦੀ ਪ੍ਰਸੰਸਾ ਕਰ ਰਿਹਾ ਹੈ ਤੇ ਟੇਡੇ ਢੰਗ ਨਾਲ ਉਸ ਦੀ ਹੌਸਲਾ–ਅਫਜ਼ਾਈ ਵੀ ਕਰ ਰਿਹਾ ਹੈ। ਜੇਕਰ ਅਜਿਹਾ ਕੁਝ ਜੋ ਕੁਝ ਸਰਮਾਏਦਾਰੀ ਦੀ ਚੜ੍ਹਤ ਬਾਰੇ ਮਾਰਕਸ ਨੇ 'ਸਰਮਾਇਆ' ਵਿਚ ਲਿਖਿਆ ਹੈ ਜਾਂ ਲੈਨਿਨ ਨੇ 'ਰੂਸ ਵਿਚ ਸਰਮਾਏਦਾਰੀ ਦਾ ਵਿਕਾਸ' ਵਿਚ ਲਿਖਿਆ ਹੈ, ਭਾਰਤ ਵਿਚ ਲਿਖਿਆ ਗਿਆ ਹੁੰਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ ਹੋਣੀ ਜੇਕਰ ਉਨ੍ਹਾਂ ਉਪਰ ਸਰਮਾਏਦਾਰੀ ਪ੍ਰਬੰਧ ਤੇ ਰਾਜਸੀ ਜਮਾਤਾਂ ਦੀ ਪਰਸੰਸਾ ਕਰਨ ਦਾ ਦੋਸ਼ ਲਾਇਆ ਜਾਂਦਾ।

ਪਾਰਟੀ ਸਫ਼ਾਂ ਵਿਚ ਆਜ਼ਾਦ ਅਤੇ ਖੁਲ੍ਹੀ ਬਹਿਸ ਦੇ ਖ਼ਿਲਾਫ਼ ਇਕ ਹੋਰ ਦਲੀਲ ਵੀ ਵਰਤੀ ਜਾਂਦੀ ਹੈ ਜਿਸ ਨੂੰ ਅਸੀਂ 'ਭੁਲੇਖੇ ਪਾਉਣ ਦਾ ਸਿਧਾਂਤ' ਕਹਿ ਸਕਦੇ ਹਾਂ। ਇਸ ਸਿਧਾਂਤ ਅਨੁਸਾਰ ਪਾਰਟੀ ਅੰਦਰ ਖੁਲ੍ਹੀ ਬਹਿਸ ਨਾਲ ਕਾਡਰ ਅੰਦਰ ਭੁਲੇਖੇ ਤੇ ਸ਼ੰਕੇ ਪੈਦਾ ਹੁੰਦੇ ਹਨ। ਇਹ ਡਰ 30 ਸਾਲ ਜਾਂ ਵਧੇਰੇ ਸਮੇਂ ਤੋਂ ਪਾਰਟੀ ਨੂੰ ਖਾਈ ਜਾ ਰਿਹਾ ਹੈ। ਕੁਦਰਤੀ ਗੱਲ ਹੈ ਕਿ ਕਿਸੇ ਵੀ ਆਜ਼ਾਦ ਤੇ ਖੁਲ੍ਹੀ ਬਹਿਸ ਵਿਚ ਰੋਲ ਘਚੋਲਾ ਪੈਦਾ ਕਰ ਸਕਣ ਦੀ ਸਮਰੱਥਾ ਵੀ ਹੁੰਦੀ ਹੈ ਅਤੇ ਕਿਉਂਕਿ ਭੁਲੇਖਿਆਂ ਅਤੇ ਸ਼ੰਕਿਆਂ ਦੇ ਸ਼ਿਕਾਰ ਕਾਡਰ ਸਿਆਸੀ ਐਕਸ਼ਨ ਇਕਮੁੱਠ ਹੋ ਕੇ ਨਹੀਂ ਕਰ ਸਕਦੇ, ਇਸ ਕਰਕੇ ਚੰਗਾ ਇਹੀ ਹੈ ਕਿ ਐਵੇਂ ਬਹਿਸ ਛੇੜ ਕੇ ਕਾਡਰ ਨੂੰ ਕਨਫਿਊਜ਼ ਨਾ ਕੀਤਾ ਜਾਵੇ। ਬਹੁਤ ਸਾਰੇ ਪਾਰਟੀ ਮੈਂਬਰ ਇਹ ਵਿਸ਼ਵਾਸ਼ ਕਰਨ ਲੱਗ ਪਏ ਹਨ ਕਿ ਪਾਰਟੀ ਕਾਡਰ ਨੂੰ ਰੋਲ ਘਚੋਲੇ ਤੋਂ ਬਚਾਉਣ ਲਈ ਰਾਹ ਇਹ ਨਹੀਂ ਕਿ ਪਾਰਟੀ ਕਾਡਰ ਨੂੰ (ਉਨ੍ਹਾਂ ਦੇ ਵਿਚਾਰਾਂ ਤੇ ਅਮਲਾਂ ਨੂੰ ਆਧਾਰ ਬਣਾ ਕੇ) ਸਮਾਜੀ ਯਥਾਰਥ ਅਤੇ ਪਾਰਟੀ ਅਮਲ ਨੂੰ ਵਿਚਾਰਾਂ ਦੇ ਭੇੜ ਰਾਹੀਂ ਸਮਝਣ–ਸਮਝਾਉਣ ਤੇ ਗ੍ਰਹਿਣ ਕਰਨ ਦਿੱਤਾ ਜਾਵੇ, ਸਗੋਂ ਰਾਹ ਇਹ ਹੈ ਕਿ 'ਗਲਤ' ਅਤੇ 'ਭੁਲੇਖੇ ਪਾਊ ਵਿਚਾਰ' ਪਾਰਟੀ ਤੋਂ ਸੌ ਗਜ਼ ਦੂਰ ਹੀ ਰਖੇ ਜਾਣ। ਕਨਫਿਊਜ਼ਨ ਦੇ ਇਸ ਸਿਧਾਂਤ ਪਿਛੇ ਕਿਹੜਾ ਵਿਸ਼ਵਾਸ਼ ਕੰਮ ਕਰਦਾ ਹੈ ? ਕਿ ਲੋਕ ਮੋਟੇ ਦਿਮਾਗ ਵਾਲੀਆਂ ਭੋਲੀਆਂ ਭੇਡਾਂ ਹਨ ਤੇ ਜੇਕਰ ਉਨ੍ਹਾਂ ਨੂੰ ਸਪਸ਼ਟ, ਸਿੱਧੇ ਸਾਧੇ, ਜਟਕਾ ਤੇ ਘੜੇ ਘੜਾਏ ਵਿਚਾਰ ਨਾ ਦਿੱਤੇ ਜਾਣ ਤਾਂ ਉਹ ਕਨਫਿਊਜ਼ ਹੋ ਜਾਣਗੇ। ਇਹ ਉਪਰਲੀ ਮੱਧ–ਸ਼੍ਰੇਣੀ ਦਾ ਹੇਠਲੀਆਂ ਜਮਾਤਾਂ ਬਾਰੇ ਤੁਅੱਸਬ ਹੈ ਜੋ ਉਹ ਪਾਰਟੀ ਵਿਚ ਵੀ ਲੈ ਆਉਂਦੇ ਹਨ। ਪਾਰਟੀ ਪ੍ਰੋਗਰਾਮ ਤੋਂ ਇਲਾਵਾ ਮਾਰਕਸਵਾਦ ਨੂੰ ਲੋਕਾਂ ਤਕ ਲੈ ਜਾਣ ਨਾਲ ਤਾਂ ਕਨਫਿਊਜ਼ਨ ਵਧੇਗਾ,ਸੋ ਕੇਵਲ ਪਾਰਟੀ ਪ੍ਰੋਗਰਾਮ ਹੀ ਲੋਕਾਂ ਤੱਕ ਲੈ ਜਾਇਆ ਜਾਵੇ !! ਦਿੱਲੀ ਦੇ

ਇਕ ਨੇਤਾ ਨੇ ਮਜ਼ਦੂਰਾਂ ਦੀ ਮਾਰਕਸਵਾਦੀ ਸਿਖਿਆ ਬਾਰੇ ਆਖਿਆ ਸੀ : "ਅੱਧਾ ਕੱਚਾ ਅੱਧਾ ਪੱਕਾ ਮਾਰਕਸਵਾਦ ਮਜ਼ਦੂਰਾਂ ਲਈ ਹਾਨੀਕਾਰਕ ਹੈ।" ਦਲੀਲ ਸਪੱਸ਼ਟ ਹੈ : ਕਿਉਂਕਿ ਕਾਮਿਆਂ ਦਾ ਦਿਮਾਗ ਲੀਡਰਾਂ ਵਾਗ ਤੇਜ਼ ਤਰਾਰ ਨਹੀਂ ਹੁੰਦਾ, ਇਸ ਲਈ ਉਹ ਮਾਰਕਸਵਾਦ ਮੋਟਾ ਮੋਟਾ ਹੀ ਸਮਝ ਸਕਦੇ ਹਨ ਤੇ ਬਾਰੀਕੀ ਵਾਲੇ ਮਾਰਕਸਵਾਦ ਦੀ ਉਨ੍ਹਾਂ ਨੂੰ ਕਦੇ ਵੀ ਸਮਝ ਨਹੀਂ ਪਵੇਗੀ।

ਇਕ ਵੇਰ ਜਦੋਂ ਇਹ 'ਕਨਫਿਊਜ਼ਨ ਦਾ ਸਿਧਾਂਤ' ਮੰਨ ਲਿਆ ਜਾਵੇ ਤਾਂ ਫੇਰ ਇਹ ਅੱਗੇ ਵਧਾ ਕੇ ਬੁਧੀਜੀਵੀਆਂ 'ਤੇ ਵੀ ਲਾਗੂ ਕੀਤਾ ਜਾਂਦਾ ਹੈ। ਅਖੀਰ ਵਿਚ ਕੇਵਲ ਬੰਦ ਬੂਹਿਆਂ ਵਾਲੇ ਮਨ ਨੂੰ ਹੀ ਕਨਫਿਊਜ਼ਨ ਦੇ ਖ਼ਿਲਾਫ਼ ਪੱਕੀ ਗਰੰਟੀ ਸਮਝਿਆ ਜਾਂਦਾ ਹੈ। ਸੋਚਣ ਦਾ ਸਾਰਾ ਕੰਮ ਕੁਝ ਬੰਦਿਆਂ ਉਪਰ ਛਡ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਵਿਸ਼ਵਾਸ ਕਰ ਕੇ ਇਹ ਅਧਿਕਾਰ ਦੇ ਦਿੱਤਾ ਜਾਂਦਾ ਹੈ ਕਿ ਉਹ ਬਿਲਕੁਲ ਸੁਰੱਖਿਅਤ ਹਨ ਤੇ ਕਨਫਿਊਜ਼ ਨਹੀਂ ਹੋ ਸਕਦੇ। ਇਥੋਂ ਤੱਕ ਕਿ ਪਾਰਟੀ ਵਿਚ ਬੁਧੀਜੀਵੀਆਂ ਨੂੰ ਮਾਣ ਤੇ ਸਤਿਕਾਰ ਵੀ ਦਿੱਤਾ ਜਾਂਦਾ ਹੈ ਪਰ ਸਿਰਫ਼ ਉਦੋਂ ਤੱਕ ਜਦ ਤੱਕ ਸੋਚਣ ਵਰਗਾ ਕੋਈ ਟੋਂਟਾ ਖੜਾ ਕਰ ਕੇ ਬਾਕੀਆਂ ਨੂੰ ਵੀ ਆਪਣੇ ਨਾਲ ਕਨਫਿਊਜ਼ ਕਰਨ ਲਈ ਉਹ ਨਹੀਂ ਨਿਕਲ ਤੁਰਦੇ। ਪਿਛੇ ਜਿਹੇ ਕੁਝ ਨੌਜਵਾਨਾਂ ਵਲੋਂ ਲਾਇਆ ਗਿਆ ਇਹ ਨਾਹਰਾ, ਜਿੰਨਾ ਵਧ ਕੋਈ ਮਾਰਕਸ, ਲੈਨਿਨ, ਮਾਓ ਪੜ੍ਹੇਗਾ ਉੱਨਾ ਵਧੇਰੇ ਹੀ ਉਸ ਦੀ ਮੂਰਖਤਾ ਵਿਚ ਵਾਧਾ ਹੋਵੇਗਾ, ਇਮਾਨਦਾਰੀ ਨਾਲ ਲੰਮੇ ਸਮੇਂ ਤੋਂ ਚਲੇ ਆ ਰਹੇ ਸਿਧਾਂਤ-ਵਿਰੋਧੀ ਅਤੇ ਬੌਧਿਕਤਾ-ਵਿਰੋਧੀ ਝੁਕਾਵਾਂ ਨੂੰ ਚੰਗੀ ਤਰ੍ਹਾਂ ਪ੍ਰਗਟਾਉਂਦਾ ਹੈ। (ਅਨੁਵਾਦ : ਭਗਵਾਨ ਸਿੰਘ ਜੋਸ਼)

---


Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3362 E, 29th AVE.,
VANCOUVER-16 (B.C.)
CANADA

Frice : Rs. 2.00 per copy
Subscription :
Annual (India) : Rs. 15
U.K., U.S.A., Canada : £ 5 / $10 (By Air); £2.50 / $5 (By Sea)
(Pakistan) : Rs. 30
Life membership : Rs. 100 (India); £50 / $100 (By Air) : £ 25/ $50 (By Sea)


---


* ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ; ਮੁਲ : ਪੰਦਰਾਂ ਰੁਪੈ।




ਭਗਵਾਨ ਸਿੰਘ ਜੋਸ਼

## ਮਾਰਕਸਵਾਦ ਤੇ ਖੱਬੀ ਲਫ਼ਾਜ਼ੀ

ਸੇਧ, ਜੁਲਾਈ 1979 ਅੰਕ, ਸਫ਼ੇ 53-57 : ਮੈਂ ਕਾਮਰੇਡ ਦੇਵਾ ਸਿੰਘ ਮਾਹਲਾ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿਉਂਕਿ ਉਸ ਨੇ ਅਤਿ ਖੱਬੇ ਸਰਕਲਾਂ ਵਿਚ ਜੋ ਵਿਚਾਰ ਗਾਂਧੀ ਅਤੇ ਕੌਮੀ ਲਹਿਰ ਬਾਰੇ ਪ੍ਰਚੱਲਤ ਹਨ, ਸਾਡੇ ਸਾਹਮਣੇ ਖੋਲ੍ਹ ਕੇ ਰੱਖ ਦਿੱਤੇ ਹਨ ਤਾਕਿ ਅਸੀਂ ਉਨ੍ਹਾਂ ਦੀ ਪੁਣ-ਛਾਣ ਕਰ ਸਕੀਏ। ਅਸਲ ਵਿਚ ਇਹ ਵਿਚਾਰ ਇਕੱਲੇ ਦੇਵਾ ਸਿੰਘ ਮਾਹਲਾ ਦੇ ਹੀ ਨਹੀਂ (ਜਿਵੇਂ ਕਿ ਚੰਦਨ ਦੇ ਖ਼ਤ ਤੋਂ ਵੀ ਸਪੱਸ਼ਟ ਹੈ), ਇਹ ਵਿਚਾਰ ਸਾਡੀ ਖੱਬੀ ਲਹਿਰ ਵਿਚ ਬਹੁਤ ਸਾਰੇ ਕਾਰਕੁਨਾਂ ਦੇ ਹਨ ਜਿਨ੍ਹਾਂ ਨੇ ਇਨ੍ਹਾਂ ਵਿਚਾਰਾਂ ਨੂੰ ਸ਼ਾਇਦ ਐਨੇ ਜ਼ੋਰ ਨਾਲ ਨਾ ਫੈਲਾਇਆ ਹੋਵੇ ਜਿੰਨਾ ਕਿ ਕਾਮਰੇਡ ਦੇਵਾ ਸਿੰਘ ਮਾਹਲਾ ਨੇ। ਸ਼ਾਇਦ ਕਾਮਰੇਡ ਦੇਵਾ ਸਿੰਘ ਮਾਹਲਾ ਇਮਾਨਦਾਰਾਨਾ ਤੌਰ 'ਤੇ ਇਨ੍ਹਾਂ ਵਿਚਾਰਾਂ ਤੋਂ ਕਾਇਲ ਹੈ ਤੇ ਇੰਜ ਇਨ੍ਹਾਂ ਨੂੰ ਪਰਚਾਰਨ ਦੀ ਲੋੜ ਮਹਿਸੂਸ ਕਰਦਾ ਹੈ। ਮੇਰੇ ਖਿਆਲ ਵਿਚ ਏਸੇ ਭਾਵਨਾ ਵਿਚੋਂ ਹੀ ਉਸ ਨੇ ਮੇਰੇ ਵਿਚਾਰਾਂ ਨੂੰ, ਖਾਸ ਕਰਕੇ ਭਗਤ ਸਿੰਘ ਤੇ ਗਾਂਧੀ ਦੇ ਹਿੰਸਾ-ਅਹਿੰਸਾ ਪ੍ਰਤੀ ਵਿਚਾਰਾਂ ਦੀ ਮੇਰੀ ਤੁਲਣਾ ਨੂੰ 'ਪਾਗਲਪੁਣੇ ਦੀ ਇੰਤਹਾ' ਕਿਹਾ ਹੈ। ਉਸ ਨੂੰ ਮੇਰੀ ਮੂਰਖਤਾ 'ਤੇ ਐਨਾ ਤਰਸ ਆਇਆ ਹੈ ਕਿ ਉਸ ਨੇ ਮੇਰੀ ਥੋੜ੍ਹੀ ਜਿਹੀ 'ਸਕੂਲਿੰਗ' ਵੀ ਕੀਤੀ ਹੈ ਤੇ 'ਮਜਬੂਰਨ' ਵਿਸ਼ੇ (ਗਾਂਧੀ ਬਨਾਮ ਭਗਤ ਸਿੰਘ) ਤੋਂ ਬਾਹਰ ਜਾ ਕੇ ਮੈਨੂੰ ਇਹ 'ਇਤਿਹਾਸਿਕ ਤੱਥ' ਸਮਝਾਉਣ ਦਾ ਯਤਨ ਵੀ ਕੀਤਾ ਹੈ : 'ਕਾਰਲ ਮਾਰਕਸ ਨੂੰ ਉਸ ਦੇ ਇਨਕਲਾਬੀ ਵਿਚਾਰ ਰੱਖਣ 'ਤੇ ਕਿਸੇ ਦੇਸ਼ ਨੇ ਪਨਾਂਹ ਨਹੀਂ ਦਿਤੀ ਤੇ ਉਸ ਨੂੰ ਯੂਰਪ ਦੇ ਸਾਰੇ ਦੇਸ਼ਾਂ ਨੇ ਜਲਾਵਤਨ ਕਰੀ ਰੱਖਿਆ। ਅਖੀਰ ਇੰਗਲੈਂਡ ਵਿਚ ਹੀ ਉਸ ਨੇ ਬਾਕੀ ਦੀ ਉਮਰ ਬਿਤਾਈ ਅਤੇ ਉਥੇ ਹੀ ਰਹਿ ਕੇ ਆਪਣੀ ਪ੍ਰਸਿੱਧ ਪੁਸਤਕ 'ਸਰਮਾਇਆ' ਲਿਖੀ'। ਇਹ 'ਭੇਦ' ਕਾਮਰੇਡ ਮਾਹਲਾ ਹੀ ਜਾਣੇ ਕਿ ਇਨ੍ਹਾਂ ਸਤਰਾਂ ਦਾ 'ਗਾਂਧੀ ਬਨਾਮ ਭਗਤ ਸਿੰਘ' ਵਿਸ਼ੇ ਨਾਲ ਕੀ ਸੰਬੰਧ ਹੈ। ਕਿੰਨਾ ਚੰਗਾ ਹੁੰਦਾ ਕਿ ਮੈਨੂੰ ਇਹ 'ਜੀਵਨੀ' ਸੁਣਾਉਣ ਦੀ ਬਜਾਏ ਕਾਮਰੇਡ ਮਾਹਲਾ ਪੰਜਾਬੀ ਵਿਚ ਛਪੀ 'ਸਰਮਾਇਆ' ਪੜ੍ਹਦਾ ਤੇ ਸੇਧ ਲਈ ਇਸ ਦਾ ਰੀਵੀਊ ਲਿਖਦਾ। ਮੈਨੂੰ ਇਸ ਦੀ ਇੰਤਜ਼ਾਰ ਰਹੇਗੀ।

ਮੈਂ ਗਾਂਧੀਵਾਦੀ ਸਿਆਸਤ ਨੂੰ ਸਾਮਰਾਜ-ਵਿਰੋਧੀ ਲਹਿਰ ਦੀ ਸਮੁੱਚਤਾ ਵਿਚ ਰੱਖ ਕੇ ਵੇਖਣ ਤੇ ਉਸ ਦਾ ਮੁਲਾਂਕਣ ਕਰਨ ਲਈ ਅਗਲੀ ਵਾਰ ਤੋਂ ਇਕ ਵਖਰੀ ਲੇਖ-ਲੜੀ—'ਮਾਰਕਸਵਾਦ, ਗਾਂਧੀ ਅਤੇ ਕੌਮੀ ਲਹਿਰ' ਪਾਠਕਾਂ ਅੱਗੇ ਰੱਖਾਂਗਾ। ਇਥੇ ਮੈਂ ਕੁਝ ਕੁ ਮੁਢਲੇ ਸ਼ੰਕਿਆਂ ਤੇ

'ਸਾਧਾਰਨ' ਗੱਲਾਂ ਨੂੰ ਸਪੱਸ਼ਟ ਕਰਨਾ ਚਾਹਾਂਗਾ ਜਿਹਨਾਂ ਨੂੰ ਕਾਮਰੇਡ ਮਾਹਲੇ ਅਨੁਸਾਰ ਹਰ 'ਸਾਧਾਰਨ ਬੁਧੀਵਾਨ' ਵੀ ਜਾਣਦਾ ਹੈ।

ਗਦਾਰੀ ਦਾ ਸਿਧਾਂਤ : ਗਾਂਧੀ ਦੇ 'ਮੁਲਾਂਕਣ' ਲਈ ਦੇਵਾ ਸਿੰਘ ਮਾਹਲਾ ਵਲੋਂ ਵਰਤਿਆ ਗਿਆ 'ਗਦਾਰੀ ਦਾ ਸਿਧਾਂਤ' ਅਸਲ ਵਿਚ ਉਸ ਦੀ ਇਤਿਹਾਸ ਬਾਰੇ ਆਮ ਸਮਝ ਦਾ ਹੀ ਅੰਗ ਹੈ। ਉਪਰੋਂ ਵੇਖਣ ਨੂੰ ਇਹ ਸਿਧਾਂਤ ਬਹੁਤ ਇਨਕਲਾਬੀ ਲਗਦਾ ਹੈ ਤੇ ਆਪਣੇ ਆਪ ਨੂੰ ਇੰਜ ਪੋਜ਼ ਕਰਦਾ ਹੈ ਜਿਵੇਂ ਇਹ ਲੋਕਾਂ ਦੇ ਧੁਰ ਅੰਦਰੋਂ ਨਿਕਲੀ ਹੋਈ ਆਵਾਜ਼ ਹੋਵੇ। ਇਹ ਸਿਧਾਂਤ (ਕਾਰ) ਆਪਣੇ ਆਪ ਲਈ ਖੱਬੀ ਲਫ਼ਾਜ਼ੀ ਰਾਹੀਂ ਲੋਕਾਂ ਦਾ ਸਭ ਤੋਂ ਸੱਚਾ-ਸੁੱਚਾ ਸੇਵਕ ਤੇ ਪ੍ਰਤੀਨਿਧ ਹੋਣ ਦਾ ਅਧਿਕਾਰ ਆਪਣੇ ਆਪ ਹੀ ਪ੍ਰਾਪਤ ਕਰ ਲੈਂਦਾ ਹੈ ਤੇ 'ਲੋਕ-ਹਿੱਤਾਂ' ਉਪਰ ਪਹਿਰਾ ਦੇਣ ਦੀ ਸੌਂਹ ਖਾਂਦਾ ਹੈ। ਹਾਲਾਂਕਿ ਲੋਕ ਨਾ ਤਾਂ ਇਸ ਪਿਛੇ ਜਥੇਬੰਦ ਹੁੰਦੇ ਹਨ ਤੇ ਨਾ ਹੀ ਲੋਕਾਂ ਤੱਕ ਪਹੁੰਚਣ ਦੀ ਇਸ ਦੀ ਕੋਸ਼ਿਸ਼ ਹੁੰਦੀ ਹੈ। ਇਹ ਸਿਧਾਂਤ (ਕਾਰ) ਲੋਕਾਂ ਨੂੰ ਆਪਣੇ ਵਿਰੋਧੀਆਂ ਪਿਛੇ ਲੱਗੇ ਵੇਖ ਕੇ ਖਿਝਦਾ ਹੈ ਤੇ ਉਨ੍ਹਾਂ ਉਪਰ ਧੂੰਆਂ-ਧਾਰ ਖੱਬੀ ਲਫ਼ਾਜ਼ੀ ਦੀ ਬੁਛਾੜ ਕਰਦਾ ਹੈ ਤੇ ਇੰਜ 'ਊਠ ਦੇ ਲਮਕਦੇ ਬੁਲ੍ਹ ਦੇ ਡਿੱਗਣ ਵਾਂਗ' ਇਹ ਆਸ ਲਗਾਈ ਰਖਦਾ ਹੈ ਕਿ ਇਕ ਦਿਨ ਜਦ ਉਹ ਵਿਰੋਧੀਆਂ ਨੂੰ ਲੋਕਾਂ ਅੱਗੇ 'ਬੇਨਕਾਬ' ਕਰ ਦੇਵੇਗਾ ਤਾਂ ਉਹ ਸਾਰੇ ਲੋਕ ਜੋ ਇਨ੍ਹਾਂ ਵਿਰੋਧੀਆਂ ਪਿਛੇ ਖੜ੍ਹੇ ਹਨ ਆਪਣੇ ਆਪ ਇਸ ਸਿਧਾਂਤ (ਕਾਰ) ਪਿਛੇ ਆ ਖੜ੍ਹਨਗੇ। ਸੋ ਸਾਰੀ ਸਫ਼ਲਤਾ ਵਿਰੋਧੀਆਂ ਨੂੰ ਲੋਕਾਂ ਦੀ ਕਚਹਿਰੀ ਵਿਚ 'ਬੇਨਕਾਬ' ਕਰਨ ਉਪਰ ਹੀ ਨਿਰਭਰ ਹੁੰਦੀ ਹੈ। ਜਿੰਨਾ ਵੱਧ ਵਿਰੋਧੀਆਂ ਨੂੰ 'ਬੇਨਕਾਬ' ਕਰੋਗੇ, ਉਨੀਆਂ ਹੀ ਤੁਹਾਡੀਆਂ ਪੌਂ ਬਾਰਾਂ! ਇਹਦੀ ਮਾਰਕਸਵਾਦੀ ਸੋਚ, ਇਸ ਸਵਾਲ ਦਾ ਕਿ ਲੋਕ ਮੇਰੇ ਵਿਰੋਧੀਆਂ ਪਿਛੇ ਕਿਉਂ ਹਨ, ਜਵਾਬ ਇਹੀ ਦਿੰਦੀ ਹੈ ਕਿ ਲੋਕ ਉਨ੍ਹਾਂ ਦੇ ਪਿੱਛੇ ਇਸ ਕਰਕੇ ਹਨ 'ਕਿਉਂਕਿ ਉਨ੍ਹਾਂ ਨੇ ਲੋਕਾਂ ਦੀ ਅਖੀਂ ਘੱਟਾ ਪਾ ਕੇ ਉਹਨਾਂ ਨੂੰ ਮਗਰ ਲਾਇਆ ਹੈ। ਇਹ ਸਿਧਾਂਤ (ਕਾਰ) ਇਹ ਮੰਨ ਕੇ ਚਲਦਾ ਹੈ ਕਿ ਜਦ ਲੋਕ ਉਹਦੇ ਮਗਰ ਲੱਗਣਗੇ ਤਾਂ ਇਹ ਅੱਖੀਂ ਘੱਟਾ ਨਹੀਂ ਹੋਵੇਗਾ, ਇਹ ਸੁਧੀ ਵਿਗਿਆਨਕ ਸੋਚ ਹੋਵੇਗੀ। ਇਤਿਹਾਸ ਵਿਚ ਵੱਖ ਵੱਖ ਪਾਰਟੀਆਂ ਦੇ ਰੋਲ ਨੂੰ ਸਮਝਣ ਲਈ ਇਹ ਸਿਧਾਂਤ ਕਿਸੇ ਬਹੁਤੇ ਝੰਜਟ ਵਿਚ ਨਹੀਂ ਪੈਂਦਾ। ਇਹ ਸਿਰਫ਼ ਲੋਕਾਂ ਅਗੇ ਐਲਾਨ ਕਰਦਾ ਹੈ : "ਗਾਂਧੀ ਨੇ ਲੋਕਾਂ ਨਾਲ ਗਦਾਰੀ ਕੀਤੀ! ਸੀ. ਪੀ. ਆਈ. ਨੇ ਲੋਕਾਂ ਨਾਲ ਗਦਾਰੀ ਕੀਤੀ! ਸੀ. ਪੀ. ਐਮ. ਨੇ ਲੋਕਾਂ ਨਾਲ ਗਦਾਰੀ ਕੀਤੀ! ਫਲਾਨਾ ਗਰੁੱਪ ਗਦਾਰ ਜੁੰਡਲੀ ਹੈ!" ਤੇ ਪਿੱਛੋਂ ਦੱਬੀ ਆਵਾਜ਼ ਵਿਚ ਕਹਿੰਦਾ ਹੈ : "ਲੋਕੋ! ਭੋਲੀਓ ਭੇਡੋ!! ਕੁੱਝ ਤਾਂ ਸਮਝੋ, ਮੇਰੇ ਮਗਰ ਲੱਗੋ। ਮੈਂ ਤੁਹਾਡੇ ਨਾਲ ਕਦਾਚਿਤ ਗਦਾਰੀ ਨਹੀਂ ਕਰਾਂਗਾ।" ਜੇਕਰ ਲੋਕ ਪੁਛਣ ਕਿ ਤੇਰੇ ਕਹਿਣ ਅਨੁਸਾਰ ਅੱਗੇ ਐਨੇ ਲੋਕਾਂ ਨੇ ਸਾਡੇ ਨਾਲ ਗਦਾਰੀ ਕੀਤੀ ਹੈ, ਕੀ ਗਰੰਟੀ ਹੈ ਕਿ ਤੂੰ ਗਦਾਰੀ ਨਹੀਂ ਕਰੇਂਗਾ? ਤਾਂ ਇਸ ਸਿਧਾਂਤ ਕੋਲ ਸਿਰਫ਼ ਇਕੋ ਹੀ ਜਵਾਬ ਹੁੰਦਾ ਹੈ—ਭਾਵੇਂ ਲੋਕ ਉਸ ਵਿਚ ਵਿਸ਼ਵਾਸ ਕਰਨ, ਨਾ ਕਰਨ, ਇਹ ਉਨ੍ਹਾਂ ਦੀ ਸਮੱਸਿਆ ਹੈ—'ਮੈਂ ਇਨਕਲਾਬੀ (ਖਾੜਕੂ) ਹਾਂ, ਬਾਕੀ ਸਭ ਸੁਧਾਰਵਾਦੀ ਹਨ।'

ਭਾਰਤ ਵਿਚ ਇਸ ਸਿਧਾਂਤ ਦਾ ਪਿਤਾਮਾ ਐਮ. ਐਨ. ਰਾਏ ਸੀ। ਉਹ ਗਾਂਧੀ ਨੂੰ 'ਬੇਨਕਾਬ' ਕਰਦਾ ਕਰਦਾ ਇਥੋਂ ਤੱਕ ਪੁੱਜ ਗਿਆ ਕਿ ਅੰਗਰੇਜ਼ਾਂ ਨਾਲ ਹੱਥ ਜਾ ਜੋੜੇ ਤੇ ਭਾਰਤੀ ਲੋਕਾਂ ਦੀ ਕੌਮੀ ਲਹਿਰ ਨੂੰ ਫ਼ਾਸੀਵਾਦ ਦੱਸਣ ਲੱਗ ਪਿਆ। ਇੰਜ ਹੀ ਸੀ. ਪੀ. ਐਮ. ਨੇ 1964 ਤੋਂ ਲੈ ਕੇ ਹੁਣ ਤਕ ਸੀ. ਪੀ. ਆਈ. ਨੂੰ 'ਬੇਨਕਾਬ' ਹੀ ਕੀਤਾ ਹੈ। ਪਰ ਕੀ 'ਬੇਨਕਾਬ' ਕਰਨ ਨਾਲ ਸੀ. ਪੀ.



ਆਈ. ਟੁੱਟ ਗਈ ਹੈ? ਪਾਰਟੀ ਕਾਡਰ ਸੀ. ਪੀ. ਐਮ. ਵਿਚ ਚਲਾ ਗਿਆ ਹੈ? 1968 ਤੋਂ ਲੈ ਕੇ ਸੀ. ਪੀ. ਐਮ. ਐਲ. ਅਤੇ ਹੋਰ ਨਕਸਲਵਾਦੀ ਗਰੁੱਪਾਂ ਨੇ ਸੀ. ਪੀ. ਐਮ. ਨੂੰ 'ਬੇਨਕਾਬ' ਕੀਤਾ ਹੈ! ਕੀ ਸੀਟੂ ਤੇ ਉਨ੍ਹਾਂ ਦੀਆਂ ਹੋਰ ਜਨਤਕ ਜਥੇਬੰਦੀਆਂ ਵਿਚਲੇ ਲੋਕ 'ਬੇਨਕਾਬ' ਕਰਨ ਵਾਲਿਆਂ ਪਿੱਛੇ ਆ ਗਏ ਹਨ? ਹੁਣ ਕੁਝ ਨਕਸਲਵਾਦੀ ਗਰੁੱਪ ਇਕ ਦੂਸਰੇ ਨੂੰ 'ਬੇਨਕਾਬ' ਕਰਨ ਉਪਰ ਤੁਲੇ ਹੋਏ ਹਨ ਤਾਕਿ ਵਿਰੋਧੀ ਗਰੁਪ ਨਾਲ ਜੋ ਵੀ ਥੋੜ੍ਹੇ ਬਹੁਤੇ ਲੋਕ ਖੜ੍ਹੇ ਹਨ, ਉਹ ਉਸ ਨੂੰ ਛੱਡ ਕੇ 'ਬੇਨਕਾਬ' ਕਰਨ ਵਾਲਿਆਂ ਵਲ ਆ ਜਾਣ। ਇਹ ਸਿਧਾਂਤ ਇਥੇ ਹੀ ਨਹੀਂ ਰੁਕਦਾ; ਇਸ ਦੀ ਤਰਕਸ਼ੀਲਤਾ ਇਸ ਨੂੰ ਹੋਰ ਵੀ ਅੱਗੇ ਲੈ ਜਾਂਦੀ ਹੈ : ਗਰੁੱਪ ਵਿਚ ਵਿਅਕਤੀਗਤ ਮੈਂਬਰਾਂ ਨੂੰ 'ਬੇਨਕਾਬ' ਕਰਨਾ। ਫਲਾਣੇ ਨੂੰ ਬਾਹਰ ਕੱਢੋ ਕਿਉਂਕਿ ਉਹ ਲੋਕਾਂ ਦਾ ਗ਼ਦਾਰ ਹੈ, ਹਾਲਾਂਕਿ ਉਸ ਵਿਚਾਰੇ ਬਾਰੇ ਲੋਕਾਂ ਨੂੰ ਉੱਕਾ ਹੀ ਕੁਝ ਨਹੀਂ ਪਤਾ ਹੁੰਦਾ। ਦੇਵਾ ਸਿੰਘ ਮਾਹਲਾ ਲਈ ਇਤਿਹਾਸ ਦਾ ਇਹ 'ਠੋਸ ਪਦਾਰਥਵਾਦੀ ਵਿਸ਼ਲੇਸ਼ਣ' ਹੈ ਤੇ ਜੇਕਰ ਮਾਰਕਸ ਆਪ ਵੀ ਇਸ ਨੂੰ ਸਵੀਕਾਰ ਕਰਨ ਤੋਂ ਨਾਂਹ ਨੁਕਰ ਕਰੇ ਤਾਂ ਉਸ ਦੇ ਖਿਲਾਫ਼ ਵੀ ਉਨੀ ਆਸਾਨੀ ਨਾਲ ਹੀ ਵਰਤਿਆ ਜਾ ਸਕਦਾ ਹੈ ਜਿੰਨੀ ਨਾਲ ਹੋਰਾਂ ਦੇ ਖਿਲਾਫ਼। ਸਾਫ਼ ਹੈ ਇਹ ਸਿਧਾਂਤ ਤਾਂ ਸਕੂਲੀ ਪਾੜ੍ਹਾ ਵੀ ਲਾਗੂ ਕਰ ਸਕਦਾ ਹੈ। ਇਸ ਨੂੰ ਲਾਗੂ ਕਰਨ ਲਈ ਭਲਾ ਮਾਰਕਸਵਾਦ ਦੇ ਮੁਢਲੇ ਅਸੂਲਾਂ ਨੂੰ ਵੀ ਜਾਣਨ ਦੀ ਕੀ ਲੋੜ ਹੈ?

ਵਿਸ਼ਲੇਸ਼ਣ ਵਿਧੀ : ਖੱਬੀ ਲਫ਼ਾਜ਼ੀ ਪਿਛੇ ਵਿਚਰਦੇ ਇਸ ਸਿਧਾਂਤ ਦੀ ਵਿਧੀ ਬੜੀ ਆਸਾਨ ਹੈ ਪਰ ਕਈ ਵੇਰ ਇਸ ਦੇ ਮਾਰਕਸਵਾਦੀ ਹੋਣ ਦਾ ਭੁਲੇਖਾ ਵੀ ਪੈ ਸਕਦਾ ਹੈ ਕਿਉਂਕਿ ਇਹ ਵਿਧੀ ਵੀ ਸਮਾਜਕ ਵਰਤਾਰੇ ਨੂੰ ਦੋ ਵਿਰੋਧਾਂ ਦੇ ਪ੍ਰਸੰਗ ਵਿਚ ਵੇਖਦੀ ਹੈ। ਪਰ ਇਹ ਵਿਧੀ ਮਾਰਕਸਵਾਦ ਨਾਲੋਂ ਇਸ ਕਰਕੇ ਭਿੰਨ ਹੈ ਕਿ ਇਹ ਇਨ੍ਹਾਂ ਦੋ ਵਿਰੋਧਾਂ ਦੀ 'ਡਾਇਲੈਕਟੀਕਲ ਏਕਤਾ' ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰ ਦਿੰਦੀ ਹੈ ਤੇ ਇੰਜ ਦੋ ਵਿਰੋਧਾਂ ਨੂੰ ਆਖਰ ਵਿਚ ਦੋ ਵਖਰੀਆਂ ਵਖਰੀਆਂ ਵਿਰੋਧੀ ਧਿਰਾਂ (mutually exclusive extreme polarities) ਵਿਚ ਤੋੜ ਲੈਂਦੀ ਹੈ। ਸੋਚਣ ਦੀ ਇਸ ਵਿਧੀ ਲਈ ਬਸ ਸਿਰੇ ਦੇ ਦੋ ਧਰੁ ਹੀ ਹੁੰਦੇ ਹਨ, ਉਨ੍ਹਾਂ ਵਿਚਲੇ ਸਮਤੋਲ ਦੇ ਪੜਾਅ ਨਹੀਂ ਹੁੰਦੇ। ਇਹ ਵਿਧੀ ਸਿਰਫ਼ ਦੋ ਹੀ ਰੰਗ ਜਾਣਦੀ ਹੈ : ਚਿੱਟਾ ਤੇ ਕਾਲਾ; ਮਾਰਕਸਵਾਦੀ ਤੇ ਮਾਰਕਸਵਾਦ ਦੇ ਦੁਸ਼ਮਣ; ਸੇਵਕ ਤੇ ਗਦਾਰ; ਇਸ ਪਾਸੇ ਜਾਂ ਉਸ ਪਾਸੇ। ਇਥੇ ਇਹ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਜਿਵੇਂ ਕਿ ਲੈਨਿਨ ਕਹਿੰਦਾ ਹੁੰਦਾ ਸੀ, ਕਿ ਕਿਸੇ ਵੀ ਸਿਧਾਂਤ ਵਿਚ ਕੁਝ ਕੁ ਤੱਤ ਸੱਚਾਈ ਦੇ ਜ਼ਰੂਰ ਹੁੰਦੇ ਹਨ ਭਾਵੇਂ ਉਹ ਕਿੰਨਾ ਵੀ ਆਦਰਸ਼ਵਾਦੀ ਕਿਉਂ ਨਾ ਹੋਵੇ। ਇਸ ਸਿਧਾਂਤ ਵਿਚ ਵੀ ਜੋ ਇਕ-ਪਾਸੜਵਾਦ ਦਾ ਸ਼ਿਕਾਰ ਹੈ ਕੁਝ ਗੱਲਾਂ ਬਹੁਤ ਮੋਟੇ ਤੌਰ 'ਤੇ ਠੀਕ ਹਨ ਪਰ ਇਹ ਬਾਕੀ ਦੇ ਸੱਚਾਈ ਦੇ ਤੱਤਾਂ ਨਾਲ ਸਮਤੋਲ ਕਾਇਮ ਕਰ ਕੇ ਮੁਕੰਮਲ ਸੱਚ ਨੂੰ ਨਹੀਂ ਪ੍ਰਗਟਾਉਂਦਾ, ਇਸ ਲਈ ਖ਼ਤਰਨਾਕ ਹੋ ਨਿਬੜਦਾ ਹੈ। ਇਹ ਸਿਧਾਂਤ ਇਹ ਕਹਿਣ ਦੀ ਬਜਾਏ 'ਉਹ ਤੇਰਾ ਬਾਪੂ ਹੈ', ਸਿਰਫ਼ ਇਹੀ ਕਹਿਣਾ ਜਾਣਦਾ ਹੈ : "ਉਹ ਤੇਰੀ ਮਾਂ ਦਾ ਯਾਰ ਹੈ ਜਾਂ ਖਸਮ ਹੈ।" ਸਿਆਸਤ ਦੀ ਪੱਧਰ 'ਤੇ ਇਹ ਸੰਕਲਪਾਂ ਨੂੰ ਤਿੱਖੀ ਲੀਕ ਵਾਹ ਕੇ ਦੋ ਵਿਰੋਧਾਂ ਵਿਚ ਅਲੱਗ ਅਲੱਗ ਕਰ ਦਿੰਦਾ ਹੈ ਤੇ ਵਿਸ਼ਵਾਸ ਕਰਦਾ ਹੈ ਕਿ ਅਸਲੀਅਤ ਵੀ ਇੰਜ ਹੀ ਹੈ ਜਿਵੇਂ ਇਹ ਦੋ ਵਿਸ਼ਲੇਸ਼ਣੀ ਸੰਕਲਪ। ਮਿਸਾਲ ਵਜੋਂ ਹੇਠਲੇ ਦੁਫਾੜ ਸੰਕਲਪ : ਸੁਧਾਰਵਾਦੀ ਸਿਆਸਤ-ਇਨਕਲਾਬੀ ਸਿਆਸਤ; ਪਾਰਲੀਮੈਂਟਰੀਵਾਦ-ਗੈਰਪਾਰਲੀਮੈਂਟਰੀਵਾਦ; ਕਾਨੂੰਨੀ-ਗੈਰਕਾਨੂੰਨੀ;

ਸੰਵਿਧਾਨਕ-ਗੈਰ ਸੰਵਿਧਾਨਕ ਆਦਿ ।*

ਅਮਰਜੀਤ ਚੰਦਨ ਤੇ ਦੇਵਾ ਸਿੰਘ ਦੀਆਂ ਟਿਪਣੀਆਂ ਪਿਛੇ ਵੀ ਇਹੀ ਵਿਧੀ ਛੁਪੀ ਹੋਈ ਹੈ। ਦੇਵਾ ਸਿੰਘ ਮਾਹਲਾ ਲਿਖਦਾ ਹੈ : "ਜਿਹੜੀ ਕਮਿਊਨਿਸਟ ਪਾਰਟੀ ਤੇ ਪੂਰਨ ਚੰਦ ਜੋਸ਼ੀ ਦੇ ਜ਼ਮਾਨੇ ਦੀਆਂ ਗੱਲਾਂ ਲਿਖਾਰੀ ਭਗਵਾਨ ਸਿੰਘ ਜੋਸ਼ ਕਰਦਾ ਹੈ, ਉਹ ਤਾਂ ਆਪ ਗਾਂਧੀ ਦਾ ਪੁਜਾਰੀ ਤੇ ਪਿੱਠੂ ਸੀ।" ਦੇਵਾ ਸਿੰਘ ਮਾਹਲਾ ਦੀ ਸਾਰੀ ਸਮਝ ਅਸਲ ਵਿਚ 'ਰੰਧੀਵੇ ਲਾਈਨ' ਦੀ ਸਮਝ ਹੈ। ਦੇਵਾ ਸਿੰਘ ਦੀ ਤਰਕਸ਼ੀਲਤਾ ਸਪੱਸ਼ਟ ਹੈ; ਅਤਿ ਆਪਾ-ਵਿਰੋਧੀ ਸਿਰਫ਼ ਦੋ ਹੀ ਲਾਈਨਾਂ ਹੋ ਸਕਦੀਆਂ ਹਨ : ਜੋਸ਼ੀ ਲਾਈਨ-ਰੰਧੀਵੇ ਲਾਈਨ ! ਜੇਕਰ ਭਗਵਾਨ ਸਿੰਘ ਜੋਸ਼ 'ਰੰਧੀਵੇ ਲਾਈਨ' (ਮਾਹਲਾ ਲਾਈਨ) ਦਾ ਵਿਰੋਧ ਕਰ ਰਿਹਾ ਹੈ ਤਾਂ ਜ਼ਰੂਰ ਹੀ ਉਹ ਜੋਸ਼ੀਵਾਦੀ ਹੈ ਕਿਉਂਕਿ ਦੇਵਾ ਸਿੰਘ ਮਾਹਲਾ ਇਹ ਸੋਚ ਹੀ ਨਹੀਂ ਸਕਦਾ (ਜਾਂ ਇੰਜ ਕਹੋ ਕਿ ਉਸ ਦੀ 'ਮਾਰਕਸਵਾਦੀ' ਵਿਧੀ ਉਸ ਨੂੰ ਸੋਚਣ ਹੀ ਨਹੀਂ ਦਿੰਦੀ) ਕਿ 'ਰੰਧੀਵੇ ਲਾਈਨ' ਦੀ ਵਿਰੋਧਤਾ 'ਜੋਸ਼ੀ ਲਾਈਨ' ਦੇ ਸਿਵਾਏ ਕਿਸੇ ਹੋਰ ਪੈਂਤੜੇ ਤੋਂ ਵੀ ਹੋ ਸਕਦੀ ਹੈ ਤੇ ਇੰਜ ਹੀ ਇਹ ਤੱਥ ਕਿ ਜੋਸ਼ੀ ਲਾਈਨ (ਅਤਿ ਸੱਜੀ) ਦਾ ਬਦਲ ਰੰਧੀਵੇ ਲਾਈਨ (ਅਤਿ ਖੱਬੀ) ਨਹੀਂ ਹੈ। ਪਰ ਜੇਕਰ ਤੁਹਾਡੀ ਸੋਚ ਵਿਚ ਸਿਰਫ਼ ਲਾਈਨਾਂ ਹੀ ਦੋ ਹੋਣ—ਅਤਿ ਸੱਜੀ ਤੇ ਅਤਿ ਖੱਬੀ, ਤਾਂ ?? ਇਹੀ ਹਾਲ ਹਿੰਦੁਸਤਾਨ ਦੀ ਕਮਿਊਨਿਸਟ ਪਾਰਟੀ ਦਾ ਰਿਹਾ ਹੈ। ਸੀ. ਪੀ. ਆਈ. ਤੇ ਦੇਵਾ ਸਿੰਘ ਮਾਹਲਾ ਦੀਆਂ ਲਾਈਨਾਂ ਅਜੋਕੇ ਸੰਦਰਭ ਵਿਚ ਅੱਜ ਵੀ 'ਜੋਸ਼ੀ ਲਾਈਨ' ਅਤੇ 'ਰੰਧੀਵੇ ਲਾਈਨ' ਦਾ ਬਦਲਿਆ ਹੋਇਆ ਰੂਪ ਹੀ ਹਨ। ਇਹ ਇਸ ਸੋਚਣ ਵਿਧੀ ਦਾ ਹੀ ਕਮਾਲ ਹੈ ਕਿ ਮੇਰੇ ਵਿਚਾਰ ਕੌਮੀ ਲਹਿਰ ਬਾਰੇ ਜਾਣੇ ਬਗ਼ੈਰ ਦੇਵਾ ਸਿੰਘ ਮਾਹਲਾ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਕਿ ਮੈਂ ਜੋਸ਼ੀਵਾਦੀ ਹਾਂ। ਅੱਤ-ਖੱਬੀ ਅਤੇ ਅਤਿ-ਸੱਜੀ ਲਾਈਨ ਤੋਂ ਬੱਚ ਕੇ ਸਮਤੋਲ ਸਿਆਸੀ ਲਾਇਨ ਦੀ ਹੋਂਦ ਦੇਵਾ ਸਿੰਘ ਦੇ 'ਮਾਰਕਸਵਾਦ' ਦੇ ਵੱਸ ਦਾ ਰੋਗ ਨਹੀਂ ਹੈ। ਅਜਿਹੀ ਗੱਲ ਨੂੰ ਉਹ ਚਲਾਕ ਬੁਧੀਜੀਵੀਆਂ ਦੀ ਠੋਸੀ ਹੋਈ ਗੁੰਝਲਤਾਈ ਹੀ ਕਹੇਗਾ।

ਇੰਜ ਹੀ ਚੰਦਨ ਮਜ਼ਾਕ ਨਾਲ ਲਿਖਦਾ ਹੈ : "ਸ਼ਾਇਦ ਲੇਖਕ ਇਹ ਕਹਿਣਾ ਚਾਹੁੰਦਾ ਹੈ ਕਿ ਗਾਂਧੀ ਨੇ ਲੋਕਾਂ ਨਾਲ ਨਹੀਂ, ਸਗੋਂ ਲੋਕਾਂ ਨੇ ਗਾਂਧੀ ਨਾਲ ਗਦਾਰੀ ਕੀਤੀ ਸੀ।" ਚੰਦਨ ਦੀ ਤਰਕਸ਼ੀਲਤਾ ਵੀ ਆਪਾ-ਵਿਰੋਧ ਦੀ ਹੀ ਹੈ। ਉਸ ਅਨੁਸਾਰ ਜਦੋਂ ਕੋਈ ਇਹ ਕਹੇ ਕਿ 'ਮੁਰਗੀ' ਪਹਿਲਾਂ ਨਹੀਂ ਸੀ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਤਾਂ ਫਿਰ ਆਂਡਾ ਪਹਿਲਾਂ ਸੀ। ਪਰ ਇਹ ਤਰਕਸ਼ੀਲਤਾ ਘੁਮਦੀ ਕੇਵਲ 'ਮੁਰਗੀ'—'ਆਂਡੇ' ਦੇ ਪੋਲਾਂ ਵਿਚ ਹੀ ਹੈ ਤੇ ਉਸ ਦੇ ਪਿਛੇ ਛੁਪੀ 'ਪਦਾਰਥਕ ਏਕਤਾ' ਵਲ ਜਾ ਕੇ ਇਸ ਵਿਰੋਧ ਨੂੰ ਸੁਲਝਾਉਣ ਵਿਚ ਇਸ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਇਕ ਹੋਰ ਸਵਾਲ ਚੰਦਨ ਪੁਛਦਾ ਹੈ : "ਕੀ ਭਗਤ ਸਿੰਘ (ਮਾਰਕਸਵਾਦੀ) ਤੇ ਮਹਾਤਮਾਂ ਗਾਂਧੀ ਦੀ ਮੰਜ਼ਲ ਇਕ ਸੀ ?" ਹੁਣ ਮੈਂ ਕੀ ਉਸ ਨੂੰ ਚੀਨੀ ਇਤਿਹਾਸ ਯਾਦ ਕਰਾਵਾਂ ਤੇ ਪੁੱਛਾਂ : ਕੀ ਮਾਓ (ਮਾਰਕਸਵਾਦੀ) ਤੇ ਚਿਆਂਗਕਾਈਸ਼ੇਕ ਦੀ ਮੰਜ਼ਲ ਇਕ ਸੀ ? ਸੀਮਤ ਪੜਾਅ

---

* ਪੰਜਾਬੀ ਵਿਚ ਖੱਬੀ ਆਲੋਚਨਾ ਵਿਚਲੇ 'ਇਨਕਲਾਬੀ ਸਾਹਿਤ' ਤੇ 'ਪਿਛਾਂਹ-ਖਿਚੂ ਸਾਹਿਤ' ਜਿਹੇ ਸੰਕਲਪਾਂ ਦਾ ਮੁੱਢ ਇਥੇ ਹੀ ਹੈ। ਅਮਰਜੀਤ ਚੰਦਨ ਦੀ ਕਵਿਤਾ ਕੌਣ ਨਹੀਂ ਚਾਹੇਗਾ ? ਵੱਖ ਵੱਖ ਆਲੋਚਕਾਂ ਨੇ ਵੱਖ ਵੱਖ ਪਾਸੇ ਰੱਖੀ ਹੈ ਤੇ ਇੰਜ ਇਹ ਕਵਿਤਾ ਇਕੋ ਵੇਲ 'ਇਨਕਲਾਬੀ' ਅਤੇ 'ਪਿਛਾਂਹ-ਖਿੱਚੂ' ਕਹੀ ਗਈ ਹੈ।



ਤੱਕ, ਏਕਤਾ ਸਾਂਝੇ ਦੁਸ਼ਮਣ ਦੇ ਖਿਲਾਫ਼ ਪੇਸ਼ ਮੁਖ ਵਿਰੋਧਤਾਈ ਨੂੰ ਸਾਹਮਣੇ ਰੱਖ ਕੇ ਕੀਤੀ ਜਾਂਦੀ ਹੈ ਨਾ ਕੇ ਅੰਤਮ ਮੰਜ਼ਲ 'ਤੇ ਪੁੱਜਣ ਲਈ। ਰੂਸੀ ਇਨਕਲਾਬ ਲਈ ਮਜ਼ਦੂਰ-ਕਿਸਾਨ ਏਕਤਾ ਸਮਾਜਵਾਦੀ ਨਾਹਰਿਆਂ ਉਪਰ ਨਹੀਂ ਸਗੋਂ ਡੇਮੋਕ੍ਰੇਟਿਕ ਨਾਹਰਿਆਂ (ਜ਼ਮੀਨ, ਰੋਟੀ ਤੇ ਸ਼ਾਂਤੀ) ਉਪਰ ਕੀਤੀ ਗਈ ਸੀ। ਕਿਸਾਨੀ ਨੂੰ ਮਜ਼ਦੂਰਾਂ ਦੇ ਨਾਲ ਅੰਤਮ ਮੰਜ਼ਲ ਤਕ ਕਿਵੇਂ ਲਿਜਾਣਾ ਹੈ ? ਰੂਸੀ ਇਨਕਲਾਬੀ ਇਥੇ ਫੇਲ੍ਹ ਹੋਏ; ਇਹ ਮਾਓ ਦੀ ਦੇਣ ਹੈ।

ਸੁਧਾਰਵਾਦੀ ਸਿਆਸਤ-ਇਨਕਲਾਬੀ ਸਿਆਸਤ : ਦੇਵਾ ਸਿੰਘ ਮਾਹਲਾ ਸ਼ੁਰੂ ਵਿਚ ਹੀ ਲਿਖਦਾ ਹੈ (ਤੇ ਉਸ ਵਾਂਗ ਸੋਚਣ ਵਾਲੇ ਉਸ ਨਾਲ ਸਹਿਮਤ ਹੋਣਗੇ) : "ਪਹਿਲੀ ਗੱਲ ਤਾਂ ਇਹ ਹੈ ਕਿ ਸਾਧਾਰਨ ਬੁਧੀਵਾਨਾਂ ਤੇ ਮਾਰਕਸਵਾਦੀਆਂ ਨੂੰ ਵੀ ਪਤਾ ਹੈ ਕਿ ਗਾਂਧੀ ਇਕ ਸੁਧਾਰਵਾਦੀ ਸਿਆਸਤਦਾਨ ਸੀ ਤੇ ਇਨਕਲਾਬ ਤੇ ਇਨਕਲਾਬੀ ਲੀਡਰਾਂ ਜਾਂ ਕੌਮ ਤੇ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਦੇ ਉਲਟ ਸੀ।" ਦੇਵਾ ਸਿੰਘ ਦੀ ਦਲੀਲ ਸਪਸ਼ਟ ਹੈ ਕਿ ਮੈਨੂੰ 'ਸਾਧਾਰਨ ਬੁੱਧੀਵਾਨਾਂ' ਜਿੰਨੀ ਵੀ ਅਕਲ ਨਹੀਂ ਤੇ ਇਸ ਲਈ ਮੈਨੂੰ ਉਸ ਦੀ 'ਸਕੂਲਿੰਗ' ਦੀ ਲੋੜ ਹੈ। (ਇਹ ਵੀ ਜ਼ਰੂਰੀ ਨਹੀਂ ਕਿ ਕੌਮ ਤੋਂ ਜਾਨਾਂ ਵਾਰਨ ਵਾਲੇ ਸਾਰੇ ਵਿਚਾਰਧਾਰਕ ਤੌਰ 'ਤੇ ਇਨਕਲਾਬੀ ਹੋਣ। ਇੰਜ ਤਾਂ ਅਨਾਰਕਿਸਟ ਮਾਰਕਸਵਾਦੀਆਂ ਨਾਲੋਂ ਕਿਤੇ ਵਧੇਰੇ ਇਨਕਲਾਬੀ ਹਨ) ਦੇਵਾ ਸਿੰਘ ਮਾਹਲਾ ਇਥੇ ਫੇਰ ਇਸ ਝੰਜਟ ਵਿਚ ਨਹੀਂ ਪੈਂਦਾ ਕਿ ਸਾਨੂੰ ਇਹ ਵਿਆਖਿਆ ਕਰ ਕੇ ਦਸੇ ਕਿ ਅਮਲ ਵਿਚ ਸੁਧਾਰਵਾਦੀ ਸਿਆਸਤ ਕਿਹੋ ਜਿਹੀ ਹੁੰਦੀ ਹੈ ਤੇ ਉਸ ਤੋਂ ਭਿੰਨ ਇਨਕਲਾਬੀ ਸਿਆਸਤ ਕਿਹੋ ਜਿਹੀ ? ਦੋਵਾਂ ਨੂੰ ਜਾਚਣ ਲਈ ਬਾਹਰਮੁਖੀ ਮਾਪ-ਦੰਡ ਕਿਹੜੇ ਹਨ ? ਦੇਵਾ ਸਿੰਘ ਵਾਸਤੇ 'ਸੁਧਾਰਵਾਦੀ ਸਿਆਸਤ', ਸੁਧਾਰਵਾਦੀ ਹੁੰਦੀ ਹੈ, ਹੋਰ ਕੀ ? ਇਹ ਬਿਲਕੁਲ ਸਪਸ਼ਟ ਹੈ ਸਾਰੇ ਜਾਣਦੇ ਹਨ, ਜੇਕਰ ਭਗਵਾਨ ਸਿੰਘ ਵਰਗੇ ਬੱਚੇ ਨਹੀਂ ਸਮਝਦੇ ਤਾਂ ਉਹ ਕੀ ਕਰੇ !! ਅਸਲੀਅਤ ਵਿਚ ਇਨ੍ਹਾਂ ਦੋਵਾਂ ਸੰਕਲਪਾਂ ਨੂੰ ਇਕ ਦੂਸਰੇ ਤੋਂ ਯਥਾਰਥ ਵਿਚ ਬਿਲਕੁਲ ਅਲੱਗ ਕਰ ਸਕਣਾ ਕਿੰਨਾ ਗੁੰਝਲਦਾਰ ਮਸਲਾ ਹੈ, ਇਹ ਮੈਂ ਇਕ ਮਿਸਾਲ ਰਾਹੀਂ ਸਪਸ਼ਟ ਕਰਨਾ ਚਾਹਾਂਗਾ :

ਪੰਜਾਬ ਵਿਚ ਕਮਿਊਨਿਸਟ (ਸਭ ਪਾਰਟੀਆਂ ਤੇ ਗਰੁੱਪ) ਆਪਣੇ ਵਲੋਂ ਇਨਕਲਾਬ ਲਈ ਲੜਦੇ ਰਹੇ ਸਨ ਤੇ ਲੜ ਰਹੇ ਹਨ। ਉਨ੍ਹਾਂ ਦੀਆਂ ਕਿਸਾਨੀ ਨੂੰ ਜਥੇਬੰਦ ਕਰਨ ਦੀਆਂ ਮਗਾਂ ਜਾਂ ਤਾਂ ਮੁਜ਼ਾਰਿਆਂ ਨੂੰ ਜ਼ਮੀਨਾਂ ਦਿਵਾਉਣ ਦੀਆਂ ਰਹੀਆਂ ਹਨ ਜਾਂ ਕਿਸਾਨੀ ਨੂੰ ਉਚੇ ਭਾਅ ਦਿਵਾਉਣ ਦੀਆਂ ਜਾਂ ਮਾਮਲਾ ਤੇ ਪਾਣੀ ਦਾ ਟੈਕਸ ਘਟਾਉਣ ਦੀਆਂ।

ਜਦੋਂ ਖੱਬੇ-ਪੱਖੀ, ਖੇਤੀਬਾੜੀ ਦੇ ਸੈਕਟਰ ਵਿਚ, ਆਰਥਕ ਮੰਗਾਂ ਅਤੇ ਜ਼ਮੀਨੀ ਸੁਧਾਰਾਂ ਦੀਆਂ ਮੰਗਾਂ ਲੈ ਕੇ ਘੋਲ ਲਾਮਬੰਦ ਕਰਦੇ ਹਨ ਤਾਂ ਆਪਣੇ ਦਿਲਾਂ ਤੇ ਮਨਾਂ ਵਿਚ ਉਹ ਇਨਕਲਾਬੀ ਕਰਮ ਹੀ ਕਰ ਰਹੇ ਹੁੰਦੇ ਹਨ, ਪਰ ਬਾਹਰਮੁਖੀ ਤੌਰ 'ਤੇ ਇਸ ਕਰਮ ਦਾ ਨਤੀਜਾ ਕੀ ਨਿਕਲਦਾ ਹੈ? ਤੇ ਲੰਮੇ ਦ੍ਰਿਸ਼ਟੀਕੋਣ ਤੋਂ ਕਿਹੜੀ ਜਮਾਤ ਦੇ ਭਲੇ ਲਈ ਹੁੰਦਾ ਹੈ ? ਮਨਾਂ ਵਿਚ ਲੜਦੇ ਹਨ ਖੱਬੇ-ਪੱਖੀ ਇਨਕਲਾਬ ਲਈ ਜਦੋਂ ਉਹ ਲੜ ਰਹੇ ਹੁੰਦੇ ਹਨ—ਮੁਜ਼ਾਰਿਆਂ ਨੂੰ ਜ਼ਮੀਨਾਂ ਦਿਵਾਉਣ ਲਈ, ਕਿਸਾਨੀ ਨੂੰ ਉਚੇ ਭਾਅ ਦਿਵਾਉਣ ਲਈ। ਜਦ ਮੁਜ਼ਾਰਿਆਂ ਨੂੰ ਮਿਲ ਜਾਂਦੀਆਂ ਹਨ ਜ਼ਮੀਨਾਂ, ਤਾਂ ਉਹ ਫਿਰ ਬਣਨਾ ਚਾਹੁੰਦੇ ਹਨ ਸਰਮਾਏਦਾਰ ਕਿਸਾਨ ਤੇ ਇਧਰ ਬਣ ਜਾਂਦੇ ਹਨ ਖੱਬੇ-ਪੱਖੀ, ਉਨ੍ਹਾਂ ਦੀ ਵਿਚਾਰਧਾਰਾ ਦੇ ਰਾਹ ਵਿਚ ਰੋੜਾ। ਕਲ੍ਹ ਦੇ ਮੁਜ਼ਾਰੇ ਤੇ ਭਵਿੱਖ ਦੇ ਸਰਮਾਏਦਾਰ ਕਿਸਾਨਾਂ ਨੂੰ ਹੁਣ ਖੱਬੇ-ਪੱਖੀ ਲੱਗਦੇ ਹਨ ਵਿਹੁ ਵਰਗੇ ਜਦੋਂ ਉਹ ਖੇਤ ਕਾਮਿਆਂ ਦੀ ਉਜਰਤ ਦੀ ਗੱਲ ਕਰਦੇ ਹਨ। ਜਦ ਮਿਲ ਜਾਂਦੇ ਹਨ ਉਚੇ ਭਾਅ ਤਾਂ ਧਨੀ ਕਿਸਾਨ ਕਹਿੰਦਾ ਹੈ : ਕਾਮਰੇਡ ! ਮਾੜਾ ਮੋਟਾ

ਫੰਡ ਲੈਣਾ ਏ ਜਾਂ ਵੋਟਾਂ ਲੈਣੀਆਂ ਨੇ, ਤਾਂ ਗੱਲ ਕਰ, ਨਹੀਂ ਤਾਂ ਚਲਦਾ ਬਣ। ਇਹ ਹਾਲਾਤ ਦਾ ਤਕਾਜ਼ਾ ਹੈ ਕਿ ਮਨੋਂ ਪੱਕੇ ਇਨਕਲਾਬੀ ਦੇ ਇਤਿਹਾਸਕ ਅਮਲ ਦਾ ਬਾਹਰਮੁਖੀ ਨਤੀਜਾ ਇਹ ਨਿਕਲਦਾ ਹੈ ! ਇਹ ਉਹਦੇ ਵਸ ਦਾ ਰੋਗ ਨਹੀਂ; ਇਹ ਉਹਦੀ ਇਤਿਹਾਸਕ ਦੁਬਿਧਾ ਹੈ।

ਉਪਰਲੀਆਂ ਮੰਗਾਂ ਨੂੰ ਲੈ ਕੇ ਲੜਨ ਦਾ ਆਰਥਕ ਭਾਸ਼ਾ ਵਿਚ ਮਤਲਬ ਖੇਤੀ ਵਿਚ ਸਰਮਾਏਦਾਰੀ ਸੰਬੰਧਾਂ ਲਈ ਰਾਹ ਪਧਰਾ ਕਰਨਾ ਹੈ। ਇਹ ਇਤਿਹਾਸਕ ਅਮਲ ਹੈ ਜਿਸ ਵਿਚ ਅਜ ਅਸੀਂ ਫਸੇ ਹੋਏ ਹਾਂ। ਹਿੰਦੁਸਤਾਨ ਦਾ ਇਨਕਲਾਬ ਨਾਂ ਤਾਂ ਰੂਸ ਵਾਂਗ ਹੈ ਜਿਥੇ ਸਨਅਤੀ ਖੇਤਰ ਵਿਚ ਤੇ ਖੇਤੀਬਾੜੀ ਵਿਚ ਇਕੋ ਸਮੇਂ ਇਨਕਲਾਬ ਹੋ ਕੇ ਘੁਲ ਮਿਲ ਗਏ ਤੇ ਇੰਜ ਕਿਸਾਨੀ ਸ਼ਕਤੀ ਮਜ਼ਦੂਰ ਦੀ ਸਹਾਇਕ ਬਣ ਗਈ। ਸਾਡਾ ਮਸਲਾ ਅਜ ਚੀਨ ਦੇ ਇਨਕਲਾਬ ਵਾਂਗ ਵੀ ਨਹੀਂ ਜਿਥੇ ਕਿਸਾਨੀ ਮਸਲਾ ਸਾਮਰਾਜ-ਵਿਰੁਧ ਕੌਮੀ ਇਨਕਲਾਬ ਦੇ ਮਸਲੇ ਨਾਲ ਅਟੁੱਟ ਤੌਰ 'ਤੇ ਜੁੜ ਗਿਆ। ਜੇਕਰ ਦੋਵੇਂ ਖੇਤਰਾਂ (ਸਨਅਤ ਤੇ ਖੇਤੀ) ਵਿਚ ਇਨਕਲਾਬ ਇਕੋ ਸਮੇਂ ਨਹੀਂ ਪਕਦੇ ਸਗੋਂ ਅਗਾਂਹ ਪਿਛਾਂਹ ਹ ਕੇ ਸਮਾਜਕ ਤਬਦੀਲੀ ਦਾ ਇਕ ਲੰਮਾ ਅਮਲ ਬਣ ਜਾਂਦੇ ਹਨ ਤਾਂ ਨਾ ਚਾਹੁੰਦਿਆਂ ਹੋਇਆਂ ਵੀ ਖੱਬੇ-ਪੱਖੀ, ਖੇਤੀਬਾੜੀ ਵਿਚ ਅਖੀਰ ਸਰਮਾਏਦਾਰੀ ਰਿਸ਼ਤਿਆਂ ਲਈ ਰਾਹ ਪਧਰਾ ਕਰਨ ਦੇ ਇਤਿਹਾਸਕ ਏਜੰਟ ਬਣ ਜਾਂਦੇ ਹਨ। ਤੇ ਇਸ ਵਿਚੋਂ ਖੱਟਣਾ ਕਿਸ ਨੇ ਹੁੰਦਾ ਹੈ ? ਧਨੀ ਕਿਸਾਨ ਨੇ ਤੇ ਉਹੀ ਖਟਦਾ ਹੈ। ਕਾਮਰੇਡਾਂ ਦੇ ਤਾਂ ਕੇਵਲ ਹੱਡ ਭਜਦੇ ਹਨ। ਇੰਜ ਬਾਹਰਮੁਖੀ ਤੌਰ 'ਤੇ ਇਤਿਹਾਸਕ ਅਮਲ ਤਾਂ ਹੁੰਦਾ ਹੈ ਸੁਧਾਰਵਾਦੀ, ਖੇਤੀ ਵਿਚ ਸਰਮਾਏਦਾਰੀ ਦੇ ਵਿਕਾਸ ਲਈ ਰਾਹ ਹੌਲੀ ਹੌਲੀ ਪਧਰਾ ਕਰਦੇ ਚਲੇ ਜਾਣਾ, ਪਰ ਖੱਬੇ-ਪੱਖੀ, ਜੋ ਅਜਿਹਾ ਕਰਦੇ ਹਨ, ਮਨਾਂ ਤੇ ਦਿਲਾਂ ਵਿਚ ਸਮਝਦੇ ਹਨ ਆਪਣੇ ਆਪ ਨੂੰ ਇਨਕਲਾਬੀ ਅਤੇ ਦੂਸਰਿਆਂ ਨੂੰ ਦਸਦੇ ਹਨ ਸੋਧਵਾਦੀ ਤੇ ਨਵਸੋਧਵਾਦੀ ! ਜਦੋਂ ਕਿ ਉਨ੍ਹਾਂ ਦੇ ਅਮਲਾਂ ਦਾ ਬਾਹਰਮੁਖੀ ਨਤੀਜਾ ਵੀ ਉਨ੍ਹਾਂ ਦੇ ਵਿਰੋਧੀਆਂ ਵਾਲਾ ਹੁੰਦਾ ਹੈ—ਸੁਧਾਰਵਾਦੀ[1]। ਇਨਕਲਾਬੀਪੁਣਾ ਇੰਜ ਕੇਵਲ ਮਾਨਸਕਤਾ ਵਿਚ ਅੰਤਰ ਹੋ ਨਿਬੜਦਾ ਹੈ।

ਕੀ ਇਨਕਲਾਬੀ ਸਿਆਸਤ ਜਾਂ ਇਨਕਲਾਬੀ ਹੋਣ ਨੂੰ 'ਕਲੇਮ' ਵਜੋਂ ਸਵੀਕਾਰ ਕਰ ਲਿਆ ਜਾਵੇ ਜਾਂ ਕਿਸੇ ਗਰੁੱਪ ਨੂੰ ਇਨਕਲਾਬੀ ਅਖਵਾਉਣ ਦਾ ਅਧਿਕਾਰ ਉਸ ਵਲੋਂ ਅਪਣਾਈਆਂ ਸਰਗਰਮੀਆਂ ਦੁਆਰਾ ਸਮਾਜਕ ਬਣਤਰ ਉਪਰ ਪਾਏ ਪ੍ਰਭਾਵ ਦੇ ਸੁਭਾਅ ਕਾਰਨ ਦਿੱਤਾ ਜਾਵੇ ? ਆਸ ਹੈ ਦੇਵਾ ਸਿੰਘ ਮਾਹਲਾ ਜਾਂ ਕੋਈ ਹੋਰ ਸੱਜਣ ਜੇ ਜ਼ਰੂਰੀ ਸਮਝਦੇ ਹੋਣ ਸਾਨੂੰ ਇਸ ਮਸਲੇ ਬਾਰੇ ਸਪਸ਼ਟਤਾ ਦੇਣਗੇ। ਪੰਜਾਬ ਵਿਚ ਉਹ ਗਰੁੱਪ ਜੋ ਆਪਣੇ ਆਪ ਨੂੰ 'ਇਨਕਲਾਬੀ' ਅਤੇ

---

1. ਜੇਕਰ ਹੁਣ ਅਸੀਂ ਇਹਨਾਂ ਕਾਮਰੇਡਾਂ ਦਾ ਦੇਵਾ ਸਿੰਘ ਵਾਂਗ ਇਤਿਹਾਸਕ ਮੁਲਾਂਕਣ ਕਰਨਾ ਹੋਵ ਤਾਂ ਉਹ ਇਹੀ ਹੋਵੇਗਾ ਕਿ ਉਹ ਖੇਤੀਬਾੜੀ ਵਿਚ ਸਰਮਾਇਦਾਰੀ ਸੰਬੰਧਾਂ ਦੇ ਵਿਕਾਸ ਕਰਨ ਦੇ ਇਤਿਹਾਸਕ ਏਜੰਟ ਸਨ ਤੇ ਇੰਜ ਧਨੀ ਕਿਸਾਨੀ ਦੀ ਸਿਆਸਤ ਦੇ ਏਜੰਟ। ਜੇਕਰ ਅਸੀਂ ਪਰੋਟੈਸਟ ਕਰਾਂਗੇ ਕਿ ਨਹੀਂ ਕਾਮਰੇਡ ਦੇਵਾ ਸਿੰਘ ਜਦੋਂ ਉਹ ਅਜਿਹਾ ਕਰ ਰਹੇ ਸਨ ਤਾਂ ਇਨਕਲਾਬੀ ਜੋਸ਼ ਦਿਖਾ ਰਹੇ ਸਨ ਤੇ ਇਨਕਲਾਬ ਦੇ ਨਾਂ 'ਤੇ ਕਰ ਰਹੇ ਸਨ। ਉਹਦੀ ਦਲੀਲ ਹੋਵੇਗੀ ਇਹ ਸਭ ਸਮਾਜਵਾਦ ਦੇ ਨਾਹਰੇ, ਕੇਵਲ ਅੱਖੀਂ ਘੱਟਾ ਪਾਉਣ ਲਈ ਸਨ। ਅਸਲ ਵਿਚ ਉਹ ਧਨੀ ਕਿਸਾਨੀ ਦੇ ਏਜੰਟ ਹੀ ਸਨ। ਤੇ ਉਹ ਸਬੂਤ ਵਜੋਂ ਸਾਨੂੰ ਉਨ੍ਹਾਂ ਦੇ ਅਮਲ ਦਾ ਬਾਹਰਮੁਖੀ ਨਤੀਜਾ ਪੇਸ਼ ਕਰੇਗਾ। ਉਹ 'ਸੱਚਾ' ਹੋਵੇਗਾ ਪਰ ਤਾਂ ਵੀ ਉਹ ਸੱਚ ਤੋਂ ਕਿਤਨਾ ਦੂਰ ਹੋਵੇਗਾ। ਇਹੀ ਗੱਲ ਵਾਧੇ ਘਾਟੇ ਨਾਲ ਗਾਂਧੀ ਬਾਰੇ ਢੁਕਦੀ ਹੈ।



ਦੂਸਰਿਆਂ ਨੂੰ 'ਸੁਧਾਰਵਾਦੀ' ਦਸਦੇ ਹਨ, ਬਹੁਤ ਵੇਰ ਉਨ੍ਹਾਂ ਦੇ ਆਪਣੇ ਮਨਾਂ ਅੰਦਰ ਇਹ ਨਿਖੇੜਾ ਇਸ ਗੱਲ ਉਪਰ ਆਧਾਰਤ ਹੁੰਦਾ ਹੈ : ਦੇਖੋ ਬਾਕੀ ਪਾਰਲੀਮੈਂਟਰੀ ਰਾਹ ਦਾ ਸ਼ਿਕਾਰ ਹਨ, ਅਸੀਂ ਪਾਰਲੀਮੈਂਟਰੀਵਾਦ ਦੀ 'ਖੇਡ-ਖੇਡਣ' ਤੋਂ ਹੀ ਇਨਕਾਰੀ ਹਾਂ। ਪਰ ਇਥੇ ਫੇਰ ਸਾਨੂੰ ਉਹ ਇਹ ਗੱਲ ਨਹੀਂ ਦੱਸਣਗੇ ਕਿ ਪਾਰਲੀਮੈਂਟਰੀਵਾਦ ਤੋਂ ਕੀ ਭਾਵ ਹੈ ? ਇਸ ਦੇ ਘੇਰੇ ਅੰਦਰ ਉਹ ਕਿਹੜੀ ਸਰਗਰਮੀ ਨੂੰ ਸ਼ਾਮਿਲ ਕਰਦੇ ਹਨ ਤੇ ਕਿਹੜੀ ਨੂੰ ਨਹੀਂ ਤੇ ਕਿਉਂ ਨਹੀਂ ? (ਵਧੇਰੇ ਵਿਸਤਾਰ ਲਈ ਵੇਖੋ ਇਸੇ ਅੰਕ ਵਿਚ ਬਿਪਿਨ ਚੰਦਰ ਦਾ ਲੇਖ)।

ਜੇਕਰ ਪੰਜਾਬ ਵਿਚ ਨਕਸਲਵਾਦੀ ਗਰੁਪਾਂ ਦੀ ਸਿਆਸਤ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਉਹ ਉਸ ਸਿਆਸਤ ਤੋਂ ਜਿਸ ਨੂੰ ਉਹ 'ਸੋਧਵਾਦੀ' ਜਾਂ 'ਨਵ-ਸੋਧਵਾਦੀ' ਆਖਦੇ ਹਨ, ਸਿਰਫ਼ ਮਿਲੀਟੈਂਸੀ ਵਿਚ ਹੀ ਭਿੰਨ ਹੈ। ਇਨ੍ਹਾਂ ਦਾ ਪ੍ਰੋਗਰਾਮ, ਇਨ੍ਹਾਂ ਦੀਆਂ ਮੰਗਾਂ, ਇਨ੍ਹਾਂ ਦਾ ਜਨਤਕ ਆਧਾਰ, ਆਦਿ ਸਭ ਕੁਝ ਉਹੀ ਹੈ। ਬਸ ਅੰਤਰ ਹੈ ਤਾਂ ਇਨ੍ਹਾਂ ਉਪਰ ਦੂਸਰਿਆਂ ਨਾਲੋਂ ਵਧੇਰੇ ਮਿਲੀਟੈਂਸੀ ਨਾਲ ਲੜਨ ਦਾ। ਇਥੇ ਅਸੀਂ ਇਕ ਠੋਸ ਮਿਸਾਲ ਲੈਂਦੇ ਹਾਂ :

ਨਵੰਬਰ 1974 ਵਿਚ ਬਠਿੰਡੇ ਜ਼ਿਲ੍ਹੇ ਵਿਚ ਵਾਹੀਕਾਰ ਯੂਨੀਅਨ ਵਲੋਂ ਕਪਾਹ ਦੇ ਉਚੇ ਭਾਵਾਂ ਤੇ ਕਾਟਨ ਕਾਰਪੋਰੇਸ਼ਨ ਦੀ ਮੰਗ ਨੂੰ ਲੈ ਕੇ ਕਿਸਾਨੀ ਦਾ ਘੋਲ ਲੜਿਆ ਗਿਆ। ਕਾਮਰੇਡ ਦੇਵਾ ਸਿੰਘ ਇਸ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋਣਗੇ। ਜਥੇਬੰਦ ਕੀਤੇ ਮੁਜ਼ਾਹਰੇ ਵਿਚ 8,000 ਤੋਂ ਲੈ ਕੇ 10,000 ਤਕ ਕਿਸਾਨਾਂ ਨੇ ਟਰੈਕਟਰਾਂ-ਟਰਾਲੀਆਂ ਨਾਲ ਭਾਗ ਲਿਆ। ਪੁਲਸ ਨਾਲ ਟੱਕਰ ਵਿਚ ਸੈਂਕੜੇ ਕਿਸਾਨਾਂ ਨੂੰ ਸੱਟਾਂ ਲਗੀਆਂ। ਇਸੇ ਤਰ੍ਹਾਂ ਤੇਲ ਦੀ ਮੰਗ ਨੂੰ ਲੈ ਕੇ ਇਕ ਹੋਰ ਮੁਜ਼ਾਹਰੇ ਵਿਚ ਜਗਰਾਉਂ ਵਿਖੇ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਮੁਜ਼ਾਹਰਾ ਕਿਸੇ ਵੀ ਪਾਰਟੀ ਦਾ ਹੋ ਸਕਦਾ ਸੀ। ਫਰਕ ਸਿਰਫ਼ ਇਤਨਾ ਹੋ ਸਕਦਾ ਸੀ ਕਿ ਉਸ ਵਿਚ ਗਰਮ ਗਰਮ ਨਾਹਰੇ ਘੱਟ ਲੱਗਦੇ ਤੇ ਪੁਲਸ ਨਾਲ ਝੜਪ ਸ਼ਾਇਦ ਨਾ ਹੁੰਦੀ। ਬਾਕੀ ਸਭ ਕੁਝ ਉਹੀ ਹੋਣਾ ਸੀ : ਮੰਗਾਂ, ਮੁਜ਼ਾਹਰਾ ਕਰਨ ਵਾਲੇ, ਟਰੈਕਟਰ-ਟਰਾਲੀਆਂ, ਆਦਿ। ਅਜਿਹੇ ਮੁਜ਼ਾਹਰੇ ਦੀ ਅਗਵਾਈ ਕੋਈ ਆਪਣੇ ਮਨ ਵਿਚ 'ਇਨਕਲਾਬੀ' ਬਣ ਕੇ ਕਰੇ ਜਾਂ 'ਸੁਧਾਰਵਾਦੀ'—ਬਾਹਰਮੁਖੀ ਕਰਮ ਭਾਵ ਮੁਜ਼ਾਹਰਾ ਤੇ ਉਸ ਦਾ ਸਮਾਜਕ ਬਣਤਰ ਉਪਰ ਪ੍ਰਭਾਵ ਉਹੀ ਰਹਿੰਦਾ ਹੈ। ਫਰਕ ਸਿਰਫ਼ ਮਿਲੀਟੈਂਸੀ ਦਾ ਹੈ। ਇੰਜ 'ਇਨਕਲਾਬੀਆਂ' ਦਾ ਅਮਲ ਵੀ ਸੁਧਾਰਵਾਦੀ; 'ਸੁਧਾਰਵਾਦੀਆਂ' ਦਾ ਤਾਂ ਹੋਣਾ ਹੀ ਸੀ। ਇਸ 'ਇਨਕਲਾਬੀ ਸਿਆਸਤ' ਨੂੰ ਪਹਿਲਾਂ ਹੀ ਦਸ ਸਾਲ ਪੰਜਾਬ ਦੀ ਪੈਟੀ-ਬੁਰਜੁਆਜ਼ੀ ਦੀਆਂ ਡੈਮੋਕ੍ਰੈਟਿਕ ਲਹਿਰਾਂ ਲੜਦੀਆਂ ਰਹੀਆਂ ਹਨ ਤੇ ਜੇਕਰ ਦਸ ਸਾਲ ਹੋਰ ਇਸੇ ਆਧਾਰ 'ਤੇ ਰਹਿ ਕੇ ਇਨ੍ਹਾਂ ਘੋਲਾਂ ਨੂੰ ਹੀ 'ਇਨਕਲਾਬੀ ਸਿਆਸਤ, ਕਹਿਣਾ ਹੈ ਤੇ ਬਾਕੀਆਂ ਨੂੰ ਸੋਧਵਾਦੀ ਤੇ ਨਵ-ਸੋਧਵਾਦੀ ਦੱਸਣਾ ਹੈ ਤਾਂ ਕਾਰਕੁਨਾਂ ਦੀ ਇਹ ਆਪਣੀ ਮਰਜ਼ੀ ਹੈ।

ਬਸ ਦੋ ਛੋਟੀਆਂ ਛੋਟੀਆਂ ਗੱਲਾਂ ਹੋਰ ਹਨ। ਦੇਵਾ ਸਿੰਘ ਮਾਹਲਾ ਲਿਖਦਾ ਹੈ : "ਅਸਲੀਅਤ ਇਹ ਹੈ ਕਿ ਜੇ ਸੀ. ਪੀ. ਆਈ. ਕੌਮਿੰਟਰਨ ਦੇ ਦੱਸੇ ਰਾਹ ਅਤੇ ਅਸੂਲਾਂ ਉਪਰ ਚਲਦੀ, ਗਾਂਧੀ ਤੇ ਨਹਿਰੂ ਮਗਰ ਨਾ ਲਗਦੀ ਤਾਂ ਦੇਸ਼ ਦੀ ਨਾ ਵੰਡ ਹੋਣੀ ਸੀ...' ਦੇਵਾ ਸਿੰਘ ਦੀ ਇਹ ਸਮਝ ਬਿਲਕੁਲ ਗ਼ਲਤ ਹੈ। ਉਹ ਮੇਰੇ ਸੇਧ ਵਿਚ ਛਪੇ ਪੰਦਰਾਂ ਦੇ ਪੰਦਰਾਂ ਲੇਖ ਪੜ੍ਹ ਵੇਖੇ ਜਿਥੇ ਮੈਂ ਮਿਸਾਲਾਂ ਦੇ ਕੇ ਇਹ ਦਰਸਾਇਆ ਹੈ ਕਿ ਕਿਵੇਂ ਸੀ. ਪੀ. ਆਈ. ਨੇ ਹਰ ਵਾਰ ਅੰਨ੍ਹੇਵਾਹ ਕੋਮਿੰਟਰਨ ਦੇ ਆਖੇ ਲੱਗ ਕੇ ਆਪਣੀ ਲਾਇਨ ਬਦਲੀ ਹੈ। ਕੀ ਦੇਵਾ ਸਿੰਘ ਮਾਹਲਾ ਭੋਲਾ ਹੈ, ਉਸ ਨੂੰ ਨਹੀਂ ਪਤਾ ਕਿ ਜਦੋਂ ਪਾਰਟੀ ਗਾਂਧੀ-ਨਹਿਰੂ ਮਗਰ ਲੱਗੀ ਸੀ ਤਾਂ ਉਹ ਦੱਤ-ਬਰੈਡਲੇ ਥੀਸਸ ਕਰਕੇ ਹੀ

ਸੀ ਜੋ ਕੋਮਿੰਟਰਨ ਦੀ ਸੱਤਵੀਂ ਕਾਂਗਰਸ ਦੀ ਦੀਮਿੱਤਰੋਵ ਦੀ ਲਾਈਨ ਸੀ। ਜਿਸ ਸਿਆਸੀ ਲਾਈਨ ਨੂੰ ਦੇਵਾ ਸਿੰਘ ਠੀਕ ਠਹਿਰਾਉਂਦਾ ਹੈ ਉਸ ਲਾਈਨ ਦੇ ਕਰਤਾ ਰੰਧੀਵੇ ਨੇ ਆਪਣੀ ਸਵੈ-ਪੜਚੋਲ ਵਿਚ ਇਸ ਲਾਈਨ ਨੂੰ ਪਾਰਟੀ ਦੇ ਖਿਲਾਫ਼ ਇਕ ਜੁਰਮ ਕਰਾਰ ਦਿੱਤਾ ਸੀ। ਇਸ ਬਾਰੇ ਦੇਵਾ ਸਿੰਘ ਦੀ ਕੀ ਰਾਏ ਹੈ?

ਅੰਤ ਵਿਚ ਦੇਵਾ ਸਿੰਘ ਨੇ ਮਰਿਆਂ ਉਪਰ ਵਾਰ ਕਰਨ ਦੀ ਗੁਸਤਾਖੀ ਕੀਤੀ ਹੈ। ਉਹ ਲਿਖਦਾ ਹੈ : "ਮੇਰਠ ਕੇਸ ਦੇ ਦੋਸ਼ੀਆਂ ਵਿਚੋਂ ਤਿੰਨ ਅੰਗਰੇਜ਼ ਵੀ ਸਨ ਜਿੰਨ੍ਹਾਂ ਵਿਚੋਂ ਇਕ ਫਿਲਪ ਸਪਰਾਟ ਪਿਛੋਂ ਅਮਰੀਕਾ ਦਾ ਗੁਪਤ ਏਜੰਟ (paid agent) ਸਾਬਤ ਹੋਇਆ।" ਇਹ ਸਰਾਸਰ ਸਫ਼ੇਦ ਝੂਠ ਹੈ। ਸਪਰਾਟ ਬਹੁਤ ਮੇਹਨਤੀ ਕਮਿਊਨਿਸਟ ਸੀ। ਉਸ ਨੇ ਟਰੇਡ ਯੂਨੀਅਨ ਫਰੰਟ 'ਤੇ ਵਰਕਰਜ਼ ਐਂਡ ਪੇਜੈਂਟਸ ਪਾਰਟੀ ਨੂੰ ਖੜ੍ਹਾ ਕਰਨ ਵਿਚ ਕਾਫੀ ਮਦਦ ਕੀਤੀ। ਪ੍ਰਸਿਧ ਕਮਿਊਨਿਸਟ ਕੇ. ਦਾਮੋਦਰਨ ਨੇ ਉਸ ਨੂੰ ਆਪਣੀਆਂ 'ਯਾਦਾਂ' ਵਿਚ ਸ਼ਰਧਾਂਜਲੀ ਭੇਟ ਕੀਤੀ ਹੈ। ਜਦ ਸਪਰਾਟ ਨੇ ਤੀਹਵਿਆਂ ਤੇ ਚਾਲ੍ਹੀਵਿਆਂ ਵਿਚ ਸਟਾਲਿਨ ਦੇ ਅੱਤਿਆਚਾਰਾਂ ਬਾਰੇ ਸੁਣਿਆ ਤਾਂ ਉਸ ਦਾ ਸਮਾਜਵਾਦ ਵਿਚੋਂ ਵਿਸ਼ਵਾਸ ਉਠਣ ਲੱਗਾ ਤੇ ਉਹ ਹੌਲੀ ਹੌਲੀ ਵਿਚਾਰਾਂ ਵਿਚ ਕੱਟੜ ਕਮਿਊਨਿਸਟ-ਵਿਰੋਧੀ ਹੋ ਗਿਆ। ਇਹ ਵਰਤਾਰਾ ਉਸ ਵੇਲੇ ਸੈਂਕੜੇ ਕਮਿਊਨਿਸਟਾਂ ਨਾਲ ਵਾਪਰਿਆ। ਉਹਦਾ ਐਂਟੀ-ਕਮਿਊਨਿਜ਼ਮ, ਉਸ ਦੀ ਗਲਤ ਸੋਚਣੀ ਦਾ ਫਲ ਸੀ ਨਾ ਕਿ ਉਹ ਅਮਰੀਕਾ ਦਾ 'ਗੁਪਤ-ਏਜੰਟ' ਸੀ। ਸਟਾਲਿਨ ਨੇ ਤਾਂ ਤੀਜੀ ਕੌਮਾਂਤਰੀ ਦੇ ਪ੍ਰਧਾਨ ਜੀਨੋਵੀਵ, ਰੂਸੀ ਸੋਵੀਅਤਾਂ ਦੇ ਚੇਅਰਮੈਨ ਕਾਮਾਨੇਵ, ਸਿਰਕੱਢ ਬਾਲਸ਼ਵਿਕ ਵਿਦਵਾਨ ਬੁਖਾਰਿਨ ਤੇ ਪਰੇਬ-ਜੇਂਸਕੀ ਤੇ ਮਹਾਨ ਜਰਨੈਲ ਤੁਖਾਚੇਵਸਕੀ ਤੇ ਅਕਤੂਬਰ ਇਨਕਲਾਬ ਸਮੇਂ ਵਿੰਟਰਪੈਲੇਸ 'ਤੇ ਕਬਜ਼ਾ ਕਰਨ ਵਾਲੇ ਅੰਤੋਨੋਵ ਨੂੰ ਵੀ 'ਗੁਪਤ-ਏਜੰਟ' ਸਿੱਧ ਕਰ ਦਿੱਤਾ ਸੀ। ਵਿਚਾਰਾ ਫਿਲਿਪ ਸਪਰਾਟ ਕਿਸ ਬਾਗ ਦੀ ਮੂਲੀ ਸੀ?!

---


⊙ ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿਦੀ ਦਾ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇਗੀ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ? ਅੰਗਰੇਜ਼ੀ ਦਾ ਰੋਲ ਕੀ ਹੈ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ। ਪੰਨੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ।


•

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।





ਸੁੱਚਾ ਸਿੰਘ ਗਿੱਲ

## ਘਟ-ਵਿਕਸਤ ਦੇਸ਼ਾਂ ਉੱਪਰ ਹੱਲਾ

**ਵਿਦੇਸ਼ੀ ਵਪਾਰ ਦਾ ਢਾਂਚਾ :** ਸੰਸਾਰ ਪੱਧਰ ਤੋਂ ਸਰਮਾਏਦਾਰੀ ਦੇ ਵਿਕਾਸ ਦਾ ਪੱਧਰ ਆਸਾਵਾਂ ਹੈ। ਸਾਮਰਾਜਵਾਦੀ ਦੇਸ਼ ਆਰਥਕ ਵਿਕਾਸ ਵਿਚ ਬਹੁਤ ਅੱਗੇ ਹਨ ਜਦੋਂ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਵਿਕਾਸ ਦਾ ਪੱਧਰ ਬਹੁਤ ਨੀਵਾਂ ਹੈ। ਅਤੇ ਇਸ ਨਾਲ ਅਸਾਵੀਂ ਮੁਹਾਰਤ (unequal specialisation) ਦਾ ਵਿਕਾਸ ਵੀ ਸੰਸਾਰ ਪੱਧਰ 'ਤੇ ਹੋ ਚੁੱਕਾ ਹੈ। ਇਸ ਵਿਚ ਸਾਮਰਾਜ ਦੀਆਂ ਬਸਤੀਵਾਦੀ ਨੀਤੀਆਂ ਦਾ ਵੀ ਕਾਫੀ ਰੋਲ ਰਿਹਾ ਹੈ। ਕੁਝ ਵਸਤਾਂ ਐਸੀਆਂ ਹਨ ਜਿਨ੍ਹਾਂ ਦੀ ਉਪਜ ਸਿਰਫ਼ ਵਿਕਸਤ ਦੇਸ਼ ਹੀ ਕਰਦੇ ਹਨ ਅਤੇ ਕੁਝ ਐਸੀਆਂ ਹਨ ਜਿਨ੍ਹਾਂ ਦੀ ਉਪਜ ਵਿਚ ਘਟ-ਵਿਕਸਤ ਦੇਸ਼ਾਂ ਨੂੰ ਮੁਹਾਰਤ ਹਾਸਲ ਹੈ। ਸੰਸਾਰ ਮੰਡੀ ਵਿਚ ਵਿਕਸਤ ਦੇਸ਼ਾਂ ਅਤੇ ਉਥੋਂ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਬੋਲ ਬਾਲਾ ਹੈ।

ਇਸ ਦੇ ਇਲਾਵਾ ਵਿਦੇਸ਼ੀ ਵਪਾਰ ਦੇ ਮਾਮਲੇ ਵਿਚ ਵਿਕਸਤ ਦੇਸ਼ ਮੁਕਾਬਲਤਣ ਆਜ਼ਾਦ ਹਨ ਜਦ ਕਿ ਘਟ-ਵਿਕਸਤ ਦੇਸ਼ਾਂ ਦੂਜਿਆਂ ਦੇਸ਼ 'ਤੇ ਨਿਰਭਰ ਹਨ[1]। ਸੰਸਾਰ ਦੇ ਕੁਲ ਵਪਾਰ ਦਾ ਮੁਖ ਹਿੱਸਾ ਵੀ ਵਿਕਸਤ ਦੇਸ਼ਾਂ ਦੇ ਵਪਾਰ ਦਾ ਹੈ। ਵਿਕਸਤ ਦੇਸ਼ਾਂ ਦੀ ਨਾ ਸਿਰਫ ਮੁਕਾਬਲਤਨ ਆਜ਼ਾਦ ਪੁਜ਼ੀਸ਼ਨ ਹੈ ਸਗੋਂ ਇਹਨਾਂ ਦੀ ਪੁਜ਼ੀਸ਼ਨ ਕਾਫੀ ਸ਼ਕਤੀਸ਼ਾਲੀ ਵੀ ਹੈ। ਸੰਸਾਰ ਦੇ ਕੁਲ ਵਪਾਰ ਦਾ 80 ਫ਼ੀ ਸਦੀ ਹਿੱਸਾ ਵਿਕਸਤ ਦੇਸ਼ਾਂ ਦਾ ਹੈ। ਵਿਕਸਤ ਦੇਸ਼ਾਂ ਦੇ ਵਪਾਰ ਦਾ 80 ਫ਼ੀ ਸਦੀ ਉਨ੍ਹਾਂ ਦੇਸ਼ਾਂ ਵਿਚਕਾਰ ਹੀ ਹੁੰਦਾ ਹੈ ਅਤੇ 20 ਫ਼ੀ ਸਦੀ ਘਟ-ਵਿਕਸਤ ਦੇਸ਼ਾਂ ਨਾਲ। ਜਦ ਕਿ ਘਟ-ਵਿਕਸਤ ਦੇਸ਼ਾਂ ਦਾ 80 ਫ਼ੀ ਸਦੀ ਵਪਾਰ ਵਿਕਸਤ ਦੇਸ਼ਾਂ ਨਾਲ ਅਤੇ 20 ਫ਼ੀ ਸਦੀ ਆਪਸ ਵਿਚ ਹੁੰਦਾ ਹੈ। ਸੰਸਾਰ ਮੰਡੀ ਵਿਚ ਵਿਕਸਤ ਦੇਸ਼ਾਂ (ਜਿਨ੍ਹਾਂ ਵਿਚ ਬਹੁਕੌਮੀ ਕਾਰਪੋਰੇਸ਼ਨਾਂ ਹਾਵੀ ਹਨ) ਦੀ ਪ੍ਰਧਾਨਤਾ ਅਤੇ ਮੁਕਾਬਲਤਨ ਆਜ਼ਾਦ ਪੁਜ਼ੀਸ਼ਨ ਹੋਣ ਕਾਰਨ ਇਹ ਵਪਾਰ ਦੀਆਂ ਦਰਾਂ ਆਪਣੇ ਹਿੱਤਾਂ ਵਿਚ ਨੀਯਤ ਕਰਦੇ ਹਨ। ਜੋ ਵਸਤੂਆਂ ਇਹ ਦੇਸ਼ ਘਟ-ਵਿਕਸਤ ਦੇਸ਼ਾਂ ਨੂੰ ਵੇਚਦੇ ਹਨ ਉਨ੍ਹਾਂ ਦੀ ਕੀਮਤ ਜ਼ਿਆਦਾ ਹੁੰਦੀ ਹੈ ਅਤੇ ਜੋ ਖਰੀਦਦੇ ਹਨ ਉਨ੍ਹਾਂ ਦੀ ਕੀਮਤ ਘਟ ਹੁੰਦੀ ਹੈ। ਇਸ ਨੂੰ ਅਸਾਵਾਂ ਵਟਾਂਦਰਾ ਕਿਹਾ ਜਾਂਦਾ ਹੈ[2]। ਅਸਾਵੇਂ ਵਟਾਂਦਰੇ ਨਾਲ ਸਾਮਰਾਜੀ ਦੇਸ਼ ਘਟ-

ਵਿਕਸਤ ਦੇਸ਼ਾਂ ਦੀ ਲੁਟ ਕਰਦੇ ਹਨ। ਪ੍ਰੋਫ਼ੈਸਰ ਰੁਮੇਸ਼ ਦੀਵਾਨ ਅਤੇ ਕਾਂਤਾ ਮਰਵਾਹ ਦੇ ਅਨੁਸਾਰ 1969 ਦੇ ਸਾਲ ਵਿਚ ਵਿਕਸਤ ਦੇਸ਼ਾਂ ਘਟ-ਵਿਕਸਤ ਦੇਸ਼ਾਂ ਤੋਂ 3270 ਕਰੋੜ ਡਾਲਰ ਦੀ ਰਕਮ ਅਸਾਵੇਂ ਵਟਾਂਦਰੇ ਰਾਹੀਂ ਲੁਟੀ ਹੈ[3]।

ਵਿਦੇਸ਼ੀ ਵਪਾਰ ਦੇ ਢਾਂਚੇ ਨਾਲ ਇਕ ਤਾਂ ਸਾਮਰਾਜਵਾਦੀ ਦੇਸ਼ ਘਟ-ਵਿਕਸਤ ਦੇਸ਼ਾਂ ਦੀ ਲੁਟ ਕਰਦੇ ਹਨ ਅਤੇ ਦੂਜੇ, ਇਨ੍ਹਾਂ ਦੇਸ਼ਾਂ 'ਤੇ ਹਾਵੀ ਵੀ ਰਹਿੰਦੇ ਹਨ ਕਿਉਂਕਿ ਇਸ ਨਾਲ ਅਸਾਵੀਂ ਮੁਹਾਰਤ ਦਾ ਵਿਕਾਸ ਵੀ ਹੁੰਦਾ ਹੈ।

**ਸਿਆਸੀ ਅਤੇ ਫ਼ੌਜੀ ਤਾਕਤਾਂ** : ਘਟ-ਵਿਕਸਤ ਦੇਸ਼ਾਂ ਵਿਚ ਨਵ-ਸਾਮਰਾਜਵਾਦੀ ਦੇਸ਼, ਨਿਰਭਰ ਸਰਮਾਏਦਾਰੀ ਦਾ ਵਿਕਾਸ ਕਰਨ ਵਾਸਤੇ ਅਤੇ ਇਨ੍ਹਾਂ ਦੇਸ਼ਾਂ ਦੀ ਆਰਥਕਤਾ ਉਪਰ ਆਪਣੀ ਜਕੜ ਵਧਾ ਕੇ ਇਨ੍ਹਾਂ ਦੀ ਲੁਟ ਕਾਇਮ ਰਖਣ ਵਾਸਤੇ ਸਿਆਸੀ ਅਤੇ ਫ਼ੌਜੀ ਤਾਕਤਾਂ ਦੀ ਵਰਤੋਂ ਕਰਦੇ ਹਨ[4]।

ਸੰਸਾਰ ਪੱਧਰ 'ਤੇ ਵੱਡੇ ਵੱਡੇ ਫ਼ੌਜੀ ਸਮਝੌਤੇ ਕਰ ਕੇ ਨਵੀਆਂ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ ਜਿਵੇਂ ਨਾਟੋ (NATO) ਸੀਟੋ (SEATO) ਸੈਂਟੋ (CENTO) ਆਦਿ। ਇਨ੍ਹਾਂ ਫ਼ੌਜੀ ਸਮਝੌਤਿਆਂ ਦੇ ਤਹਿਤ ਘਟ-ਵਿਕਸਤ ਦੇਸ਼ਾਂ ਵਿਚ ਫ਼ੌਜੀ ਕਾਰਵਾਈ ਨੂੰ ਵਾਜਬ ਠਹਿਰਾਇਆ ਜਾਂਦਾ ਹੈ। ਸੰਸਾਰ ਪੱਧਰ 'ਤੇ ਫ਼ੌਜੀ ਅੱਡੇ ਕਾਇਮ ਕੀਤੇ ਗਏ ਹਨ। ਇਹ ਫ਼ੌਜੀ ਅੱਡੇ ਕੌਮਾਂਤਰੀ ਪੱਧਰ 'ਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਮੁਫ਼ਾਦਾਂ ਦੀ ਰਾਖੀ ਕਰਦੇ ਹਨ ਜਿਸ ਨਾਲ ਘਟ-ਵਿਕਸਤ ਦੇਸ਼ਾਂ ਦੀ ਲੁਟ ਕਾਇਮ ਰਹਿੰਦੀ ਹੈ। ਜਿਥੇ ਕਿਤੇ ਕੌਮਾਂਤਰੀ ਸਰਮਾਏ ਨੂੰ ਖ਼ਤਰਾ ਪੈਦਾ ਹੁੰਦਾ ਹੈ, ਉਥੇ ਇਨ੍ਹਾਂ ਅੱਡਿਆਂ ਦੇ ਸਹਾਰੇ ਉਸ ਦਾ ਬਚਾਓ ਕੀਤਾ ਜਾਂਦਾ ਹੈ।

ਇਸ ਸਬੰਧ ਵਿਚ ਨਵ-ਸਾਮਰਾਜਵਾਦੀ ਦੇਸ਼ਾਂ ਦੀ ਖੁਫ਼ੀਆ ਸੇਵਾ (Intelligence Service) ਦਾ ਅਹਿਮ ਰੋਲ ਹੈ। ਸੰਸਾਰ ਪੱਧਰ 'ਤੇ ਖੁਫ਼ੀਆ ਸੇਵਾਵਾਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਹਰ ਕਿਸਮ ਦੀਆਂ ਸੰਸਥਾਵਾਂ, ਸਿਆਸੀ ਪਾਰਟੀਆਂ, ਸਿਆਸੀ ਲਹਿਰਾਂ ਆਦਿ ਦੀ ਜਸੂਸੀ ਕੀਤੀ ਜਾਂਦੀ ਹੈ। ਜਸੂਸੀ ਦਾ ਕੰਮ ਦਿਨ ਬ-ਦਿਨ ਵਧਦਾ ਜਾ ਰਿਹਾ ਹੈ। ਘਟ-ਵਿਕਸਤ ਦੇਸ਼ਾਂ ਦੇ ਹੀ ਨਾਗਰਿਕਾਂ ਵਿਚੋਂ ਕਈਆਂ ਨੂੰ ਇਸ ਕੰਮ ਵਾਸਤੇ ਵਰਤਿਆ ਜਾਂਦਾ ਹੈ। ਇਹ ਖੁਫ਼ੀਆ ਏਜੰਟ ਘਟ-ਵਿਕਸਤ ਦੇਸ਼ਾਂ ਦੇ ਵਿਦਿਅਕ ਅਦਾਰਿਆਂ, ਪੁਲਸ, ਫ਼ੌਜ, ਨੌਕਰਸ਼ਾਹੀ, ਸਿਆਸੀ ਪਾਰਟੀਆਂ ਅਤੇ ਹੋਰ ਸਮਾਜਕ ਅਤੇ ਸਿਆਸੀ ਜਥੇਬੰਦੀਆਂ ਵਿਚ ਕੰਮ ਕਰਦੇ ਹਨ। ਇਨ੍ਹਾਂ ਦੇ ਕੰਮ ਕਾਰ ਦਾ ਵੇਰਵਾ ਸਮੇਂ ਸਮੇਂ ਸਿਰ ਸਾਮਰਾਜਵਾਦ ਦੇ ਵਿਕਸਤ ਕੇਂਦਰਾਂ ਵਿਚ ਪਹੁੰਚਦਾ ਰਹਿੰਦਾ ਹੈ। ਜਦ ਕਦੇ ਵੀ ਇਨ੍ਹਾਂ ਦੇਸ਼ਾਂ ਵਿਚ ਐਸੀ ਕੋਈ ਲਹਿਰ, ਜਾਂ ਸੰਸਥਾ ਜਾਂ ਸਿਆਸੀ ਪਾਰਟੀ ਹਰਕਤ ਵਿਚ ਆਉਂਦੀ ਹੈ ਜਿਸ ਨਾਲ ਸਾਮਰਾਜਵਾਦ ਦੇ ਹਿੱਤ ਉਪਰ ਸੱਟ ਵਜਦੀ ਹੋਵੇ ਤਾਂ ਝਟਪਟ ਸਾਮਰਾਜਵਾਦ ਦੀਆਂ ਸਿਆਸੀ ਅਤੇ ਫ਼ੌਜੀ ਤਾਕਤਾਂ ਨੂੰ ਹਰਕਤ ਵਿਚ ਲਿਆਂਦਾ ਜਾਂਦਾ ਹੈ।

ਜਸੂਸੀ ਦੇ ਕੰਮ ਕਾਰ ਰਾਹੀਂ ਉਨ੍ਹਾਂ ਸੰਸਥਾਵਾਂ, ਅਦਾਰਿਆਂ ਅਤੇ ਪਾਰਟੀਆਂ ਦੀ ਹਿਮਾਇਤ ਕੀਤੀ ਜਾਂਦੀ ਹੈ ਜਿਹੜੀਆਂ ਕੌਮਾਂਤਰੀ ਸਰਮਾਏ ਦੇ ਮੁਫ਼ਾਦਾਂ ਦੀ ਰਾਖੀ ਕਰਦੀਆਂ ਹੋਣ। ਇਸ ਦੇ ਇਲਾਵਾ ਕਈ ਇਸ ਕਿਸਮ ਦੀਆਂ ਸੰਸਥਾਵਾਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ ਜੋ ਲੋਕਾਂ ਦਾ ਧਿਆਨ ਦੂਸਰੇ ਪਾਸੇ ਲਾਉਂਦੀਆਂ ਹਨ। ਇਸ ਵਿਚ ਮੁਖ ਰੂਪ ਵਿਚ ਧਾਰਮਕ ਅਤੇ ਸਮਾਜਕ ਸੰਸਥਾਵਾਂ ਦਾ ਰੋਲ ਹੈ। ਅੰਧ-ਪੰਥ ਦੇ ਵਿਕਾਸ ਨੂੰ ਪੂਰਾ ਉਤਸ਼ਾਹ ਦੇ ਕੇ ਵਿਕਾਸਸ਼ੀਲ ਤਾਕਤਾਂ ਉਪਰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।



ਘਟ-ਵਿਕਸਤ ਦੇਸ਼ਾਂ ਵਿਚ ਐਸੀਆਂ ਸਰਕਾਰਾਂ ਦੀ ਹਿਮਾਇਤ ਕੀਤੀ ਜਾਂਦੀ ਹੈ ਜੋ ਕਿ ਕੌਮਾਂਤਰੀ ਸਰਮਾਏ ਦੇ ਇਸ਼ਾਰਿਆਂ ਉਪਰ ਚਲਦੀਆਂ ਹੋਣ। ਐਸੀਆਂ ਸਰਕਾਰਾਂ ਦੀ ਹਿਮਾਇਤ ਸਫ਼ਾਰਤੀ ਪੱਧਰ 'ਤੇ ਨਹੀਂ ਸਗੋਂ ਸਿਆਸੀ ਪਧਰ 'ਤੇ ਹੀ ਕੀਤੀ ਜਾਂਦੀ ਹੈ। ਯੂ. ਐਨ. ਓ. ਅਤੇ ਸਕਿਓਰਟੀ ਕੌਂਸਲ ਵਿਚ ਐਸੀਆਂ ਸਰਕਾਰਾਂ ਦੀ ਪੂਰੀ ਹਿਮਾਇਤ ਨਵ-ਸਾਮਰਾਜਵਾਦੀ ਦੇਸ਼ ਕਰਦੇ ਹਨ। ਲੋਕਲ ਪੱਧਰ 'ਤੇ ਐਸੀਆਂ ਸਰਕਾਰਾਂ ਨੂੰ ਚਲਾਉਣ ਵਾਲਿਆਂ ਲੋਕਾਂ ਦੀ ਸਿਆਸੀ ਹਿਮਾਇਤ ਨਵ-ਸਾਮਰਾਜਵਾਦੀਆਂ ਦੇ ਖੁਫ਼ੀਆ ਏਜੰਟ ਕਰਦੇ ਹਨ। ਇਥੋਂ ਤਕ ਕਿ ਉਨ੍ਹਾਂ ਦੇ ਵਿਰੋਧੀਆਂ ਨੂੰ ਖ਼ਤਮ ਕਰਨ ਤਕ ਜਾਂਦੇ ਹਨ। ਜੇਕਰ ਐਸੀਆਂ ਸਰਕਾਰਾਂ ਦੇ ਖਿਲਾਫ਼ ਕੋਈ ਲਹਿਰ ਉਠੇ ਤਾਂ ਉਸ ਨੂੰ ਦਬਾਉਣ ਵਿਚ ਵੀ ਉਨ੍ਹਾਂ ਦੀ ਮਦਦ ਕਰਦੇ ਹਨ। ਖ਼ਾਸ ਕਰਕੇ ਕਮਿਊਨਿਸਟ ਲਹਿਰਾਂ ਦਾ ਵਿਰੋਧ ਕਰਨਾ ਤਾਂ ਇਨ੍ਹਾਂ ਦਾ ਮੁਖ ਕੰਮ ਹੈ। ਕਿਉਂਕਿ ਕਮਿਊਨਿਸਟ ਲਹਿਰਾਂ ਹੀ ਇਨ੍ਹਾਂ ਦੇਸ਼ਾਂ ਵਿਚ ਨਵ-ਸਾਮਰਾਜਵਾਦ ਦੇ ਮੁਫ਼ਾਦਾਂ ਉਪਰ ਸੱਟ ਮਾਰਦੀਆਂ ਹਨ, ਇਸੇ ਕਰਕੇ ਸਿਆਸੀ ਤੌਰ 'ਤੇ ਨਵ-ਸਾਮਰਾਜਵਾਦ ਦੇ ਏਜੰਟ ਅਤੇ ਖੁਫ਼ੀਆਂ ਸੇਵਾਵਾਂ ਇਨ੍ਹਾਂ ਦਾ ਵਿਰੋਧ ਕਰਦੇ ਹਨ। ਜਿਹੜੀਆਂ ਸਰਕਾਰਾਂ ਇਹੋ ਜਿਹੀਆਂ ਸਿਆਸੀ ਪਾਰਟੀਆਂ ਜਾਂ ਸੰਸਥਾਵਾਂ ਦੇ ਕੰਟਰੋਲ ਵਿਚ ਹਨ ਜਿਹੜੀਆਂ ਨਵ-ਸਾਮਰਾਜਵਾਦੀਆਂ ਦੇ ਇਸ਼ਾਰਿਆਂ 'ਤੇ ਚਲਣ ਤੋਂ ਇਨਕਾਰ ਕਰਦੀਆਂ ਹਨ ਜਾਂ ਇਨ੍ਹਾਂ ਦੇ ਮੁਫ਼ਾਦਾਂ 'ਤੇ ਸੱਟ ਮਾਰਨ ਦੀ ਕੋਸ਼ਿਸ਼ ਕਰਦੀਆਂ ਹਨ ਉਨ੍ਹਾਂ ਦਾ ਤਖਤਾ ਉਲਟਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਘਟ-ਵਿਕਸਤ ਦੇਸ਼ਾਂ ਵਿਚ ਜ਼ਿਆਦਾਤਰ ਜੋ ਰਾਜ-ਪਲਟੇ ਹੋ ਰਹੇ ਹਨ ਉਨ੍ਹਾਂ ਪਿਛੇ ਨਵ-ਸਾਮਰਾਜਵਾਦ ਦਾ ਹੀ ਹੱਥ ਹੁੰਦਾ ਹੈ।

ਇਸ ਤਰ੍ਹਾਂ ਘਟ-ਵਿਕਸਤ ਦੇਸ਼ਾਂ ਵਿਚ ਨਵ-ਸਾਮਰਾਜਵਾਦ ਆਪਣੀਆਂ ਫ਼ੌਜੀ ਅਤੇ ਸਿਆਸੀ ਤਾਕਤਾਂ ਦੀ ਵਰਤੋਂ ਕਰ ਕੇ ਆਪਣੇ ਹਿਮਾਇਤੀਆਂ ਨੂੰ ਮਜ਼ਬੂਤ ਕਰਦਾ ਹੈ ਅਤੇ ਆਪਣੇ ਹਿਮਾਇਤੀ ਰਾਜ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਵ-ਸਾਮਰਾਜਵਾਦ ਆਪਣੇ ਹਿਮਾਇਤੀ ਰਾਜਾਂ ਦੇ ਰਾਹੀਂ ਘਟ-ਵਿਕਸਤ ਦੇਸ਼ਾਂ ਵਿਚ ਆਪਣਾ ਕੰਮ ਕਾਰ ਕਰਨ ਵਿਚ ਸਫ਼ਲ ਹੁੰਦਾ ਹੈ।

**ਵਿਚਾਰਧਾਰਕ ਤਾਕਤਾਂ** : ਸਾਮਰਾਜਵਾਦ ਦੀ ਵਿਚਾਰਧਾਰਾ ਨੂੰ ਘਟ-ਵਿਕਸਤ ਦੇਸ਼ਾਂ ਵਿਚ ਫੈਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਬੜੇ ਸੂਖਮ ਅਤੇ ਲੁਕਵੇਂ ਢੰਗ ਨਾਲ ਇਸ ਦੇ ਪ੍ਰਚਾਰ ਦੀ ਮੁਹਿੰਮ ਚਲਾਈ ਜਾਂਦੀ ਹੈ[5]। ਇਸ ਮੁਹਿੰਮ ਦਾ ਮੁਦਾ ਸਾਮਰਾਜਵਾਦ ਦੀ ਘਟ-ਵਿਕਸਤ ਦੇਸ਼ਾਂ ਵਿਚ ਪ੍ਰਧਾਨਤਾ ਨੂੰ ਕਾਇਮ ਰਖਣਾ ਹੁੰਦਾ ਹੈ। ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਸਾਮਰਾਜੀ ਮੁਲਕ ਆਪਣੀਆਂ ਨੌਆਬਾਦੀਆਂ ਵਿਚ 'ਸਭਿਅਤਾ' ਫ਼ੈਲਾ ਰਹੇ ਹਨ। ਇਸ ਤਰ੍ਹਾਂ ਬਸਤੀਵਾਦੀ ਹਕੂਮਤ ਨੂੰ ਵਾਜਬ ਠਹਿਰਾਇਆ ਜਾਂਦਾ ਸੀ। ਅੱਜ ਇਹ ਕਿਹਾ ਜਾਂਦਾ ਹੈ ਕਿ ਨਵ-ਸਾਮਰਾਜਵਾਦ (ਵਿਕਸਤ ਦੇਸ਼) ਘਟ-ਵਿਕਸਤ ਦੇਸ਼ਾਂ ਦਾ 'ਵਿਕਾਸ' ਕਰ ਰਹੇ ਹਨ। ਇਸ ਨਾਲ ਘਟ-ਵਿਕਸਤ ਦੇਸ਼ਾਂ ਵਿਚ ਸਰਮਾਏ ਦੀ ਬਰਾਮਦ ਦੇ ਲੋਟੂ ਪੱਖ ਨੂੰ ਅਤੇ ਇਸ ਦੇ ਨਾਲ ਇਨ੍ਹਾਂ ਦੇਸ਼ਾਂ ਦੀ ਆਰਥਕਤਾ ਉਪਰ ਵਧ ਰਹੀ ਜਕੜ ਅਤੇ ਇਨ੍ਹਾਂ ਦੀ ਵਿਕਸਤ-ਦੇਸ਼ਾਂ ਉਪਰ ਨਿਰਭਰਤਾ ਦੇ ਪੱਖ ਨੂੰ ਛੁਪਾਇਆ ਜਾਂਦਾ ਹੈ।

ਸਾਮਰਾਜਵਾਦ ਦੀ ਵਿਚਾਰਧਾਰਾ ਸਾਮਰਾਜਵਾਦੀ ਦੇਸ਼ਾਂ ਦੀ ਇਜਾਰੇਦਾਰ ਸਰਮਾਏਦਾਰੀ ਦੀ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਕੌਮਾਂਤਰੀ ਪੱਧਰ 'ਤੇ ਘਟ-ਵਿਕਸਤ ਦੇਸ਼ਾਂ ਉਪਰ ਦਬਦਬਾ ਜਮਾਉਣ ਦੀ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਨੂੰ ਵਾਜਬ ਠਹਿਰਾਉਣ ਲਈ ਸਮਾਜਕ ਵਿਗਿਆਨ ਦੀ ਵਿਉਂਤਪੂਰਨ ਵਰਤੋਂ ਕੀਤੀ ਜਾਂਦੀ ਹੈ। ਇਹ ਨਵ-ਸਾਮਰਾਜਵਾਦੀ ਦੇਸ਼ਾਂ

ਦੀਆਂ ਹਾਕਮ ਜਮਾਤਾਂ ਦੀਆਂ ਉਨ੍ਹਾਂ ਸਿਲਸਲੇਵਾਰ ਕੋਸ਼ਿਸ਼ਾਂ ਨੂੰ ਠੀਕ ਦਰਸਾਉਂਦੀ ਹੈ ਜਿਹਨਾਂ ਨਾਲ ਘਟ-ਵਿਕਸਤ ਦੇਸ਼ਾਂ ਦੀ ਆਰਥਕ ਅਤੇ ਸਿਆਸੀ ਆਜ਼ਾਦੀ ਉਪਰ ਹਮਲਾ ਹੁੰਦਾ ਹੈ।

ਇਸ ਵਿਚਾਰਧਾਰਾ ਪਿਛੇ ਨਵ-ਸਾਮਰਾਜਵਾਦੀ ਦੇਸ਼ਾਂ ਦੀਆਂ ਸਰਕਾਰਾਂ ਅਤੇ ਏਜੰਸੀਆਂ, ਕੌਮਾਂਤਰੀ ਵਿੱਤ ਸੰਸਥਾਵਾਂ (ਸੰਸਾਰ ਬੈਂਕ ਗਰੁਪ) ਅਤੇ ਨਿੱਜੀ ਸੰਸਥਾਵਾਂ (Private Agencies), ਅਰਥ ਵਿਗਿਆਨੀ, ਮਾਨਵ ਵਿਗਿਆਨੀ, ਸਮਾਜਕ ਮਨੋ-ਵਿਗਿਆਨੀ ਅਤੇ ਕਈਂ ਹੋਰ ਸਮਾਜਕ ਵਿਗਿਆਨੀ ਹਨ। ਇਸ ਵਿਚਾਰਧਾਰਾ ਨੂੰ ਫੈਲਾਉਣ ਵਾਸਤੇ ਕਈ ਤਰ੍ਹਾਂ ਦੇ ਢੰਗ ਵਰਤੇ ਜਾਂਦੇ ਹਨ। ਇਸ ਕਰਕੇ ਪੱਛਮੀ ਦੇਸ਼ਾਂ ਵਿਚ ਇਹ ਸੰਸਥਾਵਾਂ ਘਟ-ਵਿਕਸਤ ਦੇਸ਼ਾਂ ਦੀਆਂ ਸਮੱਸਿਆਵਾਂ ਵਲ ਕਾਫ਼ੀ ਧਿਆਨ ਦੇ ਰਹੀਆਂ ਹਨ। ਇਸ ਕੰਮ ਵਾਸਤੇ ਬਹੁਤ ਸਾਰਾ ਧਨ ਅਤੇ ਦੂਜੇ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਅਰਥ-ਵਿਗਿਆਨ ਦੀ ਖੋਜ ਦੇ ਖੇਤਰ ਵਿਚ ਬਹੁਤ ਜ਼ਿਆਦਾ ਜ਼ੋਰ ਇਸ ਗੱਲ ਨੂੰ ਸਾਬਤ ਕਰਨ ਉਪਰ ਦਿਤਾ ਜਾ ਰਿਹਾ ਹੈ ਕਿ ਵਿਕਸਤ ਸਰਮਾਏਦਾਰ ਦੇਸ਼ਾਂ ਵਿਚ ਅੱਜ ਦਾ ਵਿਕਾਸ ਪੱਧਰ ਆਪਣੇ ਆਪ ਅਤੇ ਪੱਧਰੇ ਢੰਗ ਨਾਲ ਸਰਮਾਏਦਾਰੀ ਢਾਂਚੇ ਵਿਚੋਂ ਆਇਆ ਹੈ। ਇਸ ਦੇ ਆਉਂਦੇ ਸਮੇਂ, ਕਿਸੇ ਕਿਸਮ ਦਾ ਸਮਾਜ ਨਾਲ ਧੱਕਾ ਜਾਂ ਇਨਕਲਾਬੀ ਉਥੱਲ ਪੁਥੱਲ ਨਹੀਂ ਹੋਈ। ਇਸ ਸਬੰਧ ਵਿਚ ਇਹ ਦਲੀਲ ਪੇਸ਼ ਕੀਤੀ ਜਾਂਦੀ ਹੈ ਕਿ ਸਿਆਸੀ ਹਿਲਜੁਲ ਦੀ ਅਣਹੋਂਦ ਅਤੇ ਸਮਾਜਕ ਸੰਸਥਾਵਾਂ ਦੀ ਸਥਿਰਤਾ ਅਤੇ ਨਿਰਭਰਤਾ ਨਾਲ ਸਰਮਾਏਦਾਰੀ ਸੰਗਠਨ ਕਰਤਾ ਦੇ ਵਿਕਾਸ ਦਾ ਮਾਹੌਲ ਬਣਿਆ। ਸਰਮਾਏਦਾਰ ਸੰਗਠਨ ਕਰਤਾ ਦੇ ਸਿਰ ਆਰਥਕ ਵਿਕਾਸ ਦਾ ਸੇਹਰਾ ਬੰਨ੍ਹਿਆ ਜਾਂਦਾ ਹੈ। ਇਸ ਵਾਸਤੇ ਇਸ ਗੱਲ 'ਤੇ ਜ਼ੋਰ ਦਿਤਾ ਜਾਂਦਾ ਹੈ ਕਿ ਸੰਗਠਨ ਕਰਤਾ ਪੈਦਾ ਕਰਨ ਲਈ ਸਿਆਸੀ ਸਥਿਰਤਾ ਅਤੇ ਸਮਾਜਕ ਸੰਸਥਾਵਾਂ ਦੀ ਨਿਰੰਤਰਤਾ ਨੂੰ ਕਾਇਮ ਰਖਣਾ ਜ਼ਰੂਰੀ ਹੈ। ਭਾਵ ਇਨਕਲਾਬ ਦੀ ਕੋਈ ਲੋੜ ਨਹੀਂ।

ਇਸ ਦੇ ਇਲਾਵਾ ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਵਿਕਾਸ ਦਾ ਆਧਾਰ ਮੰਡੀ ਦੀਆਂ ਆਜ਼ਾਦ ਤਾਕਤਾਂ ਅਤੇ ਨਿੱਜੀ ਪਹਿਲ-ਕਦਮੀ ਸੀ ਜਿਸ ਨਾਲ ਸ਼ੁਰੂ ਵਿਚ ਕੋਈ ਜ਼ਿਆਦਾ ਆਰਥਕ ਕੁਰਬਾਨੀ ਦੀ ਲੋੜ ਵੀ ਨਹੀਂ ਪਈ। ਇਸ ਤੋਂ ਸਿੱਟਾ ਇਹ ਕੱਢਿਆ ਜਾਂਦਾ ਹੈ ਕਿ ਇਹ ਆਰਥਕ ਵਿਕਾਸ ਦਾ ਸਭ ਤੋਂ ਵਧੀਆ ਢੰਗ ਹੈ। ਜਿਸ ਦਾ ਭਾਵ ਹੈ ਕਿ ਨਵ-ਸਾਮਰਾਜਵਾਦੀ ਦੇਸ਼ਾਂ ਅਤੇ ਉਨ੍ਹਾਂ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ।

ਇਕ ਗੱਲ ਦਾ ਬਿਲਕੁਲ ਜ਼ਿਕਰ ਨਹੀਂ ਕੀਤਾ ਜਾਂਦਾ ਕਿ ਪਛਮੀ ਦੇਸ਼ਾਂ ਵਿਚ ਸਰਮਾਏਦਾਰੀ ਦੇ ਵਿਕਾਸ ਵਿਚ ਬਸਤੀਆਂ (ਜੋ ਅਜ ਕਲ ਘਟ-ਵਿਕਸਤ ਦੇਸ਼ ਹਨ) ਦੀ ਲੁਟ ਦਾ ਅਹਿਮ ਰੋਲ ਸੀ ਅਤੇ ਅਜ ਕਲ ਘਟ-ਵਿਕਸਤ ਦੇਸ਼ਾਂ ਕੋਲ ਕੋਈ ਐਸੀਆਂ ਬਸਤੀਆਂ ਨਹੀਂ ਹਨ। ਇਸ ਗੱਲ ਵਲ ਕੋਈ ਧਿਆਨ ਨਹੀਂ ਕੀਤਾ ਜਾਂਦਾ ਕਿ ਇਜਾਰੇਦਾਰ ਸਰਮਾਏਦਾਰੀ ਅਤੇ ਸਾਮਰਾਜ ਦੇ ਸਮੇਂ ਵਿਚ ਘਟ-ਵਿਕਸਤ ਦੇਸ਼ਾਂ ਵਿਚ ਆਰਥਕ ਵਿਕਾਸ ਦੀਆਂ ਔਕੜਾਂ ਅਤੇ ਅਜ ਦੇ ਵਿਕਸਤ-ਦੇਸ਼ਾਂ ਦੀਆਂ ਦੋ-ਤਿੰਨ ਸੌ ਸਾਲ ਪਹਿਲਾਂ ਦੀਆਂ ਮੁਸ਼ਕਲਾਂ ਵਿਚ ਕੁਝ ਵੀ ਸਾਂਝਾ ਨਹੀਂ ਹੈ।

ਘਟ-ਵਿਕਸਤ ਦੇਸ਼ਾਂ ਦੀਆਂ ਸਮੱਸਿਆਵਾਂ ਦੇ ਤਕਨੀਕੀ ਕਾਰਨ ਲਭੇ ਜਾਂਦੇ ਹਨ ਜਿਵੇਂ ਇਥੋਂ ਦੀ ਮਜ਼ਦੂਰ ਸ਼ਕਤੀ ਦਾ ਸੁਭਾਅ, ਵਪਾਰ ਦੇ ਭੁਗਤਾਨ ਦੀਆਂ ਮੁਸ਼ਕਲਾਂ ਆਦਿ। ਜਾਂ ਫਿਰ ਸਾਰੀਆਂ ਆਰਥਕ ਸਮੱਸਿਆਵਾਂ ਦਾ ਕਾਰਨ ਵਧ ਵਸੋਂ ਨੂੰ ਠਹਿਰਾਇਆ ਜਾਂਦਾ ਹੈ। ਇਨ੍ਹਾਂ ਦੀਆਂ



ਸਮੱਸਿਆਵਾਂ ਦਾ ਦੋਸ਼ੀ ਇਨ੍ਹਾਂ ਦੇ ਲੋਕਾਂ ਨੂੰ ਦਸਿਆ ਜਾਂਦਾ ਹੈ ਅਤੇ ਇਥੋਂ ਤਕ ਕਿ ਲੋਕਾਂ ਉਪਰ ਇਸ ਹੇਠਾਂ ਜ਼ਿਆਦਤੀ ਵੀ ਕਰਵਾਈ ਜਾਂਦੀ ਹੈ ਜਿਵੇਂ ਕਿ ਸਖਤੀ ਨਾਲ ਨਸਬੰਦੀਆਂ ਕਰਨਾ ਆਦਿ। ਇਸ ਤਰ੍ਹਾਂ ਸਾਮਰਾਜਵਾਦ ਦੀ ਵਿਚਾਰਧਾਰਾ ਦਾ ਸਾਰਾ ਜ਼ੋਰ ਇਸ ਗੱਲ 'ਤੇ ਹੈ ਕਿ ਇਨ੍ਹਾਂ ਦੇਸ਼ਾ ਵਿਚ ਵਿਕਾਸ ਦੀ ਬੁਨਿਆਦ ਮੰਡੀ ਦੀਆਂ ਆਜ਼ਾਦ ਤਾਕਤਾਂ ਅਤੇ ਨਿੱਜੀ ਪਹਿਲ ਕਦਮੀ ਰਹੇ, ਜਿਸ ਨਾਲ ਸਾਮਰਾਜੀ ਦੇਸ਼ਾਂ ਦੀਆਂ ਕੰਪਨੀਆਂ ਇਨ੍ਹਾਂ ਦੇਸ਼ਾਂ ਵਿਚ ਬਿਨਾਂ ਰੋਕ ਟੋਕ ਕੰਮ ਕਰਨ ਅਤੇ ਇਥੋਂ ਦੇ ਸਾਧਨਾਂ ਦੀ ਲੁਟ-ਖਸੁਟ ਕਰ ਕੇ ਇਥੇ ਆਪਣੀ ਜੜ੍ਹ ਵਧਾਉਣ। ਇਸ ਵਿਚਾਰਧਾਰਾ ਦਾ ਰੋਲ ਘਟ-ਵਿਕਸਤ ਦੇਸ਼ਾਂ ਦੀ ਲੁਟ ਨੂੰ ਛੁਪਾ ਕੇ ਰੱਖਣਾ ਅਤੇ ਇਸ ਗੱਲ 'ਤੇ ਜ਼ੋਰ ਦੇਣਾ ਹੈ ਕਿ ਕਿਸੇ ਕਿਸਮ ਦੀ ਸਮਾਜਕ ਜਾਂ ਸਿਆਸੀ ਉਥੱਲ ਪੁਥਲ ਨਾ ਹੋਵੇ ਜਿਸ ਨਾਲ ਲੁਟ ਖਸੁਟ ਦੇ ਢਾਂਚੇ ਨੂੰ ਸੱਟ ਵਜਦੀ ਹੋਵੇ। ਇਸ ਕਰਕੇ ਸਾਮਰਾਜਵਾਦੀ ਵਿਚਾਰਧਾਰਾ ਦਾ ਰੋਲ ਇਨਕਲਾਬ-ਵਿਰੋਧੀ ਹੈ। ਇਹ ਵਿਚਾਰਧਾਰਾ ਉਨ੍ਹਾਂ ਸਾਰਿਆਂ ਦੀ ਮਦਦ ਕਰਦੀ ਹੈ ਜਿਹੜੇ ਅਜੋਕੇ ਆਰਥਕ ਸਮਾਜਕ ਢਾਂਚੇ ਦੀ ਹੋਂਦ ਨੂੰ ਕਾਇਮ ਰਖਣਾ ਚਾਹੁੰਦੇ ਹਨ ਜਿਸ ਨਾਲ ਘਟ-ਵਿਕਸਤ ਦੇਸ਼ਾਂ ਦੀ ਨਿਰਭਰਤਾ ਵਧਦੀ ਜਾਂਦੀ ਹੈ।

ਇਹ ਵਿਚਾਰਧਾਰਾ ਸਮਾਜਵਾਦੀ ਦੇਸ਼ਾਂ ਦੇ ਵਿਕਾਸ ਦੇ ਤਜਰਬੇ ਦੇ ਵਧੀਆ ਗੁਣਾਂ ਨੂੰ ਅੱਖੋਂ ਉਹਲੇ ਕਰ ਕੇ ਉਹਨਾਂ ਨੂੰ ਗ਼ਲਤ ਢੰਗ ਨਾਲ ਤੋੜ ਮਰੋੜ ਕੇ ਪੇਸ਼ ਕਰਦੀ ਹੈ। ਇਸ ਤਰ੍ਹਾਂ ਇਹ ਸਾਮਰਾਜਵਾਦ ਦੀ ਪ੍ਰਧਾਨਤਾ ਸੰਸਾਰ ਵਿਚ ਕਾਇਮ ਕਰਨ ਦੀ ਕੋਸ਼ਿਸ਼ ਕਰਦੀ ਹੈ।

ਇਸ ਵਿਚਾਰਧਾਰਾ ਦੇ ਪ੍ਰਚਾਰ ਦੀ ਮੁਹਿੰਮ ਬਹੁਤ ਜ਼ੋਰ ਨਾਲ ਅਤੇ ਚਲਾਕ ਤਰੀਕੇ ਨਾਲ ਚਲਾਈ ਜਾਂਦੀ ਹੈ। ਸਾਮਰਾਜਵਾਦ ਦੇ ਖਿਆਲਾਂ ਨੂੰ ਵੇਖਿਆ ਜਾਂਦਾ ਹੈ। ਇਸ ਦੇ ਪਿਛੇ ਸੰਸਾਰ ਪੱਧਰ 'ਤੇ ਬਹੁਤ ਸਰਮਾਇਆ ਹੈ। ਕਾਫ਼ੀ ਧਨ ਖ਼ਰਚ ਕੀਤਾ ਜਾਂਦਾ ਹੈ। ਬਹੁ-ਵੱਡੀ ਗਿਣਤੀ ਵਿਚ ਇਸ ਦੇ ਪ੍ਰਚਾਰ ਵਾਸਤੇ ਕਿਤਾਬਾਂ, ਰਸਾਲੇ ਅਤੇ ਅਖ਼ਬਾਰਾਂ ਛਾਪੀਆਂ ਜਾਂਦੀਆਂ ਹਨ, ਰੇਡਿਓ ਟੈਲੀਵੀਜ਼ਨ ਦਾ ਪ੍ਰਯੋਗ ਹੁੰਦਾ ਹੈ। ਇਸ ਦੇ ਇਲਾਵਾ ਇਸ ਵਿਚਾਰਧਾਰਾ ਨੂੰ ਘਟ-ਵਿਕਸਤ ਦੇਸ਼ਾਂ ਦੇ ਬੁਧੀਜੀਵੀਆਂ ਵਿਚ ਪ੍ਰਚਾਰ ਕਰ ਕੇ ਪ੍ਰਵਾਨਤਾ ਹਾਸਲ ਕਰਵਾਈ ਜਾਂਦੀ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਪਛਮੀ ਦੇਸ਼ਾਂ ਵਿਚ ਇਸ ਦੇ ਪ੍ਰਚਾਰ ਵਾਸਤੇ ਮਾਹਿਰ ਬਣਾਇਆ ਜਾਂਦਾ ਹੈ। ਉਹ ਦੇਸ਼ ਵਿਚ ਆ ਕੇ ਆਪਣੇ ਉਥੋਂ ਦੇ ਪ੍ਰੋਫ਼ੈਸਰਾਂ ਨੂੰ ਖ਼ੁਸ਼ ਕਰਨ ਵਾਸਤੇ ਉਹ ਕੁਝ ਪੜ੍ਹਾਉਂਦੇ ਹਨ ਜੋ ਉਨ੍ਹਾਂ ਪੜ੍ਹਿਆ ਹੁੰਦਾ ਹੈ। ਘਟ-ਵਿਕਸਤ ਦੇਸ਼ਾਂ ਵਿਚ ਨਿਜੀ ਸੰਸਥਾਵਾਂ (Private Foundations) ਇਸ ਮਾਮਲੇ ਵਿਚ ਬਹੁਤ ਅਹਿਮ ਰੋਲ ਅਦਾ ਕਰ ਰਹੀਆਂ ਹਨ। ਇਨ੍ਹਾਂ ਨੂੰ ਇਕ ਹੋਰ ਫਾਇਦਾ ਇਹ ਹੈ ਕਿ ਵਿਕਸਤ-ਦੇਸ਼ ਥੋੜਾ ਚਿਰ ਪਹਿਲਾਂ ਹੀ ਇਨ੍ਹਾਂ ਦੇਸ਼ਾਂ ਵਿਚ ਰਾਜ ਕਰਦੇ ਰਹੇ ਹਨ ਅਤੇ ਵਿਦਿਅਕ ਸੰਸਥਾਵਾਂ ਉਪਰ ਪਹਿਲਾਂ ਤੋਂ ਹੀ ਉਨ੍ਹਾਂ ਦਾ ਕਾਫ਼ੀ ਕੰਟਰੋਲ ਹੈ, ਜੋ ਹੁਣ ਨਵੇਂ ਢੰਗ ਨਾਲ ਚਲ ਰਿਹਾ ਹੈ। ਜਿਸ ਕਰਕੇ ਬਹੁਤ ਸਾਰੇ ਬੁਧੀਜੀਵੀ ਇਨ੍ਹਾਂ ਦੇਸ਼ਾਂ ਵਿਚ ਸਾਮਰਾਜਵਾਦ ਦੀ ਵਿਚਾਰਧਾਰਾ ਨੂੰ ਕਬੂਲਦੇ ਹੀ ਨਹੀਂ, ਸਗੋਂ ਪ੍ਰਚਾਰਦੇ ਵੀ ਹਨ।

ਵਿਚਾਰਧਾਰਾ ਅੱਜ ਦੇ ਸਮੇਂ ਵਿਚ ਬਹੁਤ ਵੱਡਾ ਹਥਿਆਰ ਹੈ। ਇਸ ਦੀ ਵਰਤੋਂ ਕਰ ਕੇ ਲੋਕਾਂ ਦੇ ਦਿਮਾਗਾਂ ਉਪਰ ਕੰਟਰੋਲ ਕੀਤਾ ਜਾਂਦਾ ਹੈ। ਲੋਕਾਂ ਵਿਚ ਦਿਮਾਗ਼ੀ ਗੁਲਾਮੀ ਪੈਦਾ ਕਰ ਕੇ ਉਨ੍ਹਾਂ ਉਪਰ ਕੰਟਰੋਲ ਕਰਨਾ ਸੌਖਾ ਹੁੰਦਾ ਹੈ ਜੋ ਕਿ ਸਾਮਰਾਜਵਾਦ ਦੀ ਲੋੜ ਹੈ।

ਇਸ ਤਰ੍ਹਾਂ ਨਵ-ਸਾਮਰਾਜਵਾਦ ਹਰ ਕਿਸਮ ਦੀਆਂ ਆਰਥਕ, ਸਿਆਸੀ, ਫ਼ੌਜੀ ਅਤੇ ਵਿਚਾਰਧਾਰਕ ਤਾਕਤਾਂ ਦੀ ਵਰਤੋਂ ਕਰ ਕੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ। ਇਸ ਵਾਸਤੇ ਉਹ

ਘਟ-ਵਿਕਸਤ ਦੇਸ਼ਾਂ ਵਿਚ ਆਪਣੇ ਹਿਮਾਇਤੀਆਂ ਦੀ ਕਤਾਰ ਪੈਦਾ ਕਰਦਾ ਹੈ ਅਤੇ ਆਪਣੇ ਮੁਫ਼ਾਦਾਂ ਦੀ ਰਾਖੀ ਉਨ੍ਹਾਂ ਰਾਹੀਂ ਕਰਦਾ ਹੈ। ਨਵ-ਸਾਮਰਾਜਵਾਦ ਦੇ ਖ਼ਿਲਾਫ਼ ਲੜਨ ਵਾਸਤੇ ਉਨ੍ਹਾਂ ਦੇ ਹਿਮਾਇਤੀਆਂ ਦੇ ਖ਼ਿਲਾਫ਼ ਹੀ ਲੜਨਾ ਪਵੇਗਾ। (ਚਲਦਾ)

---

1. Samir Amin; Accumulation On World Scale, Vol. I, Monthly Review Press, New York, 1974, Ch. I & II
2. Emmanuel : Unequal Exchange— A Study of Imperialism of Trade. New Left Books, 1972
3. Romesh K. Diwan and Kanta Marwah; Transfer from Poor to Rich Countries : An Analysis of World Exports, E & P WEEKLY, Feb., 1976
4. Vasily Vakhrushev, op. cit
5. Paul A. Baran; Political Economy of Growth, PPH, 1975, Ch. I

---

## ਪਾਠਕਾਂ ਨੂੰ ਅਪੀਲ

ਕਾਗ਼ਜ਼ ਦੇ ਮੁੱਲ ਅਤੇ ਛਪਾਈ ਤੇ ਡਾਕ-ਖ਼ਰਚ ਦੇ ਰੇਟਾਂ ਵਿਚ ਵਾਧਾ ਹੋ ਜਾਣ ਕਾਰਨ ਸੇਧ ਦੀ ਕੀਮਤ ਜੁਲਾਈ 1979 ਅੰਕ ਤੋਂ ਫ਼ੀ ਕਾਪੀ ਦੋ ਰੁਪਏ ਕਰਨੀ ਪਈ ਹੈ।

ਸੇਧ ਦੇ ਪਾਠਕਾਂ 'ਤੇ ਇਹ ਬੋਝ ਨਾ ਪਵੇ ਜਾਂ ਘਟ ਤੋਂ ਘਟ ਪਵੇ—ਇਸ ਖ਼ਿਆਲ ਦੇ ਤਹਿਤ ਸੇਧ ਦੇ ਸਾਲਾਨਾ ਚੰਦੇ ਵਿਚ ਹਾਲ ਦੀ ਘੜੀ ਵਾਧਾ ਨਹੀਂ ਕੀਤਾ ਜਾ ਰਿਹਾ। ਇਹ ਚੰਦਾ ਪੰਦਰਾਂ ਰੁਪਏ ਸਾਲ ਹੀ ਹੈ। ਬਦੇਸ਼ੀ ਚੰਦਾ ਵੀ ਉਹ ਹੀ ਹੈ, ਜੋ ਹੁਣ ਤਕ ਸੀ।

ਪਾਠਕਾਂ ਨੂੰ ਸਾਡੀ ਅਪੀਲ ਹੈ ਕਿ ਉਹ ਸੇਧ ਹਰ ਮਹੀਨੇ ਖਰੀਦ ਕੇ ਪੜ੍ਹਨ ਦੀ ਬਜਾਏ ਸਾਲ ਦਾ ਚੰਦਾ ਸਾਨੂੰ ਭੇਜਣ ਦੀ ਕ੍ਰਿਪਾਲਤਾ ਕਰਨ ਅਤੇ ਪਰਚਾ ਡਾਕ ਰਾਹੀਂ ਹਰ ਮਹੀਨੇ ਘਰ ਬੈਠੇ ਪ੍ਰਾਪਤ ਕਰਨ।

ਜਿਹਨਾਂ ਸਜਣਾਂ ਦੇ ਚੰਦੇ ਹਾਲੇ ਕੁਝ ਮਹੀਨੇ ਰਹਿੰਦੇ ਹਨ, ਉਹਨਾਂ ਨੂੰ ਵੀ ਸਾਡੀ ਜ਼ੋਰਦਾਰ ਅਪੀਲ ਹੈ ਕਿ ਉਹ ਸਾਲ ਦਾ ਚੰਦਾ ਅਗਾਊਂ ਭੇਜ ਦੇਣ। ਇੱਦਾਂ ਕੀਤਿਆਂ ਸੇਧ ਦੀ ਸਹਾਇਤਾ ਵੀ ਹੋ ਜਾਵੇਗੀ ਅਤੇ ਨਾਲ ਹੀ, ਜੇਕਰ ਹੁੰਗਾਰਾ ਰਜਵਾਂ ਮਿਲਿਆ, ਤਾਂ ਅਸੀਂ ਸਾਲਾਨਾ ਚੰਦੇ ਵਿਚ ਵਾਧਾ ਕਰਨ ਦੀ ਮਜਬੂਰੀ ਤੋਂ ਵੀ ਬਚ ਜਾਵਾਂਗੇ। ਜੇ ਹੁੰਗਾਰਾ ਕਮਜ਼ੋਰ ਰਿਹਾ ਤਾਂ ਹੋ ਸਕਦਾ ਹੈ ਅਕਤੂਬਰ 1979 ਤੋਂ ਸਾਲਾਨਾ ਚੰਦਾ ਪੰਦਰਾਂ ਦੀ ਥਾਂ ਵੀਹ ਰੁਪਏ ਕਰਨਾ ਪੈ ਜਾਵੇ।

ਜਿਹੜੇ ਪਾਠਕ ਭਾਰ ਸਹਿ ਸਕਣ ਦੇ ਯੋਗ ਹਨ, ਉਹਨਾਂ ਨੂੰ ਸਾਡੀ ਬੇਨਤੀ ਹੈ ਕਿ ਉਹ ਸੌ ਰੁਪਿਆ (ਮਨੀਆਰਡਰ ਰਾਹੀਂ ਜਾਂ ਸੇਧ ਦੇ ਨਾਂ ਬੈਂਕ ਡਰਾਫ਼ਟ ਰਾਹੀਂ) ਭੇਜ ਕੇ ਸੇਧ ਦੇ ਲਾਈਫ਼ ਮੈਂਬਰ ਬਣਨ ਅਤੇ ਜੋ ਸਰਦਾ ਪੁਜਦਾ ਹੋਵੇ ਸਹਾਇਤਾ ਦੇ ਤੌਰ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ। —ਸੰਪਾਦਕ



ਡਾ: ਫ਼ੌਜਾ ਸਿੰਘ

# "ਖ਼ਾਲਸਾ ਰਾਜ" ਸਮੇਂ ਸਮਾਜਕ ਸਥਿਤੀ—ਇਕ ਦ੍ਰਿਸ਼ਟੀਕੋਣ

ਸੰਨ 1765 ਤੀਕ ਸਿੱਖਾਂ ਨੇ ਮੁਗਲਾਂ ਤੇ ਪਠਾਣਾਂ ਨੂੰ ਮੁਕੰਮਲ ਤੌਰ 'ਤੇ ਪਛਾੜ ਦਿੱਤਾ ਸੀ। ਇਹ ਸੰਘਰਸ਼ ਅੱਧੀ ਸਦੀ ਤੋਂ ਵੀ ਵਧ ਸਮੇਂ ਤੋਂ ਬਰਾਬਰ ਲੜਿਆ ਆ ਰਿਹਾ ਸੀ ਅਤੇ ਇਸ ਵਿਚ ਸਿੱਖਾਂ ਨੂੰ ਓੜਕਾਂ ਦਾ ਨੁਕਸਾਨ ਵੀ ਉਠਾਉਣਾ ਪਿਆ ਸੀ। ਫਿਰ ਵੀ ਦੁਸ਼ਮਣ, ਜਿਹੜੇ ਨਫ਼ਰੀ ਤੇ ਹਥਿਆਰਾਂ ਦੇ ਪੱਖੋਂ ਸਿੱਖਾਂ ਨਾਲੋਂ ਕਈ ਗੁਣਾਂ ਵਧੇਰੇ ਸ਼ਕਤੀਸ਼ਾਲੀ ਸਨ, ਉਹਨਾਂ ਦਾ ਟਾਕਰਾ ਨਾ ਕਰ ਸਕੇ। 1765 ਵਿਚ ਅੰਤਮ ਜਿਤ ਪਰਾਪਤ ਕਰਨ ਉਪਰੰਤ ਕੁਝ ਹੀ ਸਮੇਂ ਵਿਚ ਸਿੱਖ ਸਰਦਾਰਾਂ ਨੇ ਲਗਭਗ ਸਾਰੇ ਪੰਜਾਬ ਵਿਚ, ਜਮਨਾ ਤੋਂ ਅਟਕ ਤਕ ਕਈ ਛੋਟੇ ਛੋਟੇ ਸੁਤੰਤਰ ਰਾਜ ਸਥਾਪਿਤ ਕਰ ਲਏ। ਇਹਨਾਂ ਲਘੂ ਰਾਜਾਂ ਨੇ ਜਦ ਪਰਸਪਰ ਫੁਟ ਦੇ ਕਾਰਨ ਆਪੋ ਵਿਚ ਲੜ ਲੜ ਕੇ ਆਪਣੀ ਸ਼ਕਤੀ ਨੂੰ ਭੰਗ ਦੇ ਭਾੜੇ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਦ ਇਸ ਖਤਰਨਾਕ ਸਥਿਤੀ ਦੇ ਫਲਸਰੂਪ ਅਫ਼ਗਾਨਿਸਤਾਨ ਤੋਂ ਮੁੜ ਹਮਲੇ ਹੋਣ ਲਗ ਪਏ, ਤਾਂ ਓਹਨਾਂ ਵਿਚੋਂ ਹੀ ਇਕ ਸਿਰਕੱਢ ਸਰਦਾਰ, ਸ਼ੁਕਰਚਕੀਆ ਮਿਸਲ ਦੇ ਮੁਖੀ ਰਣਜੀਤ ਸਿੰਘ, ਨੇ ਹੰਨੇ ਹੰਨੇ ਦੇ ਰਜਵਾੜੇ ਖਤਮ ਕਰਨ ਤੇ ਉਹਨਾਂ ਦੀ ਥਾਂ 'ਤੇ ਇਕ ਸੰਯੁਕਤ ਤਾਕਤਵਰ ਸਿੱਖ ਰਾਜ ਦੀ ਸਥਾਪਨਾ ਕਰਨ ਦਾ ਨਿਰਣਾ ਕਰ ਲਿਆ। ਤਕਰੀਬਨ ਵੀਹ ਵਰ੍ਹਿਆਂ ਦੇ ਲਗਾਤਾਰ ਜਤਨਾਂ ਦਾ ਨਤੀਜਾ ਇਹ ਨਿਕਲਿਆ ਕਿ ਪੂਰਬ ਵਿਚ ਸਤਲੁਜ ਨਦੀ ਤੋਂ ਪਛਮ ਵਿਚ ਸੁਲੇਮਾਨ ਦੀਆਂ ਪਹਾੜੀਆਂ ਤਕ ਤੇ ਉਤਰ ਵਿਚ ਲਦਾਖ ਤੋਂ ਦੱਖਣ ਵਿਚ ਸਿੰਧ ਤਕ ਸਾਰਾ ਇਲਾਕਾ ਸਿੱਖ ਹਕੂਮਤ ਹੇਠ ਆ ਗਿਆ। ਸ਼ਾਇਦ ਇਹ ਪੂਰਬ ਵਿਚ ਸਤਲੁਜ ਤੋਂ ਪਾਰ ਜਮਨਾ ਤੀਕ ਵੀ ਫੈਲ ਗਿਆ ਹੁੰਦਾ ਜੇ ਕਿਤੇ ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਰਾਹ ਵਿਚ ਅੰਗਰੇਜ਼ਾਂ ਵਲੋਂ ਰੁਕਾਵਟ ਨਾ ਪਾ ਦਿੱਤੀ ਜਾਂਦੀ।

ਰਣਜੀਤ ਸਿੰਘ ਨੇ ਪੰਜਾਬ ਦੀ ਅੰਦਰਲੀ ਅਸ਼ਾਂਤੀ ਅਤੇ ਅਰਾਜਕਤਾ ਨੂੰ ਖਤਮ ਕੀਤਾ। ਉਸ ਦੇ ਰਾਜ ਕਾਲ ਵਿਚ ਸਥਿਰਤਾ ਦੀ ਪੁਨਰ ਸਥਾਪਨਾ ਨਾਲ ਲੋਕਾਂ ਨੂੰ ਸਮਾਜਕ ਤੇ ਆਰਥਕ ਵਿਕਾਸ ਦੇ ਅਵਸਰ ਮਿਲਣੇ ਸ਼ੁਰੂ ਹੋ ਗਏ। ਸਮਾਜ ਦਾ ਸਭ ਤੋਂ ਵੱਡਾ ਵਰਗ ਕਿਸਾਨਾਂ ਦਾ ਸੀ। ਜਿੰਨਾ ਚਿਰ ਇਨ੍ਹਾਂ ਦੀ ਹਾਲਤ ਵਿਚ ਕੋਈ ਠੋਸ ਸੁਧਾਰ ਨਹੀਂ ਸੀ ਆਉਂਦਾ, ਉਨ੍ਹਾਂ ਚਿਰ ਸਮਾਜਿਕ ਸਥਿਤੀ ਵਿਚ ਕੋਈ ਵੱਡਾ ਸੁਧਾਰ ਹੋਇਆ ਮੰਨਿਆ ਨਹੀਂ ਸੀ ਜਾ ਸਕਦਾ। ਰਣਜੀਤ ਸਿੰਘ ਇਸ ਤੱਥ ਤੋਂ ਬਿਲਕੁਲ ਜਾਣੂ ਸੀ ਅਤੇ ਉਸ ਨੇ ਕਿਸਾਨਾਂ ਤੋਂ ਇਸ ਢੰਗ ਨਾਲ ਮਾਲੀਆ ਵਸੂਲ ਕਰਨ ਦੀ ਨੀਤੀ ਘੜੀ ਕਿ ਕਿਸੇ ਨੂੰ ਆਪਣੀ ਸ਼ਕਤੀ ਤੋਂ ਵਧ ਮਾਲੀਆ ਨਾ ਦੇਣਾ ਪਏ। ਸਭ ਥਾਵਾਂ 'ਤੇ ਇਕੋ ਜੇਹੀ ਜ਼ਮੀਨ

ਨਹੀਂ ਸੀ, ਨਾ ਹੀ ਸਾਰੀ ਥਾਈਂ ਸਿੰਜਾਈ ਦੇ ਇਕੋ ਜਹੇ ਸਾਧਨ ਮੌਜੂਦ ਸਨ । ਕਿਤੇ ਖੂਹਾਂ ਤੋਂ ਫਸਲਾਂ ਸਿੰਜੀਆਂ ਜਾਂਦੀਆਂ ਸਨ, ਕਿਤੇ ਛੋਟੀਆਂ ਛੋਟੀਆਂ ਨਹਿਰਾਂ ਤੋਂ ਕੰਮ ਲਿਆ ਜਾਂਦਾ ਸੀ ਅਤੇ ਕਿਤੇ ਸਭ ਕੁਝ ਹੀ ਮੀਂਹ 'ਤੇ ਨਿਰਭਰ ਸੀ । ਇਸ ਸੂਰਤ ਵਿਚ ਸਭ ਥਾਵਾਂ 'ਤੇ ਵਾਹੀਕਾਰਾਂ ਤੋਂ ਇੱਕ ਦਰ 'ਤੇ ਮਾਲੀਆ ਲੈਣਾ ਬੇਇਨਸਾਫੀ ਵਾਲੀ ਗੱਲ ਹੋਣੀ ਸੀ । ਇਸ ਲਈ ਮਾਲੀਏ ਦੀ ਦਰ ਨਿਯੁਕਤ ਕਰਨ ਵੇਲੇ ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰਖਿਆ ਗਿਆ ਕਿ ਜ਼ਮੀਨ ਦੇ ਮਾਲੀਏ ਬਾਰੇ ਨਿਰਨਾ ਕਰਨ ਤੋਂ ਪਹਿਲਾਂ ਇਹ ਵੇਖਿਆ ਜਾਵੇ ਕਿ ਉਥੋਂ ਦੀ ਜ਼ਮੀਨ ਉਤਮ ਦਰਜੇ ਦੀ ਉਪਜਾਊ ਹੈ ਜਾਂ ਵਿਚਲੇ ਦਰਜੇ ਦੀ ਜਾਂ ਬੰਜਰ ਹੈ ,ਉਥੇ ਖੂਹਾਂ ਨਾਲ ਸਿੰਜਾਈ ਹੁੰਦੀ ਹੈ, ਜਾਂ ਨਹਿਰਾਂ ਨਾਲ, ਜਾਂ ਫਿਰ ਵਾਹੀ ਕੇਵਲ ਮੀਹਾਂ ਦੇ ਆਸਰੇ ਹੈ । ਇਹੋ ਕਾਰਣ ਹੈ ਕਿ ਰਣਜੀਤ ਸਿੰਘ ਦੇ ਰਾਜ ਵਿਚ ਮੁਲਕ ਦੇ ਵਖ ਵਖ ਭਾਗਾਂ ਵਿਚ ਲਗਾਨ ਦੀਆਂ ਦਰਾਂ ਵਖ ਵਖ ਸਨ । ਘਟ ਤੋਂ ਘਟ ਦਰ ਕੁਲ ਪੈਦਾਵਾਰ ਦਾ ਸਤਵਾਂ ਭਾਗ ਸੀ ਅਤੇ ਵਧ ਤੋਂ ਵਧ ਪੈਦਾਵਾਰ ਦਾ ਅੱਧਾ ਭਾਗ । ਹੋਰ ਦਰਾਂ ਇਹ ਸਨ : ਪੈਦਾਵਾਰ ਦਾ ਛੇਵਾਂ ਹਿੱਸਾ, ਪੰਜਵਾਂ ਹਿੱਸਾ, ਚੌਥਾ ਹਿੱਸਾ, ਤੀਜਾ ਹਿੱਸਾ ਤੇ ਪੰਜ ਦਵੰਜੀ ਅਰਥਾਤ 40 ਫੀ ਸਦੀ । ਮਾਲੀਆ ਆਮ ਤੌਰ 'ਤੇ ਬਟਾਈ ਤੇ ਕਣਕੂਤ ਦੇ ਤਰੀਕਿਆਂ ਨਾਲ ਜਿਨਸ ਵਿਚ ਵਸੂਲ ਕੀਤਾ ਜਾਂਦਾ ਸੀ । ਇਸ ਤਰ੍ਹਾਂ ਭਾਵੇਂ ਸਰਕਾਰ ਨੂੰ ਚੋਖੀ ਔਖਿਆਈ ਸਹਿਣੀ ਪੈਂਦੀ ਸੀ ਪਰ ਕਿਸਾਨਾਂ ਨੂੰ ਇਸ ਵਿਚ ਬਹੁਤ ਸਹੂਲਤ ਰਹਿੰਦੀ ਸੀ । ਇਕ ਤਾ ਉਹਨਾਂ ਨੂੰ ਕੇਵਲ ਹੋਈ ਪੈਦਾਵਾਰ 'ਤੇ ਮਾਲੀਆ ਦੇਣਾ ਪੈਂਦਾ ਸੀ ਜਿਸ ਦਾ ਭਾਵ ਇਹ ਸੀ ਕਿ ਜੇ ਪੈਦਾਵਾਰ ਘਟ ਹੋਈ ਹੈ ਤਾਂ ਮਾਲੀਆ ਘਟ ਲਗੇਗਾ, ਜੇ ਉਕੀ ਨਹੀਂ ਹੋਈ ਤਾਂ ਉਕਾ ਨਹੀਂ ਲਗੇਗਾ ਅਤੇ ਜੇ ਬਹੁਤੀ ਹੋਈ ਹੈ ਤਾਂ ਆਪਣੇ ਆਪ ਮਾਲੀਆ ਵਧ ਜਾਏਗਾ । ਕੇਵਲ ਥੋੜੀਆਂ ਹਾਲਤਾਂ ਵਿਚ ਹੀ ਮਾਲੀਆ ਨਕਦੀ ਵਿਚ ਲਗਾਇਆ ਜਾਂਦਾ ਸੀ ਜਾਂ ਫਿਰ ਜ਼ਮੀਨ ਦੀ ਪੈਮਾਇਸ਼ ਦੇ ਹਿਸਾਬ ਨਾਲ ਨੀਅਤ ਕੀਤਾ ਜਾਂਦਾ ਸੀ । ਕੇਵਲ ਅਜੇਹੀਆਂ ਹਾਲਤਾਂ ਵਿਚ ਹੀ ਡਰ ਹੁੰਦਾ ਸੀ ਕਿ ਫ਼ਸਲ ਖਰਾਬ ਜਾਂ ਕਿਸੇ ਕਾਰਨ ਉਕੀ ਬਰਬਾਦ ਹੋ ਜਾਣ ਦੀ ਸੂਰਤ ਵਿਚ ਸਰਕਾਰੀ ਮਾਲੀਆ ਬੋਝਲ ਨਾ ਹੋ ਜਾਏ । ਇਸ ਸੰਬੰਧ ਵਿਚ ਸਥਾਨਕ ਮਾਲੀਆ ਅਧਿਕਾਰੀਆਂ ਦਾ ਫਰਜ਼ ਹੁੰਦਾ ਸੀ ਕਿ ਸਰਕਾਰ ਨੂੰ ਵੇਲੇ ਸਿਰ ਸਥਿਤੀ ਤੋਂ ਜਾਣੂ ਕਰਵਾਉਣ ਤਾਂ ਜੋ ਸਰਕਾਰ ਉਸ 'ਤੇ ਵਿਚਾਰ ਕਰ ਕੇ ਲੋੜੀਂਦੀਆਂ ਹਿਦਾਇਤਾਂ ਜਾਰੀ ਕਰ ਸਕੇ । ਕਈ ਵਾਰ ਫਸਲਾਂ ਦੀ ਖਰਾਬੀ ਜਾਂ ਬਰਬਾਦੀ ਦਾ ਕਾਰਨ ਸੋਕਾ ਜਾਂ ਹੜ੍ਹ ਨਹੀਂ ਸਨ ਹੁੰਦੇ ਸਗੋਂ ਸਰਕਾਰੀ ਫੌਜ ਇਸ ਦੀ ਜ਼ਿੰਮੇਵਾਰ ਹੁੰਦੀ ਸੀ । ਅਜੇਹੀ ਹਾਲਤ ਵਿਚ ਨੁਕਸਾਨ ਦੇ ਸ਼ਿਕਾਰ ਹੋਏ ਕਿਸਾਨਾਂ ਨੂੰ ਹਰਜਾਨਾ ਦਿੱਤਾ ਜਾਂਦਾ ਸੀ । ਵੈਸੇ ਇਸ ਲਈ ਕਿ ਹਰਜਾਨਾ ਦੇਣ ਤਕ ਗੱਲ ਅਪੜੇ ਹੀ ਨਾ, ਸਰਕਾਰ ਵਲੋਂ ਹਰ ਕੂਚ ਕਰਨ ਵਾਲੀ ਫੌਜ ਦੇ ਕਮਾਂਡਰ ਨੂੰ ਪੱਕੀ ਹਿਦਾਇਤ ਦਿੱਤੀ ਜਾਂਦੀ ਸੀ ਕਿ ਸਫਰ ਦੇ ਦੌਰਾਨ ਕੋਈ ਸੈਨਕ, ਵੱਡਾ ਹੋਵੇ ਜਾਂ ਛੋਟਾ, ਕਿਸੇ ਫਸਲ ਨੂੰ ਹਾਨੀ ਨਾ ਪਹੁੰਚਾਏ ।

ਜਦੋਂ ਸੰਨ 1849 ਵਿਚ ਪੰਜਾਬ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਕਰ ਲਿਆ ਗਿਆ ਤਾਂ ਕਈ ਅੰਗਰੇਜ਼ ਲੇਖਕਾਂ ਨੇ ਇਹ ਸਾਬਤ ਕਰਨ ਲਈ ਕਿ ਨਵੀਂ ਸਰਕਾਰ ਪੁਰਾਣੀ ਸਰਕਾਰ ਨਾਲੋਂ ਕਿਸਾਨਾਂ ਦੇ ਹਿੱਤਾਂ ਦਾ ਵਧੇਰੇ ਖਿਆਲ ਰਖਦੀ ਹੈ, ਲਿਖਿਆ ਸੀ ਕਿ ਰਣਜੀਤ ਸਿੰਘ ਦੇ ਰਾਜ ਵਿਚ ਕਿਸਾਨਾਂ ਉਤੇ ਮਾਲੀਏ ਦਾ ਬਹੁਤ ਜ਼ਿਆਦਾ ਬੋਝ ਸੀ ਜਿਸ ਕਾਰਨ ਉਹ ਸਦਾ ਔਖੇ ਰਹਿੰਦੇ ਸਨ । ਪਰ ਇੰਜ ਕਰਨ ਦਾ ਮਨੋਰਥ ਪਹਿਲੀ ਸਰਕਾਰ ਦੇ ਵਿਰੁਧ ਭੰਡੀ ਪ੍ਰਚਾਰ ਕਰਨਾ ਹੀ ਜਾਪਦਾ ਹੈ ਕਿਉਂਕਿ ਅਜੋਕੀ ਖੋਜ ਨੇ ਸਿੱਧ ਕਰ ਦਿਤਾ ਹੈ ਕਿ ਰਣਜੀਤ ਸਿੰਘ ਦੇ ਰਾਜ ਨਾਲੋਂ ਮੁਗਲ ਰਾਜ ਵਿਚ ਇਸ ਇਲਾਕੇ ਵਿਚੋਂ ਉਗਰਾਹੇ ਮਾਲੀਏ ਦੀ ਕੁਲ ਰਕਮ ਜ਼ਿਆਦਾ ਸੀ । ਉਦਾਹਰਣ ਵਜੋਂ,



ਰਣਜੀਤ ਸਿੰਘ ਦੇ ਸਮੇਂ ਜ਼ਮੀਨੀ ਮਾਲੀਏ ਤੋਂ ਇਕ ਸਾਲ ਵਿਚ ਕੁਲ ਆਮਦਨੀ ਲਗਭਗ 2.5 ਕਰੋੜ ਰੁਪਏ ਸੀ । ਇਸ ਦੇ ਉਲਟ ਸ਼ਾਹਜਹਾਨ ਦੇ ਸਮੇਂ ਤੋਂ ਮੁਹੰਮਦ ਸ਼ਾਹ ਦੇ ਸਮੇਂ ਤਕ ਇਸੇ ਭਾਗ ਵਿਚੋਂ ਔਸਤਨ ਸਾਲਾਨਾ ਆਮਦਨੀ 3.5 ਕਰੋੜ ਸੀ । ਇਸ ਵਿਚ ਪੂਰੇ ਇਕ ਕਰੋੜ ਦਾ ਅੰਤਰ ਹੈ ਜੋ ਉਸ ਸਮੇਂ ਦੇ ਹਾਲਾਤ ਨੂੰ ਮੁਖ ਰਖਦੇ ਹੋਏ ਵੇਖੀਏ ਤਾਂ ਕੋਈ ਮਾਮੂਲੀ ਅੰਤਰ ਨਹੀਂ ਸਮਝਿਆ ਜਾ ਸਕਦਾ । ਅੰਗਰੇਜ਼ਾਂ ਦਾ ਮਾਲੀਆ ਪ੍ਰਬੰਧ ਵੀ ਸਿੱਖਾਂ ਦੇ ਮਾਲੀਆ ਪ੍ਰਬੰਧ ਨਾਲੋਂ ਵਧੇਰੇ ਸਖਤ ਨਜ਼ਰ ਆਉਂਦਾ ਹੈ, ਭਾਵੇਂ ਕਿ ਉਹਨਾਂ ਦੀਆਂ ਲਿਖਤਾਂ ਵਿਚ ਇਸ ਦੇ ਬਿਲਕੁਲ ਉਲਟ ਅੰਕਿਤ ਹੈ । ਅੰਗਰੇਜ਼ਾਂ ਦੇ ਬੰਦੋਬਸਤ ਵਿਚ ਉਹ ਲਚਕ ਨਹੀਂ ਸੀ ਜੋ ਸਿੱਖਾਂ ਦੇ ਬੰਦੋਬਸਤ ਵਿਚ ਮੌਜੂਦ ਸੀ । ਅੰਗਰੇਜ਼ਾਂ ਦਾ ਮਾਲੀਆ ਨਕਦੀ ਵਿਚ ਮੁਕੱਰਰ ਕੀਤਾ ਜਾਂਦਾ ਸੀ ਅਤੇ ਨਕਦੀ ਵਿਚ ਹੀ ਵਸੂਲ ਕੀਤਾ ਜਾਂਦਾ ਸੀ । ਅਤੇ ਵਸੂਲੀ ਵਿਚ ਪੂਰੀ ਪੂਰੀ ਕਰੜਾਈ ਵਰਤੀ ਜਾਂਦੀ ਸੀ ਤੇ ਕਿਸੇ ਨੂੰ ਕਿਸੇ ਕਿਸਮ ਦੀ ਕੋਈ ਛੋਟ ਨਹੀਂ ਸੀ ਦਿੱਤੀ ਜਾਂਦੀ । ਇਥੋਂ ਤੀਕ ਕਿ ਜੇ ਖਰਾਬਾ ਹੋ ਜਾਏ ਜਾਂ ਕਾਲ ਪੈ ਜਾਏ, ਤਾਂ ਵੀ ਮਾਲੀਏ ਤੋਂ ਮਾਫੀ ਨਹੀਂ ਸੀ ਦਿਤੀ ਜਾਂਦੀ ਅਤੇ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਸੀ ਕਿ ਮਾਲੀਏ ਵਿਚ ਮਾਫੀ ਜਾਂ ਛੋਟ ਨਾਲ ਲੋਕਾਂ ਵਿਚ ਮਿਹਨਤ ਤੇ ਬਚਤ ਦੀਆਂ ਆਦਤਾਂ ਕਮਜ਼ੋਰ ਹੋ ਜਾਣਗੀਆਂ । ਇਸ ਦੇ ਟਾਕਰੇ ਵਿਚ ਸਿੱਖਾਂ ਦਾ ਬੰਦੋਬਸਤ ਬਹੁਤ ਲਚਕਦਾਰ ਸੀ । ਅਨਾਜ ਦੀਆਂ ਕੀਮਤਾਂ ਦੇ ਵਧਣ ਘਟਣ ਨਾਲ ਮਾਲੀਏ ਦੀ ਮਾਤਰਾ ਵਿਚ ਕੋਈ ਫਰਕ ਨਹੀਂ ਸੀ ਪੈਂਦਾ । ਮਾਲੀਆ ਤਿਆਰ ਜਾਂ ਵਢੀ ਫਸਲ ਦੇ ਅਨੁਸਾਰ ਲਗਾਇਆ ਜਾਂਦਾ ਸੀ ਇਸ ਕਰਕੇ ਉਸ ਦੀ ਮਾਤਰਾ ਕਿਸਾਨਾਂ ਦੀ ਉਪਜ ਦੇ ਅਨੁਸਾਰ ਆਪਣੇ ਆਪ ਵਧਦੀ ਘਟਦੀ ਰਹਿੰਦੀ ਸੀ । ਸਮੁੱਚੇ ਤੌਰ 'ਤੇ ਸਿੱਖ ਰਾਜ ਵਿਚ ਅੰਗਰੇਜ਼ੀ ਰਾਜ ਨਾਲੋਂ ਕਿਸਾਨਾਂ ਦੀ ਹਾਲਤ ਬਹੁਤ ਬੇਹਤਰ ਸੀ ।

ਖੇਤੀ-ਬਾੜੀ ਦਾ ਕੰਮ ਕਰਨ ਵਾਲਿਆਂ ਵਿਚ ਵੱਡੀ ਬਹੁ-ਗਿਣਤੀ ਛੋਟੇ ਛੋਟੇ ਮਾਲਿਕ ਕਿਸਾਨਾਂ ਦੀ ਸੀ ਜਿਨ੍ਹਾਂ ਨੂੰ ਆਪਣੀ ਜ਼ਮੀਨ ਵੇਚਣ ਜਾਂ ਗਹਿਣੇ ਪਾਉਣ ਦੀ ਇਜਾਜ਼ਤ ਸੀ । ਇਸ ਜ਼ਮੀਨ 'ਤੇ ਉਹਨਾਂ ਦਾ ਜੱਦੀ ਹੱਕ ਮੰਨਿਆ ਜਾਂਦਾ ਸੀ ਜਿਸ ਕਰਕੇ ਜਦੋਂ ਕੋਈ ਕਿਸਾਨ ਮਰ ਜਾਂਦਾ ਸੀ ਤਾਂ ਉਸ ਦੀ ਜ਼ਮੀਨ ਉਸ ਦੇ ਵਾਰਸਾਂ ਵਿਚ ਵੰਡੀ ਜਾਂਦੀ ਸੀ । ਵੰਡ ਦਾ ਨਿਰਭਰ ਉਹਨਾਂ ਨਿਯਮਾਂ ਉਤੇ ਸੀ ਜੋ ਸਮਾਜ ਦੇ ਆਮ ਰਿਵਾਜ ਅਨੁਸਾਰ ਪਹਿਲਾਂ ਤੋਂ ਪ੍ਰਵਾਨ ਹੋ ਚੁਕੇ ਹੋਏ ਸਨ । ਸਰਕਾਰ ਵਲੋਂ ਇਹਨਾਂ ਨਿਯਮਾਂ ਵਿਚ ਕੋਈ ਦਖਲਅੰਦਾਜ਼ੀ ਨਹੀਂ ਸੀ ਕੀਤੀ ਜਾਂਦੀ ।

ਖੇਤੀ ਬਾੜੀ ਕਰਨ ਵਾਲਿਆਂ ਵਿਚ ਇਕ ਹੋਰ ਸ਼੍ਰੇਣੀ ਮੁਜ਼ਾਰਿਆਂ ਦੀ ਸੀ । ਇਹ ਲੋਕ ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰ ਕੇ ਗੁਜ਼ਾਰਾ ਕਰਦੇ ਸਨ । ਇਹ ਅਗਾਂਹ ਦੋ ਭਾਗਾਂ ਵਿਚ ਵੰਡੇ ਹੋਏ ਸਨ (1) ਮੁਸਤਕਿਲ ਮੁਜ਼ਾਰੇ (2) ਗੈਰ ਮੁਸਤਕਿਲ ਮੁਜ਼ਾਰੇ । ਪਹਿਲੇ ਭਾਗ ਦੇ ਦੂਜੇ ਭਾਗ ਨਾਲੋਂ ਜ਼ਿਆਦਾ ਅਧਿਕਾਰ ਸਨ, ਜਿਵੇਂ ਪਹਿਲੇ ਭਾਗ ਦੇ ਆਦਮੀ ਆਪਣੀ ਜ਼ਮੀਨ ਦੇ ਮੁਜ਼ਾਰਾ ਅਧਿਕਾਰ ਅਗੇ ਆਪਣੀ ਸੰਤਾਨ ਨੂੰ ਦੇ ਸਕਦੇ ਸਨ ਪਰ ਇਹ ਹੱਕ ਦੂਜੇ ਭਾਗ ਦੇ ਮੁਜ਼ਾਰਿਆਂ ਨੂੰ ਪਰਾਪਤ ਨਹੀਂ ਸੀ । ਦੋਹਾਂ ਕਿਸਮਾਂ ਦੇ ਮੁਜ਼ਾਰਿਆਂ ਨੂੰ ਜ਼ਮੀਨ ਤੋਂ ਬੇਦਖਲ ਕੀਤਾ ਜਾ ਸਕਦਾ ਸੀ ਪਰ ਅਸਲ ਵਿਚ ਇੰਜ ਬਹੁਤ ਘਟ ਹੀ ਕੀਤਾ ਜਾਂਦਾ ਸੀ । ਆਮ ਧਾਰਨਾ ਇਹ ਸੀ ਕਿ ਜਿੰਨਾ ਚਿਰ ਕੋਈ ਮੁਜ਼ਾਰਾ ਆਪਣਾ ਮਾਲੀਆ ਬਾਕਾਇਦਾ ਤੌਰ 'ਤੇ ਦੇਈ ਜਾਂਦਾ ਹੈ, ਉਨ੍ਹਾਂ ਚਿਰ ਤੀਕ ਉਸ ਨੂੰ ਬੇਦਖਲ ਨਾ ਕੀਤਾ ਜਾਏ । ਕਈ ਹਾਲਤਾਂ ਵਿਚ ਸਰਕਾਰ ਮਾਲਕਾਂ ਦੀ ਥਾਂ ਮੁਜ਼ਾਰਿਆਂ ਕੋਲੋਂ ਮਾਲੀਆ ਪ੍ਰਵਾਨਿਤ ਦਰਾਂ 'ਤੇ ਸਿਧਾ ਉਗਰਾਹ ਲੈਂਦੀ ਸੀ । ਉਸ ਸੂਰਤ ਵਿਚ ਮੁਜ਼ਾਰਿਆਂ ਨੂੰ ਕੇਵਲ ਕੁਝ ਰਕਮ ਮਾਲਕਾਨਾ ਦੇ ਰੂਪ ਵਿਚ ਆਪਣੇ ਮਾਲਕਾਂ ਨੂੰ ਤਾਰਨੀ ਹੁੰਦੀ ਸੀ ।

ਵਪਾਰੀਆਂ ਤੇ ਸਨਅਤਕਾਰਾਂ ਦੀ ਹਾਲਤ ਕਿਸਾਨਾਂ ਨਾਲੋਂ ਵੀ ਚੰਗੀ ਸੀ, ਜਿਵੇਂ ਕਿ ਆਮ ਹੋਇਆ ਕਰਦਾ ਹੈ। ਅਸਲ ਵਿਚ ਸਿੱਖ ਰਾਜ ਵਿਚ ਇਹਨਾਂ ਦੇ ਪੌਂਬਾਰਾਂ ਸਨ। ਸਰਕਾਰ ਨੂੰ ਆਪਣੀ ਫੌਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਹੁਤ ਬੜੀ ਮਾਤਰਾ ਵਿਚ ਕਪੜੇ, ਚਮੜੇ, ਲੋਹੇ ਅਤੇ ਲਕੜੀ ਦਾ ਸਾਮਾਨ, ਗੋਲਾ ਬਾਰੂਦ, ਅਨਾਜ, ਸਬਜ਼ੀਆਂ ਦਾਲਾਂ ਆਦਿ ਚਾਹੀਦੀਆਂ ਸਨ। ਇਸ ਮਨੋਰਥ ਲਈ ਜਿਥੇ ਜ਼ੋਰਦਾਰ ਖੇਤੀ-ਬਾੜੀ ਦੀ ਲੋੜ ਸੀ, ਉਥੇ ਭਿੰਨ ਭਿੰਨ ਪ੍ਰਕਾਰ ਦੀਆਂ ਸਨਅਤਾਂ ਤੇ ਪ੍ਰਫੁਲਤ ਵਪਾਰ ਦੀ ਵੀ ਬਹੁਤ ਜ਼ਰੂਰਤ ਸੀ। ਮੁਆਫਿਕ ਹਾਲਾਤ ਵੇਖ ਕੇ ਸਾਹਸੀ ਆਦਮੀਆਂ ਨੇ ਲੋੜੀਂਦੀਆਂ ਚੀਜ਼ਾਂ ਵਸਤਾਂ ਤਿਆਰ ਕਰਨ ਲਈ ਕਾਰਖਾਨੇ ਖੋਲ੍ਹਣੇ ਸ਼ੁਰੂ ਕਰ ਦਿਤੇ। ਛੇਤੀ ਹੀ ਸਭ ਵੱਡੇ ਵੱਡੇ ਸ਼ਹਿਰ ਜਿਵੇਂ ਕਿ ਅੰਮ੍ਰਿਤਸਰ, ਲਾਹੌਰ, ਮੁਲਤਾਨ, ਸਿਆਲਕੋਟ, ਪਿਸ਼ਾਵਰ, ਸਿਰੀਨਗਰ ਆਦਿ ਪ੍ਰਸਿਧ ਉਦਯੋਗਿਕ ਕੇਂਦਰ ਬਣ ਗਏ। ਕਈ ਗੱਲਾਂ ਵਿਚ ਸਰਕਾਰ ਦੂਜਿਆਂ ਉਤੇ ਨਿਰਭਰ ਰਹਿਣਾ ਨਹੀਂ ਸੀ ਚਾਹੁੰਦੀ ਅਤੇ ਉਸ ਨੇ ਆਪਣੇ ਸਰਕਾਰੀ ਕਾਰਖਾਨੇ ਖੋਲ੍ਹ ਦਿਤੇ। ਇਹ ਕਾਰਖਾਨੇ ਗੋਲਾ ਬਾਰੂਦ, ਬੰਦੂਕਾਂ, ਤੋਪਾਂ ਅਤੇ ਹੋਰ ਇਸ ਕਿਸਮ ਦਾ ਜੰਗੀ ਸਾਮਾਨ ਤਿਆਰ ਕਰਨ ਲਈ ਲਾਏ ਜਾਂਦੇ ਸਨ। ਪ੍ਰਾਈਵੇਟ ਕਾਰਖਾਨਿਆਂ ਵਿਚ ਤਿਆਰ ਹੋਏ ਮਾਲ ਦੀ ਸਰਕਾਰ ਹੀ ਸਭ ਤੋਂ ਵੱਡੀ ਗਾਹਕ ਸੀ। ਇਸ ਲਈ ਇਹ ਸਰਕਾਰ ਦੇ ਆਪਣੇ ਹਿੱਤ ਵਿਚ ਸੀ ਕਿ ਇਹ ਕਾਰਖਾਨੇ ਚੰਗੀ ਤਰ੍ਹਾਂ ਚਲਦੇ ਰਹਿਣ। ਉਦਯੋਗ ਵਾਂਗੂ ਵਪਾਰ ਦੀ ਹਾਲਤ ਵੀ ਬੜੀ ਚੰਗੀ ਸੀ ਭਾਵੇਂ ਕਿ ਇਸ ਦੇ ਰਸਤੇ ਵਿਚ ਇਕ ਵਡੀ ਰੁਕਾਵਟ ਇਹ ਸੀ ਕਿ ਵਪਾਰ ਦੇ ਸਾਮਾਨ 'ਤੇ ਥਾਂ ਥਾਂ 'ਤੇ ਕਸਟਮ ਡਿਊਟੀ ਲਾਈ ਜਾਂਦੀ ਸੀ। ਸਰਕਾਰ ਦੀ ਵਪਾਰ ਵਿਚ ਦਿਲਚਸਪੀ ਦਾ ਇਥੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਕ ਦੋ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪ ਸਰਕਾਰ ਵਲੋਂ ਸਾਮਾਨ ਖਰੀਦ ਕੇ ਬਾਹਰ ਭੇਜਿਆ ਸੀ।

ਦਸਤਕਾਰਾਂ, ਸਨਅਤਕਾਰਾਂ ਤੇ ਵਪਾਰੀਆਂ ਜਿੰਨ੍ਹਾਂ ਦੀ ਵਸੋਂ ਆਮ ਤੌਰ 'ਤੇ ਸ਼ਹਿਰਾਂ ਜਾਂ ਵਡੇ ਨਗਰਾਂ ਵਿਚ ਸੀ, ਉਹਨਾਂ ਨੇ ਆਪਣੇ ਗਿਲਡ ਜਾਂ ਸੰਘ ਬਣਾਏ ਹੋਏ ਸਨ। ਹਰ ਗਿਲਡ ਆਪਣੇ ਮੈਂਬਰਾਂ ਦੀ ਖੈਰ ਸੁਖ ਦਾ ਧਿਆਨ ਰਖਦਾ ਸੀ ਅਤੇ ਔਖੇ ਵੇਲੇ ਉਹਨਾਂ ਦੀ ਸਹਾਇਤਾ ਕਰਦਾ ਸੀ। ਇਸ ਤੋਂ ਇਲਾਵਾ ਇਹਨਾਂ ਗਿਲਡਾਂ ਦਾ ਇਕ ਵੱਡਾ ਕਰਤਵ ਇਹ ਹੁੰਦਾ ਸੀ ਕਿ ਆਪਣੇ ਆਪਣੇ ਪੇਸ਼ੇ ਦੇ ਮਿਆਰ ਨੂੰ ਡਿਗਣ ਨਾ ਦੇਣ ਸਗੋਂ ਜੇ ਹੋ ਸਕੇ ਤਾਂ ਇਸ ਨੂੰ ਉਚਾ ਕਰਨ ਦਾ ਯਤਨ ਕਰਨ। ਛੋਟੇ ਬੱਚਿਆਂ ਨੂੰ ਕੰਮ ਸਿਖਾਉਣ ਦਾ ਪ੍ਰਬੰਧ ਕਰਨਾ, ਦਸਤਕਾਰੀ ਲਈ ਕੱਚਾ ਮਾਲ ਖਰੀਦਣਾ, ਤਿਆਰ ਹੋਇਆ ਮਾਲ ਵੇਚਣਾ, ਕਾਰੀਗਰਾਂ ਦੀਆਂ ਉਜਰਤਾਂ ਦਾ ਭੁਗਤਾਨ ਕਰਨਾ ਅਤੇ ਮੈਂਬਰਾਂ ਦੇ ਭੇਦ-ਭਾਵ, ਝਗੜੇ ਨਿਪਟਾਉਣਾ ਆਦਿ ਗਿਲਡ ਦੇ ਹੋਰ ਵਿਸ਼ੇਸ਼ ਕਰਤਵ ਸਨ।

ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀਆਂ ਧਾਰਮਕ ਸ਼੍ਰੇਣੀਆਂ ਵਲ ਸਿੱਖ ਰਾਜ ਪ੍ਰਬੰਧਕਾਂ ਦਾ ਰਵੱਈਆ ਵਿਸ਼ੇਸ਼ ਕਰਕੇ ਉਦਾਰਤਾ-ਪੂਰਨ ਸੀ। ਇਹਨਾਂ ਲੋਕਾਂ ਦਾ ਸਮਾਜ ਵਿਚ ਬਹੁਤ ਜ਼ਿਆਦਾ ਪ੍ਰਭਾਵ ਸੀ। ਆਮ ਜਨਤਾ ਅਨਪੜ੍ਹ ਸੀ। ਲੋਕਾਂ ਵਿਚ ਧਾਰਮਕ ਰੁਚੀ ਬਹੁਤ ਸੀ ਪਰ ਗਿਆਨ ਨਾ ਹੋਣ ਕਰਕੇ ਉਹ ਅੰਧ-ਵਿਸ਼ਵਾਸਾਂ ਵਿਚ ਫਸੇ ਹੋਏ ਸਨ। ਕਈ ਮੜ੍ਹੀਆਂ ਤੇ ਕਬਰਾਂ ਦੀ ਪੂਜਾ ਕਰਦੇ ਸਨ, ਕਈ ਸਾਧਾਂ, ਫਕੀਰਾਂ ਜਾਂ ਜੋਗੀਆਂ ਦੇ ਮਗਰ ਲਗੇ ਹੋਏ ਸਨ। ਕਈ ਰੁਖਾਂ, ਸੱਪਾਂ, ਗਾਲੜਾਂ ਤੇ ਚੂਹਿਆਂ ਦੀ ਪੂਜਾ ਕਰਦੇ ਸਨ। ਕੋਈ ਕਿਸੇ ਦੇਵੀ ਨੂੰ ਧਿਆਉਂਦਾ ਸੀ ਤੇ ਕੋਈ ਕਿਸੇ ਠਾਕਰ ਨੂੰ ਪੂਜਦਾ ਸੀ। ਇਸ ਸਥਿਤੀ ਵਿਚ ਕੁਦਰਤੀ ਤੌਰ 'ਤੇ ਬ੍ਰਾਹਮਣਾਂ, ਤਪੀਆਂ, ਭਾਈਆਂ, ਬੇਦੀਆਂ, ਸੋਢੀਆਂ, ਨਿਹੰਗਾਂ, ਮੁਲਾਂ ਮੁਲਾਣਿਆਂ, ਸ਼ੇਖਾਂ ਤੇ ਸੱਯਦਾਂ ਦਾ ਉਹਨਾਂ ਉਤੇ ਬਹੁਤ ਪ੍ਰਭਾਵ ਸੀ। ਇਕ ਤਾਂ ਇਹ ਉਹਨਾਂ ਦੇ ਸਤਿਕਾਰਯੋਗ ਧਾਰਮਕ ਆਗੂ ਅਖਵਾਉਂਦੇ ਸਨ; ਦੂਸਰੇ, ਉਹਨਾਂ ਨੂੰ ਆਪਣੇ



ਹਰ ਸਮਾਗਮ ਵਿਚ ਇਹਨਾਂ ਦੀ ਸਹਾਇਤਾ ਲੈਣੀ ਪੈਂਦੀ ਸੀ ਅਤੇ ਕਿਉਂਕਿ ਅਜੇਹੇ ਸਮਾਗਮ ਆਮ ਚਲਦੇ ਹੀ ਰਹਿੰਦੇ ਸਨ, ਇਸ ਲਈ ਉਹਨਾਂ ਦੀ ਇਹਨਾਂ 'ਤੇ ਨਿਰਭਰਤਾ ਸਦੀਵੀ ਕਿਸਮ ਦੀ ਬਣ ਗਈ ਸੀ। ਰਣਜੀਤ ਸਿੰਘ ਨੇ ਇਹ ਵੇਖ ਕੇ ਕਿ ਇਹਨਾਂ ਸ਼੍ਰੇਣੀਆਂ ਦਾ ਆਮ ਲੋਕਾਂ ਉਤੇ ਕਿੰਨਾ ਜ਼ਿਆਦਾ ਪ੍ਰਭਾਵ ਹੈ, ਇਹਨਾਂ ਨੂੰ ਆਪਣੀ ਮਿਹਰ ਦਾ ਪਾਤਰ ਬਣਾਇਆ, ਧਰਮਅਰਥ ਜਾਗੀਰਾਂ ਬਖਸ਼ੀਆਂ, ਨੌਕਰੀਆਂ ਦਿਤੀਆਂ, ਰੁਪਏ ਪੈਸੇ ਦੀ ਮਦਦ ਦਿਤੀ ਤੇ ਆਦਰ ਮਾਣ ਦਿੱਤਾ। ਇਸ ਦੇ ਬਦਲੇ ਵਿਚ ਇਹਨਾਂ ਸਭ ਨੇ ਮਹਾਰਾਜਾ ਸਾਹਿਬ ਦਾ ਜੱਸ ਗਾਇਆ ਅਤੇ ਉਸ ਦੇ ਰਾਜ ਦੇ ਹਕ ਵਿਚ ਪ੍ਰਚਾਰ ਕੀਤਾ ਜਿਸ ਕਾਰਨ ਸਿੱਖ ਰਾਜ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਮਿਲ਼ੀ।

ਪੁਰਾਣੀਆਂ ਸੰਸਥਾਵਾਂ ਨੂੰ ਪ੍ਰਵਾਨ ਕਰਨ ਤੇ ਸਤਿਕਾਰਨ ਤੇ ਧਾਰਮਕ ਸ਼੍ਰੇਣੀਆਂ ਨੂੰ ਨਿਵਾਜਣ ਦੀ ਨੀਤੀ ਦੇ ਕਈ ਮਹੱਤਵਪੂਰਨ ਸਿੱਟੇ ਨਿਕਲੇ। ਸਭ ਸ਼੍ਰੇਣੀਆਂ ਦੇ ਲੋਕ ਸੰਤੁਸ਼ਟ ਸਨ। ਪਿੰਡਾਂ ਵਿਚ ਵਸਣ ਵਾਲੇ ਆਮ ਲੋਕਾਂ ਨੂੰ ਖੁਸ਼ੀ ਸੀ ਕਿ ਉਹਨਾਂ ਦੀਆਂ ਪੰਚਾਇਤਾਂ ਤੇ ਉਹਨਾਂ ਦੇ ਪੁਰਾਣੇ ਰਿਵਾਜਾਂ ਤੇ ਰਸਮਾਂ ਨੂੰ ਸਰਕਾਰ ਨੇ ਪੂਰੀ ਮਾਣਤਾ ਦਿਤੀ ਹੈ। ਮਧ-ਸ਼੍ਰੇਣੀ ਜਿਸ ਵਿਚ ਵਧੇਰੇ ਵਪਾਰੀ ਤੇ ਸਨਅਤਕਾਰ ਸ਼ਾਮਿਲ ਸਨ, ਪ੍ਰਸੰਨ ਸੀ ਕਿ ਉਸ ਨੂੰ ਆਪਣੇ ਕਾਰੋਬਾਰਾਂ ਦੇ ਫੈਲਾਅ ਵਿਚ ਸਰਕਾਰ ਵਲੋਂ ਪੂਰੀ ਸਹਾਇਤਾ ਮਿਲ ਰਹੀ ਹੈ। ਅਤੇ ਉਹਨਾਂ ਦੇ ਪੇਸ਼ਾਵਰ ਗਿਲਡਾਂ ਨੂੰ ਆਜ਼ਾਦੀ ਨਾਲ ਕੰਮ ਕਰਨ ਦੀ ਆਗਿਆ ਦਿੱਤੀ ਜਾ ਰਹੀ ਹੈ। ਉਤਲੀ ਸ਼੍ਰੇਣੀ ਜਿਸ ਵਿਚ ਵੱਡੇ ਵੱਡੇ ਰਾਜ ਅਧਿਕਾਰੀ ਤੇ ਜਗੀਰਦਾਰ ਸ਼ਾਮਿਲ ਸਨ, ਨੂੰ ਤਸੱਲੀ ਸੀ ਕਿ ਸਰਕਾਰ ਨੇ ਜਾਗੀਰਦਾਰੀ ਪ੍ਰਣਾਲੀ ਨੂੰ ਰਾਜ-ਪ੍ਰਬੰਧ ਤੇ ਫੌਜੀ ਸੰਗਠਨ ਵਿਚ ਇੰਨੀ ਮਹੱਤਤਾ ਦਿਤੀ ਹੈ। ਇਸੇ ਤਰ੍ਹਾਂ ਵੱਖ ਵੱਖ ਧਰਮਾਂ ਦੀਆਂ ਧਾਰਮਕ ਸ਼੍ਰੇਣੀਆਂ ਨੂੰ ਸਰਕਾਰ ਦੀ ਉਦਾਰਤਾ-ਪੂਰਨ ਨੀਤੀ ਬਹੁਤ ਪਸੰਦ ਸੀ। ਸਰਕਾਰ ਲਈ ਵੀ ਇਹ ਗੱਲ ਬੜੀ ਮਹਾਨਤਾ ਰਖਦੀ ਸੀ ਕਿ ਲੋਕ ਉਸ ਦੀਆਂ ਨੀਤੀਆਂ ਨਾਲ ਸੰਤੁਸ਼ਟ ਸਨ। ਇਸ ਦਾ ਰਾਜਨੀਤਕ ਤੌਰ 'ਤੇ ਸਰਕਾਰ ਨੂੰ ਬੜਾ ਲਾਭ ਪ੍ਰਾਪਤ ਹੋਇਆ। ਸਿੱਖ ਰਾਜ ਜਿਸ ਨੂੰ ਆਰੰਭ ਹੋਇਆਂ ਅਜੇ ਬਹੁਤਾ ਚਿਰ ਨਹੀਂ ਸੀ ਬੀਤਿਆ, ਲੋਕਾਂ ਵਿਚ ਉਸ ਦੀ ਸਾਖ ਬੱਝ ਗਈ, ਉਸ ਨੂੰ ਇੱਜ਼ਤ ਮਾਣ ਦੀ ਨਿਗਾਹ ਨਾਲ ਤਕਿਆ ਜਾਣ ਲੱਗਾ। ਇਸ ਕਾਰਨ ਰਾਜ ਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ। ਇਸ ਦਾ ਅਨੁਮਾਨ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਰਣਜੀਤ ਸਿੰਘ ਦੇ ਸਮੁੱਚੇ ਰਾਜ-ਕਾਲ ਵਿਚ ਸਰਹਦੀ ਇਲਾਕਿਆਂ ਨੂੰ ਛੱਡ ਕੇ ਸਾਰੇ ਸਿੱਖ ਰਾਜ ਵਿਚ ਕਿਧਰੇ ਕੋਈ ਵਿਦਰੋਹ ਨਹੀਂ ਹੋਇਆ। ਖਲੀਫਾ ਸੱਯਦ ਅਹਿਮਦ, ਬਾਰਕਜ਼ਈ ਭਰਾਵਾਂ ਮੁਹੰਮਦ ਆਜ਼ਮ ਤੇ ਦੋਸਤ ਮੁਹੰਮਦ ਨੇ ਕਈ ਵਾਰ ਮਜ਼੍ਹਬ ਦੇ ਨਾਂ 'ਤੇ ਮੁਸਲਮਾਨਾਂ ਨੂੰ ਸਿੱਖ ਰਾਜ ਦੇ ਵਿਰੁਧ ਭੜਕਾਉਣ ਦੇ ਜਤਨ ਕੀਤੇ, ਪਰ ਉਹਨਾਂ ਦੀ ਕੋਈ ਪੇਸ਼ ਨਾ ਗਈ ਕਿਉਂਕਿ ਪੰਜਾਬ ਦੇ ਮੁਸਲਮਾਨਾਂ ਨੇ ਉਹਨਾਂ ਦਾ ਸਾਥ ਨਾ ਦਿੱਤਾ।

ਇਥੋਂ ਤੀਕ ਤਾਂ ਸਭ ਕੁਝ ਠੀਕ ਸੀ ਪਰ ਇਸ ਦਾ ਇਕ ਉਲਟਾ ਪੱਖ ਵੀ ਸੀ ਅਤੇ ਉਹ ਇਹ ਕਿ ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਮੁਲਕ ਵਿਚ ਪਿਛਾਂਹ-ਖਿਚੂ ਤਾਕਤਾਂ ਨੂੰ ਬਲ ਮਿਲਿਆ। ਜਾਤ-ਪਾਤ ਦੀਆਂ ਗੰਢਾਂ ਹੋਰ ਪੀਢੀਆਂ ਹੋ ਗਈਆਂ। ਬ੍ਰਾਹਮਣਵਾਦ ਨੂੰ ਹੋਰ ਸ਼ਹਿ ਮਿਲ ਗਈ ਜਾਦੂ ਟੂਣਿਆਂ, ਜੰਤਰਾਂ ਮੰਤਰਾਂ, ਫੋਕਟ ਰੀਤਾਂ ਰਸਮਾਂ, ਸ਼ਰਾਧਾਂ, ਵਰਤਾਂ, ਪਿਤਰ ਪੂਜਾ, ਤੀਰਥ ਯਾਤਰਾ ਆਦਿ ਵਿਚ ਵਿਸ਼ਵਾਸ ਹੋਰ ਪੱਕਾ ਹੋ ਗਿਆ। ਔਰਤਾਂ ਦੀ ਦਸ਼ਾ ਵਿਚ ਹੋਰ ਗਿਰਾਵਟ ਆ ਗਈ। ਬਾਲ-ਵਿਵਾਹ ਵਧੇਰੇ ਪ੍ਰਚਲਤ ਹੋ ਗਿਆ। ਜੰਮਦੀਆਂ ਕੁੜੀਆਂ ਨੂੰ ਮਾਰਨ, ਵਿਧਵਾ ਨੂੰ ਮੁੜ ਵਿਆਹ ਨਾ ਕਰਨ ਦੇਣ, ਪਤਨੀ ਨੂੰ ਪਤੀ ਦੇ ਮਿਰਤਕ ਸਰੀਰ ਨਾਲ ਸਤੀ ਹੋਣ ਲਈ ਮਜਬੂਰ ਕਰਨ ਤੋਂ ਲੈ ਕੇ ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਬੰਦ ਰਖਣ ਤੇ ਬਾਹਰ ਨਿਕਲਣ 'ਤੇ ਪੂਰਨ

ਪਰਦਾ ਕਰਵਾਉਣ ਦੀਆਂ ਪਰੰਪਰਾਵਾਂ ਤਕ ਨੂੰ ਹੋਰ ਸ਼ਕਤੀ ਮਿਲੀ । ਇਕ ਤੋਂ ਵਧ ਪਤਨੀਆਂ ਰਖਣ ਦਾ ਰਿਵਾਜ ਵੀ ਵਧਿਆ ਤੇ ਜਾਗੀਰਦਾਰੀ ਪ੍ਰਬੰਧ ਨੇ ਇਸ ਨੂੰ ਹੋਰ ਤਕੜਿਆਂ ਕੀਤਾ । ਨੀਵੀਆਂ ਜਾਤਾਂ ਦੀ ਸਮਾਜਿਕ ਸਥਿਤੀ ਅਗੇ ਨਾਲੋਂ ਵਧੇਰੇ ਵਿਗੜ ਗਈ । ਸਿੱਖ ਧਰਮ ਵਿਚ ਬ੍ਰਾਹਮਣਵਾਦ ਦੇ ਕਾਰਨ ਕਈ ਕੁਰੀਤੀਆਂ ਨੇ ਪ੍ਰਵੇਸ਼ ਕੀਤਾ । ਹਿੰਦੂਆਂ ਵਾਂਗ ਸਿੱਖਾਂ ਵਿਚ ਵੀ ਠਾਕਰਾਂ ਦੀ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਹਰਦੁਆਰਾ, ਪ੍ਰਯਾਗ ਤੇ ਕਾਂਸ਼ੀ ਦੇ ਹਿੰਦੂ ਤੀਰਥਾਂ ਦੀ ਯਾਤਰਾ ਆਦਿ ਵਲ ਰੁਚੀ ਪੈਦਾ ਹੋ ਗਈ । ਇਸੇ ਤਰ੍ਹਾਂ ਸਿੱਖਾਂ ਵਿਚ ਹਿੰਦੂਆਂ ਦੀ ਨਿਆਈਂ ਜਾਤ ਪਾਤ ਪ੍ਰਥਾ, ਸਤੀ ਪ੍ਰਥਾ, ਪੜਦਾਦਾਰੀ, ਸ਼ਗਨ ਅਪਸ਼ਗਨ ਆਦਿ ਦੇ ਰਿਵਾਜ ਚਾਲੂ ਹੋ ਕੇ ਪੱਕੇ ਹੋ ਗਏ । ਨੀਵੀਆਂ ਸਿੱਖ ਜਾਤੀਆਂ ਨਾਲ ਵੀ ਉਸੇ ਤਰ੍ਹਾਂ ਦਾ ਸਲੂਕ ਕੀਤਾ ਜਾਣ ਲਗਾ ਜਿਸ ਤਰ੍ਹਾਂ ਦਾ ਹਿੰਦੂ ਸਮਾਜ ਵਿਚ ਨੀਵੀਆਂ ਜਾਤੀਆਂ ਨਾਲ ਹੁੰਦਾ ਸੀ । ਗੁਰਦੁਆਰਿਆਂ ਵਿਚ ਬੈਠੇ ਉਦਾਸੀ ਮਹੰਤਾਂ ਨੇ ਉਨ੍ਹਾਂ ਦੇ ਹੱਥੋਂ ਪ੍ਰਸ਼ਾਦ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ । ਸੋਢੀਆਂ ਤੇ ਬੇਦੀਆਂ ਨੂੰ ਗੁਰੂਆਂ ਵਾਂਗ ਪੂਜਿਆ ਜਾਣ ਲਗ ਪਿਆ ਜਿਸ ਕਾਰਨ ਨਵੇਂ ਗੁਰੂਡਮ ਹੋਂਦ ਵਿਚ ਆ ਗਏ । ਮੁਸਲਮਾਨਾਂ ਵਿਚ ਵੀ ਪਿਛਾਂਹ-ਖਿਚੂ ਰੁਚੀਆਂ ਨੇ ਜ਼ੋਰ ਪਕੜਨਾ ਸ਼ੁਰੂ ਕਰ ਦਿਤਾ । ਹਿੰਦੂਆਂ ਤੇ ਸਿੱਖਾਂ ਵਾਂਗੂੰ ਉਹਨਾਂ ਵਿਚ ਵੀ ਜਾਤ ਪਾਤ ਦੀ ਭਾਵਨਾ ਤਕੜੀ ਹੋ ਗਈ ਅਤੇ ਇਸ ਦੇ ਆਧਾਰ 'ਤੇ ਵਿਆਹ-ਸ਼ਾਦੀਆਂ ਹੋਣ ਲਗੀਆਂ । ਉਹਨਾਂ ਵਿਚ ਹੁਣ ਕਬਰਾਂ ਦੀ ਪੂਜਾ ਬਹੁਤ ਜ਼ਿਆਦਾ ਹੋ ਗਈ ਤੇ ਬੁਰਕੇ ਦਾ ਰਿਵਾਜ ਹੋਰ ਸਖ਼ਤ ਹੋ ਗਿਆ ।

ਨਿਰਸੰਦੇਹ, ਸਿੱਖ ਰਾਜ ਦੀਆਂ ਨੀਤੀਆਂ ਦਾ ਉਦੇਸ਼ ਪੁਰਾਣੀਆਂ, ਸਮੇਂ ਦੇ ਵੇਗ ਵਿਚ ਪਰਪੱਕ ਹੋਈਆਂ ਸੰਸਥਾਵਾਂ ਤੇ ਪਰੰਪਰਾਵਾਂ ਨੂੰ ਸੁਰਖਿਅਤ ਕਰਨਾ ਸੀ ਨਾ ਕਿ ਉਹਨਾਂ ਵਿਚ ਕੋਈ ਪਰੀਵਰਤਨ ਲਿਆਉਣਾ । ਉਸ ਸਮੇਂ ਇਹ ਇਕ ਬੜੀ ਹੀ ਸਾਧਾਰਨ ਤੇ ਸੁਭਾਵਿਕ ਜਿਹੀ ਗੱਲ ਸੀ ਕਿਉਂਕਿ ਉਸ ਵੇਲੇ ਪੁਰਾਣੀਆਂ ਕਦਰਾਂ ਕੀਮਤਾਂ, ਪਰੰਪਰਾਵਾਂ ਤੇ ਸੰਸਥਾਵਾਂ ਦੀ ਸੰਭਾਲ ਨੂੰ ਹੀ ਸਭ ਤੋਂ ਵੱਡਾ ਉਦੇਸ਼ ਸਮਝਿਆ ਜਾਂਦਾ ਸੀ । ਵਿਦਿਆ ਪ੍ਰਣਾਲੀ ਜੋ ਉਸ ਸਮੇਂ ਪ੍ਰਚਲਤ ਸੀ, ਦਾ ਮੁਖ ਮਨੋਰਥ ਵੀ ਇਹੀ ਸੀ । ਹਿੰਦੂ ਪਾਠਸ਼ਾਲਾ ਹੋਵੇ ਜਾਂ ਸਿੱਖ ਗੁਰਦੁਆਰਾ ਜਾਂ ਮੁਸਲਿਮ ਮਸਜਦ, ਸਭ ਵਿਦਿਆਰਥੀਆਂ ਨੂੰ ਬਾਰ ਬਾਰ ਇਹੀ ਤਾਕੀਦ ਕੀਤੀ ਜਾਂਦੀ ਸੀ ਕਿ ਉਹਨਾਂ ਦਾ ਸਭ ਤੋਂ ਸ੍ਰੇਸ਼ਟ ਜੀਵਨ-ਮਨੋਰਥ ਪੁਰਾਣੀ ਮਰਯਾਦਾ ਦੀ ਰਖਿਆ ਤੇ ਸੰਭਾਲ ਕਰਨਾ ਹੈ । ਹਿੰਦੂ ਵਿਦਿਆਰਥੀਆਂ ਨੂੰ ਗਊ ਬ੍ਰਾਹਮਣ ਤੇ ਮੁਸਲਮਾਨ ਵਿਦਿਆਰਥੀਆਂ ਨੂੰ ਕੁਰਾਨ ਤੇ ਸ਼ਰ੍ਹਾ ਦੇ ਸਤਿਕਾਰ ਵਿਚ ਪਰਪੱਕ ਕਰਨ ਦਾ ਸਬਕ ਦਿਤਾ ਜਾਂਦਾ ਸੀ । ਸਿੱਖ ਵਿਦਿਆਰਥੀਆਂ ਨੂੰ ਵੀ ਇਹਨਾਂ ਲੀਹਾਂ 'ਤੇ ਸਿਖਲਾਈ ਕਰਾਈ ਜਾਂਦੀ ਸੀ । ਸਮਾਜਿਕ ਜੀਵਨ ਦੀ ਇਸ ਸਥਿਤੀ ਵਿਚ ਸਿੱਖ ਰਾਜਪ੍ਰਬੰਧਕਾਂ ਪਾਸੋਂ ਕਿਸੇ ਹੋਰ ਉਦੇਸ਼ ਦੀ ਆਸ ਨਹੀਂ ਸੀ ਰੱਖੀ ਜਾ ਸਕਦੀ । ਇਸ ਲਈ ਕੁਦਰਤੀ ਤੌਰ 'ਤੇ ਉਸ ਸਮੇਂ ਦੇ ਸਮਾਜ ਦਾ ਸਮੁੱਚਾ ਵਾਤਾਵਰਨ ਮਧ-ਯੁਗੀ ਸੀ ।

ਸਿੱਖਾਂ ਦੇ ਰਾਜ ਸਮੇਂ ਸਮਾਜ ਵਿਚ ਕਿਹੜੀਆਂ ਤਬਦੀਲੀਆਂ ਵਾਪਰੀਆਂ, ਇਸ ਪ੍ਰਸ਼ਨ ਸੰਬੰਧੀ ਅਜੇ ਤਕ ਵਿਗਿਆਨਕ-ਵਿਧੀ ਦੁਆਰਾ ਕੋਈ ਖੋਜ ਨਹੀਂ ਕੀਤੀ ਗਈ । ਇਸ ਲਈ ਇਸ ਬਾਰੇ ਵਧੇਰੇ ਵਿਸਤਾਰ ਨਾਲ ਲਿਖਣਾ ਇਸ ਵੇਲੇ ਸੰਭਵ ਨਹੀਂ ਹੈ। ਪਰੰਤੂ ਉਦਾਹਰਨ ਵਜੋਂ ਕੁਝ ਗੱਲਾਂ ਵਲ ਸੰਕੇਤ ਕੀਤਾ ਜਾ ਸਕਦਾ ਹੈ ।

ਪਹਿਲੀ ਗੱਲ ਹੈ—ਸਿੱਕੇ ਦਾ ਵਧੇਰੇ ਪ੍ਰਸਾਰ । ਰਣਜੀਤ ਸਿੰਘ ਨੇ ਆਪਣੀ ਫੌਜ ਦੇ ਲਗਭਗ ਸਭ ਭਾਗਾਂ ਵਿਚ ਤੇ ਸਿਵਲ ਰਾਜ-ਪ੍ਰਬੰਧ ਦੇ ਸਾਰੇ ਦਫ਼ਤਰਾਂ ਵਿਚ ਨਕਦ ਤਨਖਾਹਾਂ ਦੇਣ ਦੀ



ਪਰਪਾਟੀ ਚਲਾਈ । ਜਾਗੀਰਾਂ ਦੁਆਰਾ ਤਨਖਾਹਾਂ ਦੇਣ ਦਾ ਰਿਵਾਜ ਕੇਵਲ ਉਤਲੇ ਤਬਕੇ ਦੇ ਫੌਜੀ ਅਫ਼ਸਰਾਂ ਤੇ ਹੋਰ ਮੁਖ ਅਧਿਕਾਰੀਆਂ ਤਕ ਹੀ ਸੀਮਤ ਰਖਿਆ । ਸਿੱਟੇ ਵਜੋਂ ਜਿੰਨ੍ਹਾਂ ਮੁਲਾਜ਼ਮਾਂ ਨੂੰ ਨਕਦ ਤਨਖਾਹ ਮਿਲਦੀ ਸੀ, ਉਹ ਅੱਗੇ ਆਪਣੇ ਮੁਲਾਜ਼ਮਾਂ ਨੂੰ (ਜੇ ਉਹਨਾਂ ਕੋਲ ਹੋਣ) ਤਨਖਾਹਾਂ ਦੇਣ ਲਈ ਜਾਂ ਆਪਣੀਆਂ ਲੋੜੀਂਦੀਆਂ ਚੀਜ਼ਾਂ ਵਸਤਾਂ ਖਰੀਦਣ ਲਈ ਨਕਦੀ ਵਿਚ ਹੀ ਭੁਗਤਾਨ ਕਰਦੇ ਸਨ । ਇਹਨਾਂ ਮੁਲਾਜ਼ਮਾਂ ਵਿਚ, ਖਾਸ ਕਰਕੇ ਫੌਜ ਦੀ ਨੌਕਰੀ ਕਰਨ ਵਾਲਿਆਂ ਵਿਚ, ਵਧੇਰੀ ਗਿਣਤੀ ਪਿੰਡਾਂ ਦੇ ਲੋਕਾਂ ਦੀ ਹੁੰਦੀ ਸੀ । ਇਹ ਸਾਰੇ ਲੋਕ ਆਪਣੀ ਬਚਤ ਨਕਦੀ ਦੇ ਰੂਪ ਵਿਚ ਆਪਣੇ ਘਰੀਂ ਭੇਜਦੇ ਸਨ ਜਿਸ ਕਰਕੇ ਪਿੰਡਾਂ ਵਿਚ ਸਿੱਕੇ ਦਾ ਪ੍ਰਸਾਰ ਵਧ ਗਿਆ ਸੀ । ਸਰਕਾਰ ਨੂੰ ਵੀ ਨਕਦੀ ਵਿਚ ਤਨਖਾਹਾਂ ਦੇਣ ਲਈ ਵਧੇਰੇ ਸਿੱਕੇ ਦੀ ਲੋੜ ਰਹਿੰਦੀ ਸੀ । ਇਸ ਲਈ ਉਹ ਨਕਦੀ ਵਿਚ ਮਾਲੀਆ ਇਕੱਠਾ ਕਰਨਾ ਵਧੇਰੇ ਪਸੰਦ ਕਰਦੀ ਸੀ । ਮਾਲੀਆ ਆਮ ਤੌਰ 'ਤੇ ਜਿਨਸ ਵਿਚ ਮਿਥਿਆ ਜਾਂਦਾ ਸੀ ਪਰ ਅਜਿਹੇ ਕੇਸ ਵੀ ਸਨ ਜਿਥੇ ਨਕਦੀ ਵਿਚ ਮਾਲੀਆ ਮਿਥਿਆ ਜਾਂਦਾ ਸੀ । ਉਦਾਹਰਨ ਵਜੋਂ, ਕਪਾਹ, ਗੰਨਾ, ਕੇਸਰ ਤੇ ਤਮਾਕੂ ਦੀਆਂ ਫਸਲਾਂ ਦਾ ਮਾਲੀਆ ਬੜੀਆਂ ਥਾਵਾਂ 'ਤੇ ਨਕਦੀ ਵਿਚ ਮਿਥਿਆ ਹੋਇਆ ਸੀ । ਇਸੇ ਤਰ੍ਹਾਂ ਜਿੰਨ੍ਹਾਂ ਥਾਵਾਂ 'ਤੇ ਮਾਲੀਆ ਖੂਹਾਂ ਜਾਂ ਹਲਾਂ ਦੇ ਆਧਾਰ 'ਤੇ ਨੀਅਤ ਕੀਤਾ ਜਾਂਦਾ ਸੀ, ਉਥੇ ਵੀ ਆਮ ਤੌਰ 'ਤੇ ਇਹ ਨਕਦੀ ਵਿਚ ਹੀ ਮਿਥਿਆ ਤੇ ਉਗਰਾਹਿਆ ਜਾਂਦਾ ਸੀ । ਜਿਥੇ ਇਹ ਜਿਨਸ ਵਿਚ ਮਿਥਿਆ ਜਾਂਦਾ ਸੀ ਜਿਵੇਂ ਕਿ ਕਣਕੂਤ ਤੇ ਬਟਾਈ ਦੀਆਂ ਪ੍ਰਣਾਲੀਆਂ ਵਿਚ ਉਥੇ ਵੀ ਉਗਰਾਹੀ ਜਿਨਸ ਦੇ ਨਾਲ ਨਾਲ ਨਕਦੀ ਵਿਚ ਕੀਤੀ ਜਾਂਦੀ ਸੀ । ਸਰਕਾਰ ਨੇ ਫੌਜ ਲਈ ਅਨਾਜ ਦੇ ਜ਼ਖੀਰੇ ਉਸਾਰਨੇ ਹੁੰਦੇ ਸਨ। ਇਸ ਲਈ ਕੁਝ ਮਾਲੀਆ ਜਿਨਸ ਵਿਚ ਲੈਣਾ ਜ਼ਰੂਰੀ ਸੀ । ਪਰ ਸਰਕਾਰ ਲਈ ਮੁਲਾਜ਼ਮਾਂ ਨੂੰ ਨਕਦੀ ਵਿਚ ਤਨਖਾਹਾਂ ਦੇਣ ਲਈ ਮਾਲੀਏ ਦੀ ਉਗਰਾਹੀ ਨਕਦੀ ਵਿਚ ਜ਼ਰੂਰੀ ਸੀ । ਇਸ ਲਈ ਸਰਕਾਰ ਦੀ ਕੋਸ਼ਿਸ਼ ਹੁੰਦੀ ਸੀ ਕਿ ਜਿਹੜੇ ਲੋਕ ਨਕਦੀ ਵਿਚ ਦੇ ਸਕਦੇ ਸਨ ਉਹਨਾਂ ਤੋਂ ਮਾਲੀਏ ਦੀ ਉਗਰਾਹੀ ਨਕਦੀ ਵਿਚ ਹੀ ਲਈ ਜਾਏ । ਇਸ ਵਿਚ ਇਸ ਕਰਕੇ ਆਸਾਨੀ ਹੋ ਜਾਂਦੀ ਸੀ ਕਿਉਂਕਿ ਪਿੰਡਾਂ ਵਿਚ ਲੋਕਾਂ ਕੋਲ ਰੁਪਿਆ ਪੈਸਾ ਹੁੰਦਾ ਸੀ । ਕਈ ਵਾਰੀ ਮਾਲੀਆ ਜਿਨਸ ਵਿਚ ਉਗਰਾਹ ਕੇ ਤੁਰੰਤ ਉਸੇ ਪਿੰਡ ਦੇ ਵਸਨੀਕਾਂ ਕੋਲ ਵੇਚ ਦਿਤਾ ਜਾਂਦਾ ਸੀ ਅਤੇ ਪੈਸੇ ਇਕੋ ਸਮੇਂ ਜਾਂ ਕਿਸ਼ਤਾਂ ਵਿਚ ਵਸੂਲ ਕੀਤੇ ਜਾਂਦੇ ਸਨ । ਪੈਸੇ ਵਾਲੇ ਲੋਕ ਸਸਤੇ ਭਾਅ 'ਤੇ ਸਰਕਾਰੀ ਅਨਾਜ ਖਰੀਦ ਕੇ ਰਖ ਲੈਂਦੇ ਸਨ ਤੇ ਮਗਰੋਂ ਮਹਿੰਗੇ ਭਾਅ ਵੇਚ ਕੇ ਨਫ਼ਾ ਕਮਾਉਂਦੇ ਸਨ । ਸਿੱਕੇ ਦੇ ਫੈਲਾਅ ਨਾਲ ਹੌਲੀ ਹੌਲੀ ਪਿੰਡਾਂ ਦੇ ਲੋਕਾਂ ਦੇ ਪਰਸਪਰ ਆਰਥਕ ਸੰਬੰਧਾਂ ਵਿਚ ਵੀ ਫਰਕ ਆਉਣਾ ਸ਼ੁਰੂ ਹੋ ਗਿਆ ਪਰ ਇਸ ਅਮਲ ਦੀ ਰਫਤਾਰ ਇੰਨੀ ਧੀਮੀ ਸੀ ਕਿ ਪਤਾ ਹੀ ਨਹੀਂ ਚਲਦਾ ਕਿ ਕੋਈ ਪਰੀਵਰਤਨ ਵਾਪਰ ਰਿਹਾ ਹੈ । ਇਹ ਬਾਅਦ ਵਿਚ ਅੰਗਰੇਜ਼ੀ ਰਾਜ ਦੇ ਸਮੇਂ ਉਘੜ ਕੇ ਸਾਹਮਣੇ ਆਇਆ । ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪਿੰਡ ਦੀ ਆਰਥਕਤਾ ਵਿਚ ਜੋ ਤਬਦੀਲੀ ਬਰਤਾਨਵੀ ਰਾਜ ਵਿਚ ਪਰਗਟ ਹੋਈ, ਉਸ ਦਾ ਮੁੱਢ ਸਿੱਖਾਂ ਦੇ ਰਾਜ-ਕਾਲ ਵਿਚ ਬਝ ਚੁੱਕਾ ਸੀ । ਸ਼ਹਿਰਾਂ ਵਿਚ ਵੀ ਸਿੱਕੇ ਦੇ ਪ੍ਰਸਾਰ ਨੇ ਵਪਾਰ ਤੇ ਸਨਅਤ ਦੇ ਖੇਤਰਾਂ ਵਿਚ ਹੌਲੀ ਹੌਲੀ ਤਬਦੀਲੀ ਲਿਆਉਣੀ ਆਰੰਭ ਦਿੱਤੀ ਸੀ । ਸਿੱਕੇ ਦੇ ਪ੍ਰਸਾਰ ਦਾ ਮੰਡੀਆਂ ਦੇ ਵਿਕਾਸ ਨਾਲ ਡੂੰਘਾ ਸੰਬੰਧ ਹੁੰਦਾ ਹੈ । ਇਸ ਲਈ ਜਿਉਂ ਜਿਉਂ ਸਿੱਕਾ ਫੈਲਦਾ ਗਿਆ ਤਿਉਂ ਤਿਉਂ ਮੰਡੀਆਂ ਦੇ ਵਿਕਾਸ ਦੀ ਗਤੀ ਵਧਦੀ ਗਈ । ਇਸ ਤਰ੍ਹਾਂ ਵੀ ਇਕ ਐਸੀ ਸਮਾਜਕ ਤਬਦੀਲੀ ਦਾ ਮੁਢ ਬੱਝ ਗਿਆ ਜਿਸ ਦੇ ਪੂਰੇ ਪ੍ਰਭਾਵ ਚੋਖਾ ਚਿਰ ਮਗਰੋਂ ਅੰਗਰੇਜ਼ਾਂ ਦੇ ਰਾਜ-ਕਾਲ ਵਿਚ ਦ੍ਰਿਸ਼ਟੀਗੋਚਰ ਹੋਏ ।

ਸਮਾਜਕ ਪਰੀਵਰਤਨ ਦੇ ਸੰਬੰਧ ਵਿਚ ਦੂਸਰੀ ਵਿਸ਼ੇਸ਼ ਗੱਲ **ਨਵੀਂ ਤਕਨੀਕ ਦੀ ਆਵੰਦ** ਸੀ। ਇਹ ਉਹ ਤਕਨੀਕ ਸੀ ਜੋ ਯੂਰਪੀਨਾਂ ਦੇ ਹਿੰਦੁਸਤਾਨ ਵਿਚ ਆਉਣ ਦੇ ਕਾਰਨ ਇਥੇ ਆਈ ਸੀ। ਇਸ ਦਾ ਪ੍ਰਵੇਸ਼ ਫੌਜੀ ਜਥੇਬੰਦੀ ਤੇ ਰਾਜ ਪ੍ਰਬੰਧ ਵਿਚ ਹੋਇਆ। ਰਣਜੀਤ ਸਿੰਘ ਨੇ ਫੌਜ ਦੇ ਮੁਖ ਭਾਗ ਦੀ ਸਮੁਚੀ ਜਥੇਬੰਦੀ ਪਛਮੀ ਲੀਹਾਂ 'ਤੇ ਉਸਾਰੀ। ਪਿਆਦਾ ਫੌਜ ਦੀ ਸੈਕਸ਼ਨਾਂ, ਪੈਲਟੂਨਾਂ, ਕੰਪਨੀਆਂ, ਬਟਾਲੀਅਨਾਂ ਤੇ ਰੈਜਮੈਂਟਾਂ ਵਿਚ ਜਥੇਬੰਦੀ ਕੀਤੀ। ਸਵਾਰ ਫੌਜ ਨੂੰ ਰਿਸਾਲਾ ਕੰਪਨੀਆਂ ਤੇ ਰੈਜਮੈਂਟਾਂ ਵਿਚ ਤਿਆਰ ਕੀਤਾ। ਤੋਪਖਾਨੇ ਨੂੰ ਬੈਟਰੀਆਂ ਵਿਚ ਵੰਡਿਆ। ਫਿਰ ਇਹਨਾਂ ਤਿੰਨਾਂ ਨੂੰ ਯੋਗ ਮਾਤਰਾ ਵਿਚ ਮਿਲਾ ਕੇ ਬ੍ਰਿਗੇਡ ਬਣਾਏ ਗਏ। ਬ੍ਰਿਗੇਡਾਂ ਨੂੰ ਅਗਾਂਹ ਡਵੀਜ਼ਨਜ਼ ਵਿਚ ਜਥੇਬੰਦ ਕੀਤਾ ਗਿਆ। ਫੌਜੀਆਂ ਦੀ ਸਿਖਲਾਈ ਵਾਸਤੇ ਜੋ ਡ੍ਰਿਲ ਪ੍ਰਣਾਲੀ ਧਾਰਨ ਕੀਤੀ ਗਈ ਉਹ ਵੀ ਸਮੁੱਚੇ ਤੌਰ 'ਤੇ ਪੱਛਮੀ ਸੀ। ਪਰੇਡ,ਜੰਗੀ ਮਸ਼ਕਾਂ, ਸਫਰ ਦੌਰਾਨ ਤਰਤੀਬ ਤੇ ਲੜਾਈ ਦੇ ਮੈਦਾਨ ਵਿਚ ਸਫਬੰਦੀ ਤੇ ਯੁਧ ਸ਼ੈਲੀ ਸਭ ਪਛਮੀ ਵਿਚਾਰਧਾਰਾ 'ਤੇ ਆਧਾਰਿਤ ਸਨ। ਉਹਨਾਂ ਦੀ ਯੂਨੀਫਾਰਮ ਵੀ ਹਿੰਦੁਸਤਾਨੀਆਂ ਦੀ ਯੂਨੀਫਾਰਮ ਤੋਂ ਵਖਰੀ ਸੀ। ਬੂਟ, ਪਤਲੂਨਾਂ, ਜੈਕਟ ਤੇ ਚਮੜੇ ਦੀਆਂ ਪੇਟੀਆਂ ਸਭ ਵਿਦੇਸ਼ੀ ਢੰਗ ਦੀਆਂ ਸਨ। ਪਰੰਤੂ ਇਹਨਾਂ ਗੱਲਾਂ ਦਾ ਪ੍ਰਭ ਵ ਕੇਵਲ ਉਹਨਾਂ ਦੇ ਫੌਜੀ ਕਰਤਵਾਂ ਤੀਕ ਹੀ ਸੀਮਤ ਨਹੀਂ ਸੀ। ਸਭ ਤੋਂ ਵੱਡੀ ਮਹੱਤਤਾ ਵਾਲੀ ਗੱਲ ਇਹ ਸੀ ਕਿ ਉਹਨਾਂ ਦੇ ਮਨਾਂ ਨੂੰ ਇਕ ਨਵੀਂ ਜਾਗ ਲਗ ਰਹੀ ਸੀ। ਉਹਨਾਂ ਦਾ ਦ੍ਰਿਸ਼ਟੀਕੋਣ ਅਗਾਂਹ ਲਈ ਦਲੇਰੀ ਵਾਲਾ, ਵਿਸ਼ਵਾਸ-ਭਰਪੂਰ ਤੇ ਗਤੀਸ਼ੀਲ ਬਣ ਗਿਆ। ਇਸ ਦੇ ਸਿੱਟੇ ਵੀ ਬਾਅਦ ਵਿਚ ਬਰਤਾਨਵੀ ਰਾਜ-ਕਾਲ ਵਿਚ ਵਧੇਰੇ ਉਭਰ ਕੇ ਸਾਹਮਣੇ ਆਏ।

ਸਿੱਖ ਫੌਜ ਵਿਚ ਬੰਦੂਕਾਂ, ਤੋਪਾਂ, ਰੁਬਾਰੇ, ਪਿਸਤੌਲ ਆਦਿ ਵਰਤੇ ਜਾਂਦੇ ਸਨ ਅਤੇ ਇਹਨਾਂ ਹਥਿਆਰਾਂ ਵਿਚ ਜੋ ਗੋਲੇ, ਗੋਲੀਆਂ ਤੇ ਸਿੱਕਾ ਬਾਰੂਦ ਵਰਤਿਆ ਜਾਂਦਾ ਸੀ, ਇਸ ਪ੍ਰਕਾਰ ਦੇ ਸਾਰੇ ਕੰਮਾਂ ਵਾਸਤੇ ਵੀ ਪੱਛਮੀ ਤਕਨੀਕ ਅਪਣਾਈ ਗਈ। ਉਚੇਚੇ ਕਾਰਖਾਨੇ ਸਥਾਪਿਤ ਕੀਤੇ ਗਏ। ਉਸ ਦੇ ਮਿਸਤਰੀਆਂ ਨੇ ਨਵੀਂ ਤਕਨੀਕ ਗ੍ਰਹਿਣ ਕਰ ਕੇ ਜੋ ਹਥਿਆਰ ਬਣਾਏ ਜਾਂ ਜੋ ਗੋਲੇ, ਗੋਲੀਆਂ ਤੇ ਬਾਰੂਦ ਤਿਆਰ ਕੀਤਾ ਉਸ ਤੋਂ ਬਦੇਸ਼ੀ ਖੁਦ ਬੜੇ ਹੈਰਾਨ ਹੋਏ। ਪੰਜਾਬ ਦੇ ਕਾਰੀਗਰਾਂ ਦਾ ਕਮਾਲ ਇਹ ਹਾਲ ਸੀ ਕਿ ਜੇ ਕਿਤੇ ਅੰਗਰੇਜ਼ੀ ਤੋਪਾਂ ਤੇ ਸਿੱਖ ਤੋਪਾਂ ਨੂੰ ਇਕ ਥਾਂ 'ਤੇ ਰਲਾ ਕੇ ਰਖ ਦਿੱਤਾ ਜਾਂਦਾ ਤਾਂ ਇਹ ਦਸਣਾ ਮੁਸ਼ਕਲ ਹੋ ਜਾਂਦਾ ਸੀ ਕਿ ਉਹਨਾਂ ਵਿਚੋਂ ਕਿਹੜੀ ਕਿਥੋਂ ਦੀ ਹੈ।

ਸਮਾਜਕ ਪਰੀਵਰਤਨ ਦੇ ਸਬੰਧ ਵਿਚ ਤੀਸਰੀ ਗੱਲ **ਦੋ ਸੁਧਾਰ ਲਹਿਰਾਂ ਦਾ ਆਰੰਭ ਹੋਣਾ ਹੈ।** ਇਹਨਾਂ ਦੇ ਨਾਂ ਸਨ : ਨਾਮਧਾਰੀ ਲਹਿਰ ਤੇ ਨਿਰੰਕਾਰੀ ਲਹਿਰ। ਰਾਜਸੀ ਤਾਕਤ ਨੇ ਸਿੱਖ ਧਰਮ ਵਿਚ ਸਰਦਾਰਾਂ ਤੇ ਸਾਮੰਤਾਂ ਦਾ ਇਕ ਨਵਾਂ ਵਰਗ ਪੈਦਾ ਕਰ ਦਿੱਤਾ ਸੀ। ਇਹਨਾਂ ਕੋਲ ਤਾਕਤ ਸੀ, ਧਨ ਸੀ, ਸਾਧਨ ਸਨ ਅਤੇ ਇਹਨਾਂ ਦੇ ਰਹਿਣ ਸਹਿਣ ਦੇ ਤਰੀਕੇ ਨੂੰ ਵੇਖ ਕੇ ਇਉਂ ਲਗਦਾ ਸੀ ਕਿ ਸਿੱਖ ਧਰਮ ਵਿਚ ਬਰਾਬਰਤਾ ਦੀ ਭਾਵਨਾ, ਜਿਹੜੀ ਕਿ ਇਸ ਦੇ ਮੂਲ ਆਸ਼ਿਆਂ ਵਿਚੋਂ ਸੀ, ਅਲੋਪ ਹੋ ਗਈ ਹੋਵੇ। ਇਹਨਾਂ ਵਿਚ ਕਈ ਔਗੁਣ ਤੇ ਭੈੜ ਆ ਵੜੇ ਸਨ। ਧਨ ਤੇ ਤਾਕਤ ਨੇ ਇਹਨਾਂ ਦੇ ਜੀਵਨ ਨੂੰ ਵਿਲਾਸ-ਮਈ ਬਣਾ ਦਿੱਤਾ ਸੀ ਤੇ ਉਹ ਸਿੱਖੀ ਜੀਵਨ ਤੋਂ ਦਿਨੋ ਦਿਨ ਦੂਰ ਹੋਈ ਜਾ ਰਹੇ ਸਨ। ਬਰਾਹਮਣੀ ਪ੍ਰਭਾਵ ਨੇ ਇਹਨਾਂ ਨੂੰ ਅਤੇ ਹੋਰ ਬਹੁਤ ਸਾਰੇ ਸਿੱਖਾਂ ਨੂੰ ਸਿੱਖੀ ਦੇ ਨਿਸ਼ਾਨਿਆਂ ਤੋਂ ਹੋਰ ਪਰੇ ਹਟਾ ਦਿੱਤਾ। ਸਿੱਖਾਂ ਵਿਚ ਵੀ ਬੁਤ-ਪੂਜਾ ਹੋਣ ਲਗ ਪਈ। ਇਕ ਅਕਾਲ ਪੁਰਖ ਦੀ ਅਰਾਧਨਾ ਦੀ ਥਾਂ ਕਈ ਦੇਵੀ-ਦੇਵਤਿਆਂ ਦੀ ਪੂਜਾ ਸ਼ੁਰੂ ਹੋ ਗਈ। ਜਾਤ ਪਾਤ ਦੇ ਬੰਧਨ ਸਖ਼ਤ ਹੋ ਗਏ ਅਤੇ ਨੀਵੀਂ ਜਾਤਾਂ ਦੇ ਸਿੱਖਾਂ ਨੂੰ ਨਫ਼ਰਤ ਨਾਲ ਵੇਖਿਆ ਜਾਣ ਲੱਗਾ। ਬ੍ਰਾਹਮਣਵਾਦ ਨੇ ਸਿੱਖਾਂ ਵਿਚ ਕਈ ਅਜਿਹੀਆਂ ਹਿੰਦੂ ਰਸਮਾਂ ਰੀਤਾਂ ਤੇ ਪਰੰਪਰਾਵਾਂ ਪ੍ਰਚਲਤ



ਕਰ ਦਿਤੀਆਂ ਜਿਨ੍ਹਾਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਬਾਰ ਬਾਰ ਵਰਜਿਆ ਸੀ। ਨਾਮਧਾਰੀ ਤੇ ਨਿਰੰਕਾਰੀ ਲਹਿਰਾਂ ਦਾ ਲਕਸ਼ ਇਹ ਸੀ ਕਿ ਸਿੱਖ ਧਰਮ ਵਿਚ ਆਈਆਂ ਜਾਂ ਆ ਰਹੀਆਂ ਕੁਰੀਤੀਆਂ ਤੇ ਤਰੁਟੀਆਂ ਨੂੰ ਪ੍ਰਚਾਰ ਦੁਆਰਾ ਦੂਰ ਕੀਤਾ ਜਾਏ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲਦਾਸ ਜੀ ਸਨ। ਇਨ੍ਹਾਂ ਨੇ ਲੋਕਾਂ ਨੂੰ, ਖਾਸ ਕਰਕੇ ਸਿੱਖਾਂ ਨੂੰ, ਬੁੱਤ ਪੂਜਾ, ਬਹੁ-ਦੇਵ ਪੂਜਾ, ਜਾਤ ਪਾਤ, ਤੀਰਥ ਯਾਤਰਾ ਤੇ ਹੋਰ ਅਜਿਹੀਆਂ ਕੁਰਾਹੇ ਪਾਉਣ ਵਾਲੀਆਂ ਚੀਜ਼ਾਂ ਨੂੰ ਛੱਡ ਕੇ ਸਿੱਖ ਗੁਰੂ ਸਾਹਿਬਾਂ ਦੀ ਸਿਖਿਆ ਅਨੁਸਾਰ ਇਕ ਨਿਰੰਕਾਰ ਦੀ ਅਰਾਧਨਾ ਲਈ ਪ੍ਰੇਰਣ ਦਾ ਉੱਦਮ ਕੀਤਾ। ਨਿਰੰਕਾਰੀ ਅੰਦੋਲਨ ਦਾ ਮੁਖ ਅਸਥਾਨ ਰਾਵਲਪਿੰਡੀ ਸ਼ਹਿਰ ਵਿਚ ਸੀ ਅਤੇ ਇਸ ਨੂੰ ਦਿਆਲਸਰ ਜਾਂ ਨਿਰੰਕਾਰੀ ਦਰਬਾਰ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਦੂਸਰੀ, ਨਾਮਧਾਰੀ ਲਹਿਰ ਦਾ ਮੋਢੀ ਬਾਬਾ ਬਾਲਕ ਸਿੰਘ ਸੀ। ਇਹਨਾਂ ਨੇ ਵੀ ਬ੍ਰਾਹਮਣਵਾਦ ਦੇ ਪ੍ਰਭਾਵ ਦੇ ਵਿਰੁੱਧ ਆਵਾਜ਼ ਉਠਾਈ ਅਤੇ ਇਕ ਅਕਾਲ ਪੁਰਖ ਦੇ ਨਾਮ ਸਿਮਰਣ 'ਤੇ ਜ਼ੋਰ ਦਿੱਤਾ। ਸ਼ਰਾਬ ਪੀਣ ਤੇ ਮਾਸ ਖਾਣ ਦੀਆਂ ਜੋ ਭੈੜੀਆਂ ਵਾਦੀਆਂ ਵਡੇ ਵਡੇ ਸਰਦਾਰਾਂ ਵਿਚ ਆ ਗਈਆਂ ਸਨ, ਇਹਨਾਂ ਦੋਹਾਂ ਲਹਿਰਾਂ ਨੇ ਉਹਨਾਂ ਨੂੰ ਨਿੰਦਿਆ ਤੇ ਆਪਣੇ ਪੈਰੋਕਾਰਾਂ ਵਿਚ ਸ਼ਰਾਬ ਤੇ ਮਾਸ ਦੀ ਸਖਤ ਮਨਾਹੀ ਕੀਤੀ।

ਇਕ ਹੋਰ ਪਰੀਵਰਤਨ ਸਮਾਜ ਦੀ **ਉਚ ਸ਼੍ਰੇਣੀ ਦੇ ਅੰਦਰ ਵਾਪਰੀ ਤਬਦੀਲੀ** ਨਾਲ ਸਬੰਧ ਰਖਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਾਗੀਰਦਾਰੀ ਪ੍ਰਥਾ ਪਹਿਲਾਂ ਵੀ ਸੀ ਤੇ ਹੁਣ ਵੀ ਹੈ ਸੀ। ਜਿਸ ਤਰ੍ਹਾਂ ਪਹਿਲਾਂ ਉਚ ਸ਼੍ਰੇਣੀ ਦੇ ਵਕਾਰ ਤੇ ਅਧਿਕਾਰਾਂ ਦਾ ਡੂੰਘਾ ਸਬੰਧ ਇਸ ਪ੍ਰਥਾ ਨਾਲ ਹੁੰਦਾ ਸੀ, ਉਸੇ ਤਰ੍ਹਾਂ ਹੁਣ ਵੀ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਸਿੱਖ ਰਾਜ ਦੌਰਾਨ ਪੁਰਾਣੀ ਉਚ ਸ਼੍ਰੇਣੀ ਦੀ ਥਾਂ ਇਕ ਨਵੀਂ ਉਚ ਸ਼੍ਰੇਣੀ ਉਭਰ ਕੇ ਹੋਂਦ ਵਿਚ ਆਈ ਸੀ। ਇਸ ਦੇ ਕੁਝ ਮੈਂਬਰ ਪੁਰਾਣੇ ਸਿੱਖ ਮਿਸਲਦਾਰਾਂ ਦੇ ਪਰਿਵਾਰਾਂ ਵਿਚੋਂ ਸਨ ਅਤੇ ਕੁਝ ਡੋਗਰਾ ਰਾਜਪੂਤਾਂ ਦੇ ਵੱਡੇ ਪਰਿਵਾਰਾਂ ਵਿਚੋਂ ਸਨ ਪਰ ਜ਼ਿਆਦਾਤਰ **ਇਹ ਮੈਂਬਰ ਮਧ ਵਰਗ ਦੇ ਆਮ ਵਿਅਕਤੀਆਂ ਵਿਚੋਂ ਉਠੇ ਸਨ।** ਕੁਝ ਮਨਚਲੇ ਬਾਹਰਲੇ ਮੁਲਕਾਂ ਤੋਂ ਵੀ ਨੌਕਰੀ ਦੀ ਤਲਾਸ਼ ਵਿਚ ਆਏ ਸਨ ਅਤੇ ਤਰੱਕੀ ਕਰ ਗਏ ਸਨ। ਇਹਨਾਂ ਵਿਚੋਂ ਸਿਵਾਏ ਸਿੱਖ ਮਿਸਲਦਾਰਾਂ ਦੇ ਪਰਿਵਾਰਾਂ ਵਿਚੋਂ ਆਏ ਵਿਅਕਤੀਆਂ ਦੇ ਕੋਈ ਵੀ ਅਜੇਹਾ ਨਹੀਂ ਜਾਪਦਾ ਜਿਸ ਨੇ ਆਪਣੀ ਯੋਗਤਾ ਦੇ ਕਾਰਨ ਪ੍ਰਸਿੱਧੀ ਪਰਾਪਤ ਨਾ ਕੀਤੀ ਹੋਵੇ। ਮਿਸਲਦਾਰਾਂ ਦੇ ਪਰਿਵਾਰਾਂ ਨੂੰ ਵੀ ਅਹਿਮੀਅਤ ਹਾਸਿਲ ਕੀਤਿਆਂ ਬਹੁਤਾ ਚਿਰ ਨਹੀਂ ਸੀ ਹੋਇਆ। 50-60 ਵਰ੍ਹੇ ਪਹਿਲਾਂ ਉਹਨਾਂ ਦੇ ਘਰ ਵੀ ਮਾਮੂਲੀ ਜੇਹੇ ਹੁੰਦੇ ਸਨ। ਇਸ ਤਰ੍ਹਾਂ ਸਮੁੱਚੇ ਤੌਰ 'ਤੇ ਇਸ ਉਚ ਵਰਗ ਵਿਚ ਨਵੀਨਤਾ ਸੀ, ਸਾਹਸ ਸੀ, ਸ਼ਕਤੀ ਸੀ, ਦਲੇਰੀ ਸੀ, ਕੁਝ ਕਰਨ ਦੀ ਰੀਝ ਸੀ। ਇਸ ਵਿਚ ਬੇਸ਼ੱਕ ਉਹ ਨਫਾਸਤ ਨਹੀਂ ਸੀ ਜੋ ਜੱਦੀਪਨ ਤੋਂ ਹਾਸਿਲ ਹੁੰਦੀ ਹੈ ਪਰ ਇਸ ਵਿਚ ਉਹ ਢਿੱਲੜਪਨ, ਆਲਸ ਤੇ ਜਮਾਓ ਵੀ ਨਹੀਂ ਸੀ ਜਿਸ ਲਈ ਜੱਦੀਪਨ ਜ਼ਿੰਮਾਵਾਰ ਹੁੰਦਾ ਹੈ। ਇਸ ਦੀ ਵਡੀ ਕਮਜ਼ੋਰੀ ਇਹ ਸੀ ਕਿ ਇਸ ਵਿਚ ਕਈ ਛੋਟੇ ਛੋਟੇ ਜੁਟ ਬਣ ਗਏ ਸਨ ਜਿਨ੍ਹਾਂ ਵਿਚ ਸਦਾ ਪਰਸਪਰ ਈਰਖਾ ਰਹਿੰਦੀ ਸੀ। ਇਹ ਈਰਖਾ ਜਿੰਨਾ ਚਿਰ ਰਣਜੀਤ ਸਿੰਘ ਦਾ ਰਾਜ ਕਾਇਮ ਰਿਹਾ, ਦਬੀ ਰਹੀ ਅਤੇ ਸਾਰਾ ਕੰਮ ਠੀਕ ਤਰ੍ਹਾਂ ਚਲਦਾ ਰਿਹਾ। ਉਹਨਾਂ ਤੋਂ ਮਗਰੋਂ ਜਦ ਰਾਜ ਦੀ ਵਾਗਡੋਰ ਕਮਜ਼ੋਰ ਹੱਥਾਂ ਵਿਚ ਆਈ ਤਾਂ ਇਸ ਨੇ ਭਿਆਣਕ ਰੂਪ ਧਾਰ ਲਿਆ ਤੇ ਅੰਤ ਵਿਚ ਸਮੁੱਚਾ ਸਿੱਖ ਰਾਜ ਇਸ ਦੀ ਭੇਟ ਚੜ੍ਹ ਗਿਆ। (ਸੰਖੇਪ ਰੂਪ)

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਵੀਹ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕਖ਼ਰਚ ਸਾਡਾ ਹੋਵੇਗਾ।

ਹਿੰਮਤ ਸਿੰਘ ਸੋਢੀ

## ਕੁਝ ਕਹਿ ਸਕਣ ਦੀ ਦਲੇਰੀ

ਮਾਸਿਕ ਪੱਤਰ "ਸਾਹਿਤ ਸਮਾਚਾਰ" ਨੇ ਪੰਜਾਬੀ ਸਾਹਿਤ ਆਲੋਚਨਾ ਦੇ ਪਿੜ ਵਿਚ ਇਸ ਪੱਖੋਂ ਪਹਿਲ ਕੀਤੀ* ਕਿ ਕੁਝ ਹੋਏ-ਬੀਤੇ ਅਤੇ ਜੀਊਂਦੇ ਸਾਹਿਤਕਾਰਾਂ ਬਾਰੇ ਵਿਸ਼ੇਸ਼ ਅੰਕ ਕਢੇ, ਜਿਨ੍ਹਾਂ ਵਿਚ ਇਹਨਾਂ ਮਹਾ-ਰਥੀਆਂ ਦੀ ਸਰਬ-ਪਖੀ ਆਲੋਚਨਾ ਵਖ ਵਖ ਭਾਂਤ ਦੇ (ਜਾਂ, ਭਾਂਤ ਭਾਂਤ ਦੇ) ਸਮਾਲੋਚਕਾਂ ਨੇ ਕੀਤੀ। ਇਸ ਤਰ੍ਹਾਂ ਇਕ ਸਾਹਿਤਕਾਰ ਨੂੰ ਵੱਖ ਵੱਖ ਨਜ਼ਰੀਏ ਤੋਂ ਦੇਖਣ ਵਾਲੀ ਸਾਮਗਰੀ ਉਸ ਬਾਰੇ ਪ੍ਰਕਾਸ਼ਤ ਵਿਸ਼ੇਸ਼ ਅੰਕ ਵਿਚ ਇਕੱਤਰ ਹੋਈ ਸਾਨੂੰ ਇਹਨਾਂ ਵਿਚ ਮਿਲਦੀ ਹੈ। ਮੇਰੇ ਸਾਹਮਣੇ 'ਸਾਹਿਤ ਸਮਾਚਾਰ' ਦਾ 'ਗੁਰਬਖਸ਼ ਸਿੰਘ ਵਿਸ਼ੇਸ਼ ਅੰਕ' (ਦੂਜਾ ਸੰਸਕਰਨ, ਜਨਵਰੀ 1958) ਹੈ ਜਿਸ ਦੀ ਅੰਦਰਲੀ ਗਵਾਹੀ ਤੋਂ ਪਰਤੀਤ ਹੁੰਦਾ ਹੈ ਕਿ ਇਸ ਦਾ ਪਹਿਲਾ ਸੰਸਕਰਨ 1954 ਵਿਚ ਪ੍ਰਕਾਸ਼ਤ ਹੋਇਆ ਹੋਵੇਗਾ।[1] ਇਸ ਦੇ ਵਿਚੋਂ ਛੇ ਲੇਖ, ਲਿਖਤ ਜੀਵਨ ਸਿੰਘ (ਸੰਪਾਦਕ), ਸੁਰਿੰਦਰ ਸਿੰਘ ਨਰੂਲਾ, ਕਿਰਪਾਲ ਸਿੰਘ ਆਜ਼ਾਦ, ਡਾ: ਤ੍ਰਿਲੋਚਨ ਸਿੰਘ, ਅਜਾਇਬ ਚਿਤ੍ਰਕਾਰ, (ਡਾ:) ਅਮਰਜੀਤ ਸਿੰਘ ਅਜਿਹੇ ਹਨ ਜੋ ਗੁਰਬਖਸ਼ ਸਿੰਘ ਨੂੰ ਸਮਝਣ ਵਿਚ ਬੜੇ ਸਹਾਈ ਹੋ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ, ਸਗੋਂ ਪੰਜਾਬੀ ਸਮੀਖਿਆ ਲਈ ਇਹ ਇਕ ਚਿੰਤਾ-ਜਨਕ ਬਾਤ ਵੀ ਹੈ ਕਿ **ਸਤਾਇ੍ਹੀ ਸਾਲ ਪਹਿਲਾਂ ਗੁਰਬਖਸ਼ ਸਿੰਘ ਨੂੰ ਸਮਝਣ ਲਈ** ਜੋ ਇਕ ਸ਼ੁਭ ਤੇ ਸਵਸਥ ਸ੍ਰੀ-ਗਣੇਸ਼ ਹੋਈ ਸੀ, ਉਸ ਦਾ ਗਲ ਕਿਵੇਂ ਘੁਟਿਆ ਗਿਆ ਅਤੇ ਉਹ ਕੁਰਾਹੇ ਕਿਉਂ ਪੈ ਗਈ, ਅਥਵਾ ਦਮ ਕਿਉਂ ਤੋੜ ਗਈ! ਹਿਸਾਬ ਅਨੁਸਾਰ, ਪੰਝੀ ਸਾਲ ਦੀ ਥਾਂ ਮੈਂ ਸਤਾਈ ਸਾਲ ਇਸ ਲਈ ਕਹਿੰਦਾ ਹਾਂ ਕਿਉਂਕਿ ਇਸ ਸੰਸਕਰਨ ਵਿਚਲੇ ਆਜ਼ਾਦ ਸਾਹਿਬ ਦੇ ਲੇਖ ਵਿਚ ਕਿਹਾ ਗਿਆ ਹੈ :—

"ਅਜ ਸਾਹਿਤਕ ਪਿੜ ਵਿਚ ਇਸ ਚਰਚਾ ਦੀ ਲੋੜ ਅਨੁਭਵ ਕੀਤੀ ਗਈ ਹੈ ਕਿ ਸ੍ਰ: ਗੁਰਬਖਸ਼ ਸਿੰਘ ਨੂੰ ਇਕ ਕਮਿਊਨਿਸਟ ਦੇ ਤੌਰ 'ਤੇ ਨਿਰਖਿਆ ਜਾਏ। ਪਰ ਕਮਿਊਨਿਸਟਾਂ, ਜਿੰਨਾਂ ਵਿਚ ਗੁਰਬਖਸ਼ ਸਿੰਘ ਨੂੰ ਸਮਝਿਆ ਜਾਂਦਾ ਹੈ, ਵਿਚ ਬਹੁਤ ਪਹਿਲਾਂ ਤੇ ਸ਼ਾਇਦ ਕਈ ਵੇਰ ਗ਼ੈਰ-ਰਸਮੀ ਵਿਚਾਰ ਹੋ ਚੁਕੀ ਹੈ। ਅਜਿਹੀ ਇਕ ਗ਼ੈਰ-ਰਸਮੀ ਚਰਚਾ ਅੰਬਾਲਾ ਸੈਂਟਰਲ ਜੇਲ੍ਹ ਦੇ ਕਮਿਊਨਿਸਟ ਨਜ਼ਰਬੰਦਾਂ ਵਿਚ ਅਪ੍ਰੈਲ-ਮਈ 1951 ਵਿਚ ਚੱਲੀ। ਬਾਕਾਇਦਾ ਲੇਖ ਲਿਖੇ ਗਏ ਤੇ ਇਹਨਾਂ ਉਪਰ ਬਹਿਸ ਹੋਈ। ਲੇਖਕ (ਸ੍ਰ: ਕਿਰਪਾਲ ਸਿੰਘ ਆਜ਼ਾਦ) ਦੇ ਇਹ ਲੇਖ **ਪੰਜਾਬੀ ਸਾਹਿਤ** (ਦਸੰਬਰ 1951—ਪੰਨਾ 39 ਤੋਂ 46) ਅਤੇ **ਸਾਹਿਤ ਸਮਾਚਾਰ** (ਮਈ 1952, ਪੰਨਾ 49 ਤੋਂ 51) ਵਿਚ ਛਪ ਚੁਕੇ ਹਨ, ਜਿਹੜੇ ਮਾਰਕਸੀ ਦ੍ਰਿਸ਼ਟੀਕੋਨ ਤੋਂ ਸ੍ਰ: ਗੁਰਬਖਸ਼ ਸਿੰਘ ਉਪਰ ਪਹਿਲੇ ਸਮਾਲੋਚਕ ਲੇਖ ਸਨ। ਇਸ ਤੋਂ ਮਗਰੋਂ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਕਸੇਲ ਅਤੇ ਸ੍ਰ: ਮਹਿੰਦਰ ਸਿੰਘ ਨੁਸ਼ਹਿਰਾ ਨੇ ਵੀ ਏਸੇ ਨਜ਼ਰੀਏ ਤੋਂ **ਸਾਹਿਤ ਸਮਾਚਾਰ** ਵਿਚ ਸ੍ਰ: ਗੁਰਬਖਸ਼ ਸਿੰਘ ਉਪਰ ਲਿਖਿਆ। ਇਸ ਦੇ ਨਾਲ ਇਹ ਵੀ ਠੀਕ ਹੈ ਕਿ **ਇਸ ਬਹਿਸ ਨੂੰ ਲੁੜੀਂਦੀ ਹੱਦ ਤਕ ਚਲਾਇਆ ਨਹੀਂ ਗਿਆ।**"[2]

ਆਜ਼ਾਦ ਸਾਹਿਬ ਮੰਨਦੇ ਹਨ ਕਿ "ਇਸ ਬਹਿਸ ਨੂੰ ਲੁੜੀਂਦੀ ਹੱਦ ਤੱਕ ਚਲਾਇਆ ਨਹੀਂ ਗਿਆ।" ਕਿਉਂ ਨਹੀਂ ਚਲਾਇਆ ਗਿਆ? ਇਸ ਦਾ ਉਤਰ ਮੇਰੀ ਸਮਝ ਵਿਚ ਇਸ ਪ੍ਰਕਾਰ ਹੈ : ਗੁਰਬਖਸ਼ ਸਿੰਘ ਬਾਰੇ ਸਮਾਲੋਚਨਾ ਸ਼ੁਰੂ ਕਰਨ ਵਾਲੇ **'ਲਾਲ ਕਮਿਊਨਿਸਟ ਪਾਰਟੀ'** ਨਾਲ ਸੰਬੰਧ ਰਖਣ ਵਾਲੇ ਸਨ।[3] 1952 ਵਿਚ ਜਦ 'ਲਾਲ ਕਮਿਊਨਿਸਟ ਪਾਰਟੀ' ਤੋੜ ਕੇ **ਭਾਰਤੀ ਕਮਿਊਨਿਸਟ ਪਾਰਟੀ** ਵਿਚ ਮਿਲਾ ਦਿਤੀ ਗਈ (ਜਿਸ ਨੂੰ ਲਾਲ ਕਮਿਊਨਿਸਟ "ਸੱਜੀ" ਜਾਂ "ਚਿੱਟੀ" ਪਾਰਟੀ ਕਹਿੰਦੇ ਸਨ) ਤਾਂ ਇਸ ਦੇ ਪੰਜਾਬ ਸੂਬਾ ਕਮੇਟੀ ਦੀ ਲੀਡਰਸ਼ਿਪ ਦੇ ਗ਼ਲਬੇ ਹੇਠ ਹੋਣ ਕਰਕੇ ਇਹੀ ਲੇਖਕ ਆਪਣੀ ਪਾਈ ਹੋਈ ਪਿਰਤ ਨੂੰ ਅਗਾਂਹ ਨਹੀਂ ਤੋਰ ਸਕੇ। ਪ੍ਰੋ: ਸੰਤ ਸਿੰਘ ਸੇਖੋਂ ਵੀ (ਜੋ ਉਸ ਸਮੇਂ ਖਾਲਸਾ ਕਾਲਿਜ ਅੰਮ੍ਰਿਤਸਰ ਵਿਖੇ ਸਨ) ਭਾਵੇਂ ਇਸ ਗੱਲੋਂ ਬੜੇ ਨਾਰਾਜ਼ ਸਨ ਕਿ 'ਪ੍ਰੀਤ ਲੜੀ ਵਾਲੇ' ਉਹਨਾਂ ਦੀ ਕਹਾਣੀ ਆਪਣੇ ਪਰਚੇ ਵਿਚ ਨਹੀਂ ਸਨ ਛਾਪਦੇ; ਪਰ ਭਾਰਤੀ ਕਮਿਊਨਿਸਟ ਪਾਰਟੀ ਦੇ ਅਸਰ ਹੇਠ ਹੋਣ ਕਰਕੇ ਉਹਨਾਂ ਨੇ ਵੀ ਗੁਰਬਖਸ਼ ਸਿੰਘ ਬਾਰੇ ਅਜਿਹੀ ਸਮਾਲੋਚਨਾ ਕਰਨ ਤੋਂ ਸੰਕੋਚ ਕੀਤਾ ਜੋ ਲਾਲ ਪਾਰਟੀ ਵਾਲਿਆਂ ਨੇ ਸ਼ੁਰੂ ਕੀਤੀ ਸੀ। 'ਸਾਹਿਤ ਸਮਾਚਾਰ' ਦੇ ਇਸ ਵਿਸ਼ੇਸ਼ ਅੰਕ ਵਿਚ ਵੀ ਸੇਖੋਂ ਦਾ "ਗੁਰਬਖ਼ਸ਼ ਸਿੰਘ ਦੀ ਗੱਦ ਸ਼ੈਲੀ" ਬਾਰੇ ਲੇਖ ਮੁਖ ਤੌਰ 'ਤੇ ਉਸ ਦੀ ਪ੍ਰਸੰਸਾ ਵਿਚ ਹੀ ਹੈ।

1952 ਵਿਚ ਲਾਲ ਕਮਿਊਨਿਸਟ ਪਾਰਟੀ ਦੇ ਟੁਟਣ ਅਤੇ ਇਸ ਦੇ ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਬਾਅਦ ਵੀ ਦਸ ਸਾਲ ਤਕ ਇਸ ਦੀ ਸੂਬਾ ਕਮੇਟੀ ਵਿਚ ਅਜਿਹੀ ਲੀਡਰਸ਼ਿਪ ਭਾਰੂ ਸੀ ਜੋ ਮੁਖ ਤੌਰ 'ਤੇ "ਗੁਰਬਖਸ਼ ਸਿੰਘ ਨਿਵਾਜ਼" ਨਹੀਂ ਸੀ, ਪਰ 1962 ਤੋਂ ਪਿਛੋਂ ਜਦ ਪਾਰਟੀ ਦੇਸ਼ ਪਧਰ ਉਤੇ ਦੋ ਭਾਗਾਂ ਵਿਚ ਵੰਡੀ ਗਈ ਤਾਂ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਉਤੇ ਅਜਿਹਾ ਧੜਾ ਕਾਬਜ਼ ਹੋ ਗਿਆ ਜੋ ਮੁਖ ਤੌਰ 'ਤੇ ਗੁਰਬਖਸ਼ ਸਿੰਘ ਨਿਵਾਜ਼ ਸੀ। ਗੁਰਬਖਸ਼ ਸਿੰਘ ਪਹਿਲਾਂ ਹੀ ਸਮਾਜਵਾਦ ਵਲ ਜਾਂਦੇ ਪਾਰਲੀਮਾਨੀ ਜਨ-ਪਥ ਨੂੰ ਬੇਹਤਰ ਸਮਝਦਾ ਸੀ। ਸੋ ਜੋ ਜਤਨ 1951 ਤੋਂ 1961 ਤਕ ਗੁਰਬਖਸ਼ ਸਿੰਘ ਦੇ ਮੁਲ-ਆਂਕਣ ਲਈ ਸ਼ੁਰੂ

*ਜੇ ਸਾਡਾ ਚੇਤਾ ਉਕਦਾ ਨਹੀਂ ਤਾਂ ਗੁਰਬਖ਼ਸ਼ ਸਿੰਘ ਦੀ ਫਿਲਾਸਫ਼ੀ, ਜੀਵਨ ਜਾਚ ਅਤੇ ਲਿਖਤਾਂ ਦੀ ਮਾਰਕਸੀ ਦ੍ਰਿਸ਼ਟੀਕੋਨ ਤੋਂ ਪੁਣ ਛਾਣ ਕਰਨ ਵਾਲਾ ਇਕ ਲੇਖ ਗੁਰਵੇਲ ਸਿੰਘ ਪੰਨੂੰ ਦਾ 1948 ਜਾਂ 1949 ਵਿਚ ਹਫ਼ਤਾਵਾਰ ਪ੍ਰੇਮ-ਸੰਦੇਸ਼ ਵਿਚ ਛਪਿਆ ਸੀ। ਇਹ ਲੇਖ ਛਪਣ ਉਪਰੰਤ ਪਾਰਟੀ ਨੇਤਾਵਾਂ ਦੀ ਮੀਟਿੰਗ ਹੋਈ, ਜਿਸ ਵਿਚ ਪਰਚੇ ਦੇ ਮਾਲਕ ਉਤੇ ਅਤੇ ਸੰਪਾਦਕ ਪ੍ਰੀਤਮ ਸਿੰਘ ਪੰਛੀ ਉਤੇ ਦਬਾਅ ਪਾਇਆ ਗਿਆ ਕਿ ਇਸ ਲੇਖ ਦਾ ਬਾਕੀ ਅੱਧਾ ਹਿੱਸਾ ਪ੍ਰਕਾਸ਼ਤ ਨਾ ਕੀਤਾ ਜਾਵੇ। ਲੇਖਕ ਕੋਲ ਦੂਸਰੇ ਅੱਧ ਦੀ ਕਾਪੀ ਇਸ ਵਕਤ ਵੀ ਹੈ। ਜੇ ਕਿਸੇ ਸੱਜਣ ਕੋਲ ਪ੍ਰੇਮ-ਸੰਦੇਸ਼ ਵਿਚ ਛਪੇ ਹਿੱਸੇ ਦੀ ਕਾਪੀ ਹੋਵੇ ਤਾਂ ਉਸ ਦੀ ਨਕਲ ਸਾਨੂੰ ਭੇਜਣ ਦੀ ਕ੍ਰਿਪਾਲਤਾ ਕਰੇ। ਅਸੀਂ ਧੰਨਵਾਦੀ ਹੋਵਾਂਗੇ।—ਸੰਪਾਦਕ, ਸੇਧ

ਹੋਏ ਸਨ ਉਹ ਵਿਚੇ ਹੀ ਰਹਿ ਗਏ।[5] ਪ੍ਰੋ: ਸੰਤ ਸਿੰਘ ਸੇਖੋਂ ਵਿਚ ਅਜਿਹੀ ਯੋਗਤਾ ਸੀ ਕਿ ਉਹ ਇਸ ਪਾਸੇ ਵੱਲ ਤੁਰਦੇ, ਪਰ ਤੁਰ ਪਏ ਉਹ ਪ੍ਰੋ: ਕਿਸ਼ਨ ਸਿੰਘ ਨਾਲ ਸਿੰਗ ਅੜਾਉਣ ਵਲ।[6] ਪਿਛਲੇ ਵੀਹ-ਬਾਈ ਸਾਲਾਂ ਤੋਂ ਇਹ ਭੇਤ ਭਾਵੇਂ 'ਦੋ ਸੰਦਿਆਂ ਦਾ ਭੇੜ' ਕਰਕੇ ਪੰਜਾਬੀ ਸਮਾਲੋਚਨਾ ਦੇ ਖੇਤਰ ਵਿਚ ਪ੍ਰਸਿਧ ਰਿਹਾ ਹੈ, ਪਰ ਇਸ ਨਾਲ ਵਿਗਿਆਨਕ ਅਤੇ ਮਾਰਕਸਵਾਦੀ ਆਲੋਚਨਾ ਦੇ ਗੰਭੀਰ ਪਾਠਕਾਂ ਨੂੰ ਜ਼ਰੂਰ ਲਾਭ ਹੀ ਪੁਜਾ ਹੈ ਅਤੇ ਸਚਾਈ ਦੇ ਨਿੱਤਰਨ ਵਿਚ ਮਦਦ ਮਿਲੀ ਹੈ।

1962 ਤੋਂ ਪਿਛੋਂ ਪ੍ਰੋ: ਕਿਸ਼ਨ ਸਿੰਘ ਹੀ ਅਜਿਹਾ ਆਲੋਚਕ ਹੋਇਆ ਹੈ ਜਿਸ ਨੇ ਗੁਰਬਖਸ਼ ਸਿੰਘ ਦੀ ਕਿਰਤ 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ' ਦੀ ਵਿਸਥਾਰ ਵਿਚ ਸਮਾਲੋਚਨਾ ਕਰਦੇ ਹੋਏ ਗੁਰਬਖਸ਼ ਸਿੰਘ ਬਾਰੇ 1951-52 ਵਿਚ ਪਾਈ ਹੋਈ ਪਿਰਤ ਨੂੰ ਅਗਾਂਹ ਤੋਰਨ ਦੀ ਦਲੇਰੀ ਕੀਤੀ।[7] ਇਸ ਲੇਖ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਕ ਪੁਸਤਕ ਨੂੰ ਹੀ ਆਧਾਰ ਬਣਾ ਕੇ ਗੁਰਬਖਸ਼ ਸਿੰਘ ਦੇ ਸਾਹਿਤਕ ਨਜ਼ਰੀਏ ਅਤੇ 'ਪ੍ਰੀਤ ਫਲਸਫ' ਦੀ ਭਰਪੂਰ ਸਮੀਖਿਆ ਕੀਤੀ ਗਈ ਹੈ, ਜਦ ਕਿ ਪਹਿਲੇ ਲੇਖਾਂ ਵਿਚ ਗੁਰਬਖਸ਼ ਸਿੰਘ ਦੇ ਜੀਵਨ ਤੇ ਰਚਨਾਵਾਂ ਬਾਰੇ ਹੀ ਸਰਬਾਂਗੀ ਜਹੀ ਆਲੋਚਨਾ ਹੁੰਦੀ ਸੀ। ਪੰਝੀ ਸਾਲ ਪਹਿਲਾਂ ਸ਼ੁਰੂ ਹੋਈ ਅਜਿਹੀ ਅਲੋਚਨਾ ਦੀਆਂ ਕੁਝ ਟੁਕੜੀਆਂ 'ਸਾਹਿਤ ਸਮਾਚਾਰ' ਦੇ "ਗੁਰਬਖਸ਼ ਸਿੰਘ ਅੰਕ" ਵਿਚੋਂ ਪਾਠਕਾਂ ਦੀ ਦਿਲਚਸਪੀ ਅਤੇ ਜਾਣਕਾਰੀ ਖਾਤਰ ਹੇਠਾਂ ਦਿਤੀਆਂ ਜਾਂਦੀਆਂ ਹਨ :—

(1) ਜੀਵਨ ਸਿੰਘ ਆਪਣੇ ਲੇਖ "ਗੁਰਬਖਸ਼ ਸਿੰਘ-ਵਾਸ਼ਿੰਗਟਨ ਤੋਂ ਮਾਸਕੋ" ਵਿਚ ਲਿਖਦੇ ਹਨ : "ਅਮਰੀਕਾ ਦੀ ਸਾਵੀਂ ਸੁਧਰੀ ਜ਼ਿੰਦਗੀ, ਉਥੋਂ ਦੀ ਰਹਿਣੀ-ਬਹਿਣੀ ਦਾ ਉਚਾ ਮਿਆਰ ਤੇ ਕੱਜੀ-ਪੁੱਜੀ ਸ਼ਖਸੀਅਤ ਦੀ ਸੰਪੂਰਨ ਸੰਤੁਸ਼ਟਤਾ ਹੀ ਅਸਲ ਵਿਚ ਗੁਰਬਖਸ਼ ਸਿੰਘ ਦੇ ਆਦਰਸ਼ਾਂ ਦਾ ਆਧਾਰ ਸੀ ਤੇ ਇਹਨਾਂ ਦਾ ਮੂਲ ਉਥੇ ਦੀ ਆਰਥਕਤਾ ਸੀ। ਪਰ ਗੁਰਬਖਸ਼ ਸਿੰਘ ਇਸ ਤੋਂ ਅਨਜਾਣ, ਆਪਣੇ ਆਦਰਸ਼ਾਂ ਦੀ ਮਘਦੀ ਜੀਵਨ-ਚੰਗਿਆੜੀ ਲਈ ਏਥੋਂ ਦੇ ਕਕਰਾਏ ਤੇ ਬੇਹਿੱਸ ਚੌਗਿਰਦੇ ਨੂੰ ਗਰਮਾਉਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ...ਪ੍ਰੀਤ ਨਗਰ ਦੀ ਉਸਾਰੀ ਦੀਆਂ ਵਿਉਂਤਾਂ ਨੂੰ ਗੁਰਬਖਸ਼ ਸਿੰਘ ਨੇ 'ਪ੍ਰੀਤ ਲੜੀ' ਰਾਹੀਂ ਪੂਰੀ ਟਿੱਲ ਲਾ ਕੇ ਪਰਚਾਰਿਆ। ਉਹਦਾ ਇਹ ਪਰਚਾਰ ਵੀ ਬਹੁਤਾ ਕਰਕੇ ਸਾਡੀ ਰਹਿਣੀ-ਬਹਿਣੀ ਵਿਚ ਅਮਰੀਕਨ ਕਿਸਮ ਦੀ ਉਪਰੀ ਲਿਸ਼ਕ-ਪੁਸ਼ਕ ਕਰ ਦੇਣ ਦੇ ਅਸਫਲ ਜਤਨ ਹੁੰਦੇ ਸਨ। ਮਾਂਜਵੀਂ ਤੇ ਲਿਸ਼ਕਵੀਂ ਵਾਕ-ਬਣਤਰ ਦੇ ਹੇਠ ਸਵੈ-ਪੂਰਨਤਾ ਦੀ ਲਗਨ ਤੇ ਸ਼ਖਸੀਅਤ-ਉਸਾਰੀ ਦੇ ਬੁਨਿਆਦੀ ਗੁਰ ਹੁੰਦੇ ਸਨ...

"ਗੁਰਬਖਸ਼ ਸਿੰਘ ਦੀਆਂ ਪਹਿਲੀਆਂ ਲਿਖਤਾਂ ਜਨਤਕ ਪੱਧਰ ਦੇ ਪਾਠਕਾਂ ਨੂੰ ਰਤਾ ਜਿੰਨਾ ਵੀ ਲਾਭ ਨਾ ਪੁਚਾ ਸਕੀਆਂ। ਆਰਥਕ ਮੰਦਵਾੜੇ ਦੇ ਭੰਨੇ ਹੋਏ ਲੋਕਾਂ ਨੂੰ ਇਹਨਾਂ ਦੀਆਂ ਜੀਵਨ-ਉਚਿਆਊ ਵਿਉਂਤਾਂ ਕਿਸ ਤਰ੍ਹਾਂ ਤਸੱਲੀ ਦੇ ਸਕਦੀਆਂ ਸਨ ? ਨਤੀਜਾ ਇਹ ਹੋਇਆ ਕਿ ਸਾਧਾਰਣ ਪਾਠਕ 'ਪ੍ਰੀਤ ਲੜੀ' ਨਾਲੋਂ ਆਪਣਾ ਨਾਤਾ ਤੋੜਦੇ ਗਏ। ਕੇਵਲ ਦਰਮਿਆਨੇ ਦਰਜੇ ਦੇ ਪਾਠਕ ਜਿਨ੍ਹਾਂ ਕੋਲ ਪ੍ਰੀਤ ਨਗਰ ਜਾ ਕੇ ਪ੍ਰੀਤ-ਮਿਲਣੀਆਂ ਮਾਨਣ ਲਈ ਵਿਹਲ ਤੇ ਮਾਇਆ ਸੀ, ਗੁਰਬਖਸ਼ ਸਿੰਘ ਦੇ ਪੂਰਨ ਸ਼ਰਧਾਲੂ ਬਣੇ ਰਹੇ। ਉਸ ਸਮੇਂ ਹੀ ਪ੍ਰੀਤ-ਸੈਨਾ ਤੇ ਪ੍ਰੀਤ-ਮੰਡਲ ਆਦਿ ਵੀ ਅਮਰੀਕਾ ਦੀਆਂ ਆਜ਼ਾਦ ਸੋਸਾਇਟੀਆਂ ਦੀ ਪਰੇਰਨਾ ਦੇ ਅਧੀਨ ਹੀ ਵਜੂਦ ਵਿਚ ਆਏ ਸਨ। ਪ੍ਰੀਤ-ਨਗਰ ਤੇ ਪ੍ਰੀਤ-ਸੈਨਾ ਦਾ ਹੁਸੀਨ ਤਸੱਵਰ ਤੇ ਚਟਕੀਲਾ ਬਿਆਨ ਦੂਰ ਦੇ ਪਰਦੇਸੀ ਪੰਜਾਬੀਆਂ ਲਈ ਪੂਰੀ ਖਿੱਚ ਪੈਦਾ ਕਰਨ ਵਿਚ ਸਫਲ ਰਿਹਾ ਸੀ। ਉਹਨਾਂ ਲਈ ਪੰਜਾਬ



ਦੇ ਚੁਗਿਰਦੇ ਵਿਚ ਪ੍ਰੀਤ-ਨਗਰ ਦੀ ਸੁਰਗੀ ਰਚਨਾ ਇਕ ਚਮਤਕਾਰ ਸੀ। ਉਸ ਦੇ ਅਧੀਨ ਉਹਨਾਂ ਨੇ ਗੁਰਬਖਸ਼ ਸਿੰਘ ਦੀਆਂ ਮਹਿੰਗੀਆਂ ਵਿਉਂਤਾਂ ਅਨੁਸਾਰ ਆਪਣਾ ਸਰਮਾਇਆ ਪ੍ਰੀਤ ਨਗਰ ਦੀ ਉਸਾਰੀ ਵਿਚ ਖਰਚ ਕੀਤਾ। ਕਈਆਂ ਸਨੇਹੀਆਂ ਨੇ ਤਾਂ ਇਹਨਾਂ ਵਿਉਂਤਾਂ ਨੂੰ ਸਿਰੇ ਚਾੜ੍ਹਨ ਵਿਚ ਆਪਣੀ ਵਿਤੋਂ-ਬਾਹਰੀ ਮਿਲਵਰਤਣ ਵੀ ਦਿਤੀ...

"ਭਾਵੇਂ ਕਹਿਣ ਨੂੰ ਤਾਂ ਗੁਰਬਖਸ਼ ਸਿੰਘ ਮਾਸਕੋ ਜਾ ਕੇ ਮੁੜ ਆਇਆ ਹੈ, ਪਰ ਅਜੇ ਤਕ ਉਸ ਦੀ ਜ਼ਹਿਨੀਅਤ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਆਈ। ਅਮਰੀਕਨ ਪ੍ਰਭਾਵਾਂ ਤੋਂ ਉਹ ਅਜ ਵੀ ਬਰੀ ਨਹੀਂ ਹੋ ਸਕਿਆ...ਅਜ ਉਹ ਖਾਸੇ ਤਕੜੇ ਜ਼ਿਮੀਂਦਾਰ ਦੀ ਜ਼ਿੰਦਗੀ ਬਿਤਾ ਰਿਹਾ ਹੈ। ਚੰਗੀ ਚੋਖੀ ਜ਼ਮੀਨ ਤੇ ਕਾਮਿਆਂ ਦੀ ਮੁਸ਼ੱਕਤ ਦੇ ਆਸਰੇ ਇਸ ਨੇ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਲਿਆ ਹੈ...ਜੇ ਕੋਈ ਇਸ ਦਾ ਪੁਰਾਣਾ ਪ੍ਰੀਤ-ਸਨੇਹੀ ਭੁਲਿਆ-ਭਟਕਿਆ ਪ੍ਰੀਤ-ਨਗਰ ਨੂੰ ਦੇਖਣ ਦੀ ਲਾਲਸਾ ਦੇ ਅਧੀਨ ਤੇ ਪ੍ਰੀਤ-ਨਗਰ ਦੀ ਉਸਾਰੀ ਵਿਚ ਲਗੇ ਆਪਣੇ ਸਰਮਾਏ ਨੂੰ ਮੁੜ ਪ੍ਰਾਪਤ ਕਰਨ ਦੀ ਇਛਾ ਨਾਲ ਜਾਂਦਾ ਵੀ ਹੈ, ਤਾਂ ਉਥੇ ਉਸ ਨਾਲ ਇਹੋ ਜਿਹਾ ਰਵੱਈਆ ਇਖ਼ਤਿਆਰ ਕੀਤਾ ਜਾਂਦਾ ਹੈ ਕਿ ਉਹ ਮੁੜ ਉਥੇ ਜਾਣ ਦਾ ਖ਼ਿਆਲ ਤਕ ਨਹੀਂ ਕਰ ਸਕਦਾ। ਕਈ ਕਈ ਦਿਨਾਂ ਤਕ ਉਹ 'ਪ੍ਰੀਤ ਸਨੇਹੀ' ਗੁਰਬਖਸ਼ ਸਿੰਘ ਦੇ ਟੱਬਰ ਲਈ ਖਾਣੇ ਦੀ ਮੇਜ਼ 'ਤੇ ਠੱਠੇ-ਮਖੌਲ ਦਾ ਮਜ਼ਮੂਨ ਬਣਿਆ ਰਹਿੰਦਾ ਹੈ...ਜਦ ਗੁਰਬਖਸ਼ ਸਿੰਘ ਆਪਣੀਆਂ ਲਿਖਤਾਂ ਰਾਹੀਂ ਸਮਾਜਵਾਦੀ ਹੋਣ ਦੀਆਂ ਦਲੀਲਾਂ ਦੇਂਦਾ ਹੈ ਤਾਂ ਪੜਚੋਲੀਏ ਉਸ ਦੇ ਅਮਲ ਤੇ ਜ਼ਹਿਨੀਅਤ, ਕਹਿਣੀ ਤੇ ਕਰਨੀ ਨੂੰ ਪਰਖ ਕੇ ਇਕਬਾਲ ਦਾ ਇਹ ਸ਼ੇਅਰ ਬਾਰ ਬਾਰ ਕਹਿਣ 'ਤੇ ਮਜਬੂਰ ਹੋ ਜਾਂਦੇ ਹਨ :

ਇਕਬਾਲ ਬੜਾ ਉਪਦੇਸ਼ਕ ਹੈ, ਬਾਤੋਂ ਸੇ ਮਨ ਮੋਹ ਲੇਤਾ ਹੈ
ਗੁਫਤਾਰ ਕਾ ਗਾਜ਼ੀ ਬਨ ਤੋ ਗਿਆ, ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।[8]

(2) ਕਿਰਪਾਲ ਸਿੰਘ ਆਜ਼ਾਦ ਆਪਣੇ ਲੇਖ "ਗੁਰਬਖਸ਼ ਸਿੰਘ ਪ੍ਰੀਤ ਲੜੀ, ਇਕ ਕਮਿਊਨਿਸਟ ਦੇ ਰੂਪ ਵਿਚ" ਵਿਚ ਕਹਿੰਦੇ ਹਨ :

"...ਮਧ-ਸ਼੍ਰੇਣੀ ਦੇ ਪਾਰਟੀ ਹਮਦਰਦ ਆਪਣੇ ਸਾਹਿਤਕ ਤੇ ਸੁਹਜ-ਸੁਆਦਾਂ ਲਈ ਪ੍ਰੀਤ-ਪਾਠਕ ਬਣਦੇ ਰਹੇ ਹਨ ਤੇ ਇਹ ਦੋਵੇਂ ਅਨਸਰ ਪ੍ਰੀਤ-ਲੜੀ ਤੇ ਸ੍ਰ: ਗੁਰਬਖਸ਼ ਸਿੰਘ ਸੰਬੰਧੀ ਅਜਿਹਾ ਵਤੀਰਾ ਧਾਰਦੇ ਰਹੇ ਹਨ ਜੋ ਗਲਤ ਜਾਂ ਭੈੜਾ ਭਾਵੇਂ ਨਾ ਹੀ ਕਿਹਾ ਜਾ ਸਕੇ, ਪਰ ਅਸਲ ਤੋਂ ਵਧ ਆਸ਼ਾਵਾਦੀ ਜ਼ਰੂਰ ਸੀ...ਇਸ ਲਈ ਭੁਲਣਾ ਨਹੀਂ ਚਾਹੀਦਾ ਕਿ ਲਹਿਰ ਨਾਲ ਉਸ ਦਾ ਮਿਲਾਪ ਕਿਸੇ ਹੱਦ ਤਕ ਆਪਣੇ ਜੀਵਨ ਦੀ ਕਿਸੇ ਜਦੋ-ਜਹਿਦ ਵਿਚੋਂ ਨਹੀਂ, ਸਾਹਿਤਕ ਸਰਦਾਰੀ ਦੀ ਸੂਖਮ, ਭਾਵੇਂ ਈਮਾਨਦਾਰ, ਚੇਤ-ਅਚੇਤ ਚਾਹ ਵਿਚੋਂ ਪੈਦਾ ਹੋਇਆ ਸੀ...ਫਰਵਰੀ 1951 ਦਾ ਐਡੀਟੋਰੀਅਲ "ਛਡੋ ਗੱਲ ਕਟਿਅਨ ਦਾ ਸੰਗ" ਕਾਮਨਵੈਲਥ ਸੰਬੰਧੀ ਹੈ...ਗੁਰਬਖਸ਼ ਸਿੰਘ ਦਾ ਉਪਰੋਕਤ ਲੇਖ ਪੰਡਤ ਨਹਿਰੂ ਸੰਬੰਧੀ ਢੇਰ ਆਸਾਂ ਬੰਨ੍ਹਦਾ ਹੈ। ਉਸ ਨੂੰ ਯਕੀਨ ਹੈ ਪੰਡਤ ਜੀ ਫ਼ੈਸਲੇ ਦੀ ਘੜੀ ਵੇਲੇ ਕਦੀ ਅਮਰੀਕਾ ਦੇ ਨਾਲ ਨਹੀਂ ਹੋ ਸਕਣਗੇ। ਤੇ ਉਹ ਪੰਡਤ ਨਹਿਰੂ ਨੂੰ ਇਸ ਮਾਣ ਤੇ ਦਾਈਏ ਨਾਲ ਹੌਂਸਲਾ ਦੇਂਦਾ ਤੇ ਥਾਪੜਦਾ ਹੈ, ਜਿਵੇਂ ਅਤਿ ਦੁਚਿਤੀ ਵਿਚ ਪਏ ਪ੍ਰਧਾਨ ਮੰਤਰੀ ਨੂੰ ਇਸ ਥਾਪੀ ਦੀ ਲੋੜ ਹੋਵੇ...ਉਸ ਲੇਖ ਵਿਚ ਹਕੂਮਤ ਦੇ ਖਾਸੇ ਸੰਬੰਧੀ ਭਾਵੇਂ ਸ੍ਰ: ਗੁਰਬਖਸ਼ ਸਿੰਘ ਨੇ ਸਿਧੇ ਤੌਰ 'ਤੇ ਕੁਝ ਨਹੀਂ ਲਿਖਿਆ, ਪਰ ਇਕੱਲੇ ਪ੍ਰਧਾਨ ਮੰਤਰੀ ਵਲ ਉਹਨਾਂ ਦੀਆਂ ਅਪੀਲਾਂ ਤੇ ਹੌਂਸਲੇ-ਭਰੇ ਵਤੀਰੇ ਤੋਂ ਇੰਜ ਪਤਾ ਲਗਦਾ ਹੈ ਜਿਵੇਂ ਉਹ (ਨਹਿਰੂ) ਕੈਬਨਟ

ਤੇ ਰਾਜ-ਸੱਤਾ ਤੋਂ ਅੱਡ ਕੋਈ ਵਿਅਕਤੀ ਹੈ।...

"ਸ: ਗੁਰਬਖ਼ਸ਼ ਸਿੰਘ ਨੇ ਅਰਥ-ਸ਼ਾਸਤਰ ਸਬੰਧੀ ਸਿਧਾ ਕੁਝ ਨਹੀਂ ਲਿਖਿਆ, ਪਰ ਰਾਜਨੀਤਕ ਲੇਖਾਂ ਦੇ ਵਿਚ ਜਿਥੇ ਕਿਤੇ ਆਰਥਕ ਪਾਸਾ ਆਉਂਦਾ ਹੈ, ਉਥੇ ਉਸ ਦੀ ਸਮਝਾਉਣੀ ਸਾਇੰਟਿਫਿਕ ਤੋਂ ਵਧ ਰੁਮਾਂਟਿਕ, ਧੁੰਦਲੀ ਤੇ ਚਿੰਨ੍ਹਵਾਦੀ ਹੋ ਜਾਂਦੀ ਹੈ, ਜਿਵੇਂ 'ਖੁਸ਼ੀ ਖੁਸ਼ਹਾਲੀ ਕਿਉਂ ਘਾਟਿਆਂ ਵਿਚ" (ਅਕਤੂਬਰ 1951) ਅਤੇ 'ਮੰਦਵਾੜੇ ਤੋਂ ਛੁਟਕਾਰੇ ਦਾ ਰਾਹ' (ਅਪਰੈਲ 1952)...

"ਕਮਿਊਨਿਸਟ ਲੇਖਕ ਆਪਣੀਆਂ ਕਿਰਤਾਂ ਰਾਹੀਂ ਜਨਤਾ ਦਾ ਮਾਨਸਕ ਏਕਾ ਹੀ ਨਹੀਂ ਕਰਾਉਂਦਾ, ਸਗੋਂ ਆਪ ਵੀ ਜਥੇਬੰਦ ਹੁੰਦਾ ਹੈ। ਇਸ ਪਾਸੇ ਸ: ਗੁਰਬਖਸ਼ ਸਿੰਘ ਨੇ ਕਮਿਊਨਿਸਟ ਸਰਗਰਮੀ ਵਲ ਕਦੇ ਧਿਆਨ ਨਹੀਂ ਦਿੱਤਾ। ਲੇਖਕ ਨੂੰ 'ਕੁਲ-ਹਿੰਦ ਅਮਨ ਕਾਨਫ੍ਰੰਸ', ਜਲੰਧਰ 'ਤੇ ਆਏ ਸਾਹਿਤਕਾਰਾਂ ਦੀ ਇਕ ਗੈਰ-ਰਸਮੀ ਮੀਟਿੰਗ ਯਾਦ ਹੈ ਜਿਸ ਵਿਚੋਂ ਸ: ਗੁਰਬਖ਼ਸ਼ ਸਿੰਘ ਆਲੋਚਕ ਫਿਜ਼ਾ ਤੋਂ ਝੁੰਜਲਾ ਕੇ, ਤੇ ਇਸ ਝੁੰਜਲਾਹਟ ਨੂੰ ਰਹਿਸਅਕ ਸ਼ਬਦਾਂ ਵਿਚ ਪ੍ਰਗਟਾ ਕੇ ਚਲੇ ਗਏ ਸਨ।...

"ਅਖੀਰ 'ਤੇ ਸਿਧਾਂਤਕ, ਸਾਹਿਤਕ, ਜਥੇਬੰਦਕ ਤੇ ਸ਼ਖਸੀ ਪਾਸਿਆਂ ਤੋਂ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਸ: ਗੁਰਬਖ਼ਸ਼ ਸਿੰਘ ਕਮਿਊਨਿਸਟ ਸਾਹਿਤਕਾਰ ਨਹੀਂ। ਭਾਵੇਂ ਉਸ ਨੇ ਅਮਨ-ਲਹਿਰ, ਤੇ ਖਾਸ ਕਰ ਸਾਹਿਤ ਰਾਹੀਂ ਵਿਆਪਕ ਹਾਲਾਤ ਉਤੇ ਅਜਿਹਾ ਤੇ ਏਨਾਂ ਅਸਰ ਪਾਇਆ ਹੈ, ਜਿਹੜਾ ਆਪਣੀ ਥਾਂ ਮਹਾਨ ਹੈ। ਕਮਿਊਨਿਸਟ ਬਣਨ ਲਈ ਸ: ਗੁਰਬਖ਼ਸ਼ ਸਿੰਘ ਨੂੰ ਸਿਧਾਂਤਕ, ਜਥੇਬੰਦਕ ਤੇ ਸ਼ਖਸੀ ਪਾਸਿਆਂ ਤੋਂ ਆਪਣੇ ਪਿਛੋਕੜ ਨਾਲੋਂ ਆਪਣਾ ਤਿਣਕਾ ਬਿਲਕੁਲ ਤੋੜਨ ਤੇ ਇਸ ਦੀ ਰਹਿੰਦ ਖੂੰਹਦ ਤੋਂ ਆਪਣੇ ਆਪ ਨੂੰ ਸਾਫ਼ ਕਰਨ ਦੀ ਢੇਰ ਲੋੜ ਹੈ।"[9]

(3) ਡਾ: ਤ੍ਰਿਲੋਚਨ ਸਿੰਘ ਨੇ ਆਪਣੇ ਲੇਖ ਗੁਰਬਖਸ਼ ਸਿੰਘ ਦੀ ਸਾਹਿਤ-ਕਲਾ ਤੇ ਲਿਖਣ ਸ਼ੈਲੀ' ਵਿਚ ਕਿਹਾ ਹੈ ਕਿ ਚੰਗਾ ਹੁੰਦਾ ਜੇ ਉਹ ਕੇਵਲ ਸਾਹਿਤ ਹੀ ਰਚਦਾ ਅਤੇ ਫਲਾਸਫਰ ਬਣਨ ਦੀ ਕੋਸ਼ਿਸ਼ ਨਾ ਕਰਦਾ, ਕਿਉਂਕਿ "ਗੁਰਬਖਸ਼ ਸਿੰਘ ਫਿਲਾਸਫਰ ਨਹੀਂ ਸੀ, ਨਾ ਹੀ ਹੁਣ ਫਿਲਾਸਫਰ ਹੈ। ਉਸ ਦੀਆਂ ਲਿਖਤਾਂ ਤੋਂ ਜਾਪਦਾ ਹੈ ਕਿ ਉਸ ਨੇ ਪੂਰਬ ਤੇ ਪੱਛਮ ਦੇ ਦੇਸਾਂ ਦਾ ਤੇ ਉਹਨਾਂ ਦੇ ਸਮਾਜਾਂ ਦਾ ਨੇੜਿਉਂ ਜ਼ਰੂਰ ਮੁਤਾਲਿਆ ਕੀਤਾ ਹੈ, ਪਰ ਉਸ ਨੇ ਕਿਸੇ ਵੀ ਪੂਰਬ ਜਾਂ ਪੱਛਮ ਦੇ ਫਲਸਫੇ ਦਾ ਮੁਤਾਲਿਆ ਪੂਰੇ ਤੌਰ 'ਤੇ ਨਹੀਂ ਕੀਤਾ।...

"ਗੁਰਬਖਸ਼ ਸਿੰਘ ਨੇ ਯਥਾਰਥਵਾਦ ਤੇ ਪ੍ਰਗਤੀਵਾਦ ਦਾ ਭੀ ਚੋਗਾ ਪਹਿਨਿਆ, ਪਰ ਉਸ ਦਾ ਦ੍ਰਿਸ਼ਟੀਕੋਣ ਅੱਜ ਭੀ ਪਾਰਖੂ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਰੁਮਾਂਟਿਕ ਆਦਰਸ਼ਵਾਦ ਹੈ। ਉਸ ਨੇ ਆਪਣਾ ਆਦਰਸ਼ ਦਿਮਾਗੀ ਤੌਰ 'ਤੇ ਬਦਲ ਲਿਆ ਹੈ, ਪਰ ਯਥਾਰਥਵਾਦ ਅਤੇ ਪ੍ਰਗਤੀਵਾਦ ਅਜੇ ਭੀ ਉਸ ਦੇ ਮਾਨਸਕ ਚੋਗੇ ਹੀ ਹਨ, ਉਸ ਦੀਆਂ ਰੁਚੀਆਂ ਦਾ ਪ੍ਰਗਟਾ ਅਜੇ ਭੀ ਰੁਮਾਂਟਿਕ-ਆਦਰਸ਼ਵਾਦ ਹੈ। ਮਾਰਕਸਵਾਦ ਵੱਲ ਝੁਕਾਉ ਤੇ ਇਸ ਦੀ ਬੇਪਰਤੀਤ ਅਪਣੱਤ ਉਸ ਲਈ ਐਸਾ ਰੁਮਾਂਸ ਹੈ ਜਿਸ ਲਈ ਉਹ ਡਾਨ-ਕਿਗਹਾਟ (Don Quixote) ਵਾਂਗ ਅੱਜ ਵੀ ਜਾਨ ਦੇ ਸਕਦਾ ਹੈ। ਉਸ ਦੀ ਨੀਅਤ ਉਤੇ ਸ਼ੱਕ ਕਰਨਾ ਗ਼ਲਤੀ ਹੈ। ਨੀਅਤਨ ਉਹ ਮਾਰਕਸਵਾਦੀ ਹੈ, ਪਰ ਫਿਤਰਨ ਨਹੀਂ।

"ਜਦ ਗੁਰਬਖ਼ਸ਼ ਸਿੰਘ ਆਪਣੀ ਮਾਨਸਕ ਪ੍ਰਕਿਰਤੀ ਤੇ ਸ਼ਖਸੀਅਤ ਲਈ ਨਿਸ਼ਕਪਟ (sincere)



ਸੀ ਤਾਂ ਉਹ ਪਾਠਕਾਂ ਨੂੰ ਕਿਸੇ ਨਿਸ਼ਕਪਟ ਵਿਸ਼ਵਾਸ (sincere faith) ਵਿਚ ਨਹੀਂ ਪਰੋ ਸਕਿਆ। ਅੱਜ ਜਦ ਉਹ ਪਾਠਕਾਂ ਨੂੰ ਇਕ ਨਿਸ਼ਚਿਤ ਫਲਸਫਾ ਦੇ ਰਿਹਾ ਹੈ, ਤਾਂ ਸਾਫ਼ ਨਜ਼ਰ ਆਉਂਦਾ ਹੈ ਕਿ ਗੁਰਬਖਸ਼ ਸਿੰਘ ਆਪਣੀ ਮਾਨਸਕ ਪ੍ਰਕ੍ਰਿਤੀ ਦੇ ਪ੍ਰਤਿਕੂਲ ਜਾ ਰਿਹਾ ਹੈ। ਆਪਣੇ ਆਪ ਨਾਲ ਵਫ਼ਾ ਨਹੀਂ ਕਮਾ ਰਿਹਾ।...

"ਗੁਰਬਖਸ਼ ਸਿੰਘ ਦਾ ਜੀਵਨ-ਦ੍ਰਿਸ਼ਟੀਕੋਣ ਪਾਠਕਾਂ ਨੂੰ ਕਦੀ ਵੀ ਸਪੱਸ਼ਟ ਨਹੀਂ ਹੋ ਸਕਿਆ। ਇਸ ਅਸਪਸ਼ਟਤਾ ਦਾ ਕਾਰਨ ਇਹ ਵੀ ਹੈ ਕਿ ਗੁਰਬਖ਼ਸ਼ ਸਿੰਘ ਦੀ ਦਲੀਲ ਕਮਾਲ ਦੀ ਇਕ ਬੇਦਲੀਲੀ ਹੁੰਦੀ ਹੈ। ਉਸ ਵਿਚ ਹਮੇਸ਼ਾ ਇਕ ਗੁਝਾ ਭਰਮ-ਭੁਲਾਵਾ (fallacy) ਹੁੰਦਾ ਹੈ। ਇਹ ਭਰਮ-ਭੁਲਾਵਾ ਹਮੇਸ਼ਾਂ ਸੂਖਮ ਸਵੈ-ਵਿਰੋਧ ਦੇ ਰੂਪ ਵਿਚ ਹੁੰਦਾ ਹੈ। ਇਹੀਓ ਕਾਰਨ ਹੈ ਕਿ ਉਸ ਦੇ ਕਈ ਇਕ ਖ਼ਿਆਲਾਂ ਨੂੰ ਪਾਠਕ ਨਹੀਂ ਸਮਝ ਸਕੇ। ਗੁਰਬਖ਼ਸ਼ ਸਿੰਘ ਭੀ ਉਨ੍ਹਾਂ ਖ਼ਿਆਲਾਂ ਨੂੰ ਮੁੜ ਮੁੜ ਨਵੇਂ ਲਫ਼ਜ਼ਾਂ ਦੇ ਲਪੇਟ ਵਿਚ ਪੇਸ਼ ਕਰਦਾ ਰਿਹਾ ਹੈ। ਇਹ ਭੀ ਜਾਣ-ਬੁਝ ਕੇ ਅਸਪਸ਼ਟ ਰਹਿਣ ਦੇ ਖ਼ਿਆਲ ਨਾਲ ਨਹੀਂ, ਬਲਕਿ ਪ੍ਰਬਲ ਰੁਮਾਂਟਿਕ ਰੁਚੀਆਂ ਦੇ ਅਧੀਨ।...

"ਅੱਜ ਉਹ ਆਪਣੀ ਲਿਖਤ ਵਿਚ ਜੋਸ਼ ਤੇ ਤੁਅਸਬ ਭਰ ਸਕਦਾ ਹੈ, ਪਰ ਉਸ ਵਿਚ ਜਾਨ ਨਹੀਂ ਹੁੰਦੀ, ਕਲਾ ਨਹੀਂ ਹੁੰਦੀ। ਮੇਰੀ ਨਿਗਾਹ ਵਿਚ ਦੋ ਹੀ ਲੇਖਕ ਹਨ ਜਿਨ੍ਹਾਂ ਨੇ ਸਿਧਾਂਤਕ ਪ੍ਰਾਪੇਗੰਡੇ ਨੂੰ ਭੀ ਮੁਖ ਰਖਿਆ ਅਤੇ ਕਲਾ ਦਾ ਅੰਸ਼ ਵੀ ਵਿਸ਼ੇਸ਼ ਰਖਿਆ, ਅਰ ਕਾਮਯਾਬ ਰਹੇ। ਪੰਜਾਬੀ ਵਿਚ ਭਾਈ ਵੀਰ ਸਿੰਘ ਹਨ ਅਤੇ ਉਰਦੂ ਵਿਚ ਸਰਦਾਰ ਜਾਫਰੀ।"[10]

ਡਾ: ਤ੍ਰਿਲੋਚਨ ਸਿੰਘ ਨੇ ਅੰਤ ਵਿਚ ਗੁਰਬਖ਼ਸ਼ ਸਿੰਘ ਦੀਆਂ ਪਹਿਲੇ ਦਸ ਸਾਲ ਦੀਆਂ ਲਿਖਤਾਂ (1933-43) ਦੇ ਹਾਂ-ਪੱਖੀ ਤੇ ਸਪੱਸ਼ਟ ਰੋਲ ਨੂੰ ਤੇ ਇਸ ਦੀਆਂ ਕੁਝ ਖੂਬੀਆਂ ਨੂੰ ਸਵੀਕਾਰ ਕੀਤਾ ਹੈ—ਉਸ ਸਮੇਂ ਦੀਆਂ ਜਦ ਕਿ ਅਜੇ ਉਸ ਨੇ ਮਾਰਕਸਵਾਦ ਦਾ ਚੋਲਾ ਨਹੀਂ ਸੀ ਪਹਿਨਿਆ। ਪਰ ਇਹ ਵੀ ਕਿਹਾ ਹੈ ਕਿ "ਗੁਰਬਖਸ਼ ਸਿੰਘ ਦੀ ਲਿਖਤ ਤੇ ਖਿਆਲ ਸਨ ਹੀ ਪੱਛਮੀ ਖ਼ਿਆਲਾਂ ਦੀ, ਪੱਛਮੀ ਸੁਭਾਵਾਂ ਦੀ ਤਰਜਮਾਨੀ। ਪੰਜਾਬੀ ਤੱਤ, ਪੰਜਾਬੀ ਆਲਾ-ਦੁਆਲਾ, ਪੰਜਾਬੀ ਰੂਹ ਉਹਨਾਂ ਵਿਚ ਅੱਜ ਤੱਕ ਨਹੀਂ ਆਈ।"[11]

(4) ਅਮਰਜੀਤ ਸਿੰਘ (ਡਾ:) ਆਪਣੇ ਲੇਖ 'ਗੁਰਬਖ਼ਸ਼ ਸਿੰਘ ਦੀ ਪੰਜਾਬੀ ਗਲਪ ਸਾਹਿਤ ਵਿਚ ਥਾਂ' ਵਿਚ ਲਿਖਦੇ ਹਨ : "ਗੁਰਬਖਸ਼ ਸਿੰਘ ਦੀਆਂ ਕਹਾਣੀਆਂ, ਕਿਉਂਕਿ ਆਪਣੇ ਸਿਧਾਂਤ ਦੀ ਪੂਰਤੀ ਮਗਰ ਤੁਰਦੀਆਂ ਹਨ, ਇਸ ਲਈ ਉਹਦੇ ਪਾਤਰਾਂ ਦਾ ਘੇਰਾ ਉਨਾਂ ਕੁ ਹੀ ਹੈ ਜਿੰਨੇ ਕੁ ਉਸ ਦੇ ਸਿਧਾਂਤ-ਖੇਤਰ ਵਿਚ ਆ ਸਕਦੇ ਹਨ। ਗੁਰਬਖ਼ਸ਼ ਸਿੰਘ ਦੇ ਪਾਤਰ ਟਾਈਪ-ਪਾਤਰ ਹੁੰਦੇ ਹਨ, ਜਿਨ੍ਹਾਂ ਦੇ ਜੀਵਨ ਤੇ ਵਾਤਾਵਰਨ ਵਿਚ ਕਿੰਨਾਂ ਵੀ ਕਿਉਂ ਨਾ ਫਰਕ ਹੋਵੇ, ਉਹ ਇਕੋ ਤਰੀਕੇ ਨਾਲ ਬੋਲਦੇ ਚਾਲਦੇ, ਇਕ ਦੂਸਰੇ ਦੀ ਸਹਾਇਤਾ ਕਰਦੇ, ਦਰਦ-ਮੰਦ, ਨਰਮ-ਦਿਲੇ ਅਤੇ ਰੱਜਵਾਂ ਪਿਆਰ ਰੱਖਣ ਵਾਲੇ ਹੁੰਦੇ ਹਨ। ਦੂਜੇ ਪਾਸੇ, ਉਹਦੇ ਦੁਖੀਏ ਪਾਤਰ ਵੀ ਈਰਖਾ ਦੀ ਅੱਗ ਵਿਚ ਸੜਦੇ, ਪਿਆਰ-ਭੁਖ ਨਾਲ ਲੂਸੇ, ਜਾਂ ਇਹਨਾਂ ਦੋਹਾਂ ਕਿਸਮਾਂ ਵਿਚਕਾਰ ਇਨ੍ਹਾਂ ਦੀ ਸਹਾਇਤਾ ਕਰਨ ਵਾਲੇ, ਜਾਂ ਇਨ੍ਹਾਂ ਦੇ ਰਸਤੇ ਵਿਚ ਰੁਕਾਵਟ ਬਣਨ ਵਾਲੇ ਹੁੰਦੇ ਹਨ। ਪਾਤਰਾਂ ਦੀ ਚੋਣ ਬਾਰੇ ਏਸ ਸੌੜੇ ਘੇਰੇ ਨੇ ਗੁਰਬਖ਼ਸ਼ ਸਿੰਘ ਦੇ ਕਈ ਵਖ ਵਖ ਕਹਾਣੀਆਂ ਦੇ ਪਾਤਰਾਂ ਵਿਚ ਹੈਰਾਨ ਕਰ ਦੇਣ ਵਾਲੀ ਸਮਤਾ ਪੈਦਾ ਕਰ ਦਿਤੀ ਹੈ।... ਗੁਰਬਖ਼ਸ਼ ਸਿੰਘ ਦੇ ਪਾਤਰ ਉਸ ਦੀ ਕਲਪਨਾ ਦੀ ਘਾੜਤ ਹੁੰਦੇ ਹਨ, ਨਾ ਕਿ ਜੀਵਨ ਵਿਚੋਂ ਲਏ ਗਏ, ਜਿਥੇ ਤੁਹਾਨੂੰ

ਕਦਮ ਕਦਮ 'ਤੇ ਨਵੇਂ ਤੋਂ ਨਵਾਂ ਪਾਤਰ ਮਿਲ ਸਕਦਾ ਹੈ। ਪਰ ਜੀਵਨ ਵਿਚੋਂ ਪਾਤਰ ਲਏ ਜਾਣ, ਤਾਂ 'ਪਿਆਰ' ਸਿਧਾਂਤ ਦੀ ਪੁਸ਼ਟੀ ਨਹੀਂ ਸੀ ਹੋ ਸਕਦੀ।''[12]

---

1. ਸਾਹਿਤ ਸਮਾਚਾਰ : ਗੁਰਬਖ਼ਸ਼ ਸਿੰਘ ਅੰਕ : ਦੂਜਾ ਸੰਸਕਰਨ, ਜਨਵਰੀ 1958, ਪੰਨਾ 174

2. ਉਪਰੋਕਤ, ਪੰਨਾ 30।

3. ਮੁਹਿੰਦਰ ਸਿੰਘ ਨੁਸ਼ਹਿਰਾ, ਜ਼ਿਲ੍ਹਾ ਅੰਮ੍ਰਿਤਸਰ ਦੀ ਲਾਲ ਕਮਿਊਨਿਸਟ ਪਾਰਟੀ ਦੇ ਲੀਡਰ ਸਨ। ਏਸੇ ਜ਼ਿਲ੍ਹੇ ਦੇ ਕਿਰਪਾਲ ਸਿੰਘ ਆਜ਼ਾਦ ਇਸ ਪਾਰਟੀ ਦੇ ਮੈਂਬਰ ਸਨ ਤੇ ਕਸੇਲ ਜੀ ਵੀ ਇਸ ਪਾਰਟੀ ਦੇ ਮੈਂਬਰ ਜਾਂ ਹਮਦਰਦ ਸਨ।

4. 1951 ਵਿਚ ਗੁਰਬਖ਼ਸ਼ ਸਿੰਘ ਪੰਜਾਬ ਅਮਨ ਕਮੇਟੀ ਦੇ ਪ੍ਰਧਾਨ ਸਨ ਅਤੇ ਸੰਤ ਸਿੰਘ ਸੇਖੋਂ ਜ਼ਿਲ੍ਹਾ ਅੰਮ੍ਰਿਤਸਰ ਅਮਨ ਕਮੇਟੀ ਦੇ ਪ੍ਰਧਾਨ ਸਨ। ਸੇਖੋਂ ਤੋਂ ਪਿਛੋਂ ਪ੍ਰੋ: ਮੋਹਨ ਸਿੰਘ ਇਸ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਬਣੇ। ਉਸ ਸਾਲ ਕੁਝ ਮਹੀਨੇ ਮੈਨੂੰ 'ਪੰਜ ਦਰਿਆ' ਮਾਸਿਕ ਵਿਚ 'ਸਾਹਿਤਕ ਚਰਚਾ ਦੇ ਪੰਨੇ' ਅਤੇ 'ਰਾਜਨੀਤਕ ਚਰਚਾ ਦੇ ਪੰਨੇ' ਲਿਖਣ ਦਾ ਅਵਸਰ ਪ੍ਰਾਪਤ ਹੋਇਆ। ਪ੍ਰੋ: ਮੋਹਨ ਸਿੰਘ ਨੇ ਇਕ ਵੇਰ ਕਿਹਾ ਸੀ, ''ਚੰਗੇ ਚੰਗੇ ਕਈ ਪੰਜਾਬੀ ਲੇਖਕਾਂ ਦੀਆ ਰਚਨਾਵਾਂ 'ਪ੍ਰੀਤ ਲੜੀ' ਵਿਚ ਛਪਦੀਆਂ ਹਨ, ਪਰ ਸੇਖੋਂ ਦੀ ਉਹ ਕੋਟੀ ਰਚਨਾ ਨਹੀਂ ਛਾਪਦੇ ਹਨ।''

5. 1956 ਵਿਚ ਪਿਆਰਾ ਸਿੰਘ ਸਹਿਰਾਈ 'ਅਤਰ ਚੰਦ ਕਪੂਰ' ਵਾਲਿਆਂ ਦੀ ਨੌਕਰੀ ਛੱਡ ਕੇ ''ਸੋਵੀਅਤ ਦੇਸ'' ਰਸਾਲੇ ਵਿਚ ਜਾ ਲਗੇ। ਸਹਿਰਾਈ ਜੀ ਦੀ ਖਾਲੀ ਹੋਈ ਥਾਂ ਉਤੇ ਆਜ਼ਾਦ ਸਾਹਿਬ ਦੀ ਨਿਯੁਕਤੀ ਹੋ ਗਈ। ਮੁਹਿੰਦਰ ਸਿੰਘ ਨੁਸ਼ਹਿਰਾ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਨਿੱਜੀ ਸਕੱਤਰ ਜਾ ਲੱਗੇ। ਕਿਰਪਾਲ ਸਿੰਘ ਕਸੇਲ ਨੂੰ ਪਹਿਲਾਂ ਹੀ ਸਰਕਾਰੀ ਕਾਲਜ ਵਿਚ ਨੌਕਰੀ ਮਿਲ ਗਈ ਸੀ।

6. ਕੁਝ ਲੇਖਕ ਤਾਂ ਸੇਖੋਂ ਜੀ ਬਾਰੇ ਇਉਂ ਵੀ ਕਹਿੰਦੇ ਸਨ : ''ਪੈਣਾ ਸੀ ਸਹੇ ਮਗਰ, ਜਾ ਪਿਆ ਸੰਢੇ ਦੇ ਚੱਡੀਂ।''

7. ਕਿਸ਼ਨ ਸਿੰਘ : ਇਸ਼ਕ ਜਿੰਨ੍ਹਾਂ ਦੇ ਹੱਡੀਂ ਰਚਿਆ; ''ਆਲੋਚਨਾ'' ਤ੍ਰੈਮਾਸਿਕ, 1965।

8. ਸਾਹਿਤ ਸਮਾਚਾਰ, ਉਪਰੋਕਤ ਅੰਕ; ਪੰਨੇ 1-4। 9. ਉਪਰੋਕਤ, ਪੰਨੇ 30-39। 10. ਉਪਰੋਕਤ, ਪੰਨੇ 82-87. 11. ਉਪਰੋਕਤ, ਪੰਨਾ 88। 12. ਉਪਰੋਕਤ, ਪੰਨਾ 164।

---


ਸੇਧ ਸੀਰੀਜ਼-1

ਭਾਰਤ ਵਿਚ ਕਮਿਊਨਿਸਟ ਲਹਿਰ

ਭਾਰਤ ਦੇ ਉਘੇ ਕਮਿਊਨਿਸਟ
ਨੇਤਾ ਕੇ. ਦਾਮੋਦਰਨ ਦੀ ਪੁਸਤਕਾ
'ਇਕ ਕਮਿਊਨਿਸਟ ਦੀਆਂ ਯਾਦਾਂ।'
ਸੇਧ ਦੇ ਏਜੰਟਾਂ ਕੋਲੋਂ ਪ੍ਰਾਪਤ
ਕਰੋ ਜਾਂ ਸਿਧਿਆਂ ਸਾਨੂੰ ਲਿਖੋ।
ਮੁੱਲ : ਇਕ ਰੁਪੈਆ

ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ
ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ
ਸਮਝਣ ਲਈ ਇਕ ਅਦੁੱਤੀ ਪੁਸਤਕ।
ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ
ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ
ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।




# ਲੇਖਕ/ਪਾਠਕ ਕਹਿੰਦੇ ਹਨ

○ **''ਲਕੀਰ'' ਦੇ 'ਫਕੀਰ' ਨਾਲ ਦੋ ਗੱਲਾਂ :** ਸੁਰਜੀਤ ਹਾਂਸ ਹੁਰਾਂ ਆਪਣੇ ਪਰਚੇ ਲਕੀਰ (ਜੁਲਾਈ-ਅਗਸਤ, 1979 ਅੰਕ) ਵਿਚ ਸੇਧ ਦਾ 'ਜ਼ਿਕਰੇ-ਖ਼ੈਰ' ਕੀਤਾ ਹੈ। ਆਪਣੀ ਸੰਖੇਪ ਟਿਪਣੀ ਵਿਚ ਉਹਨਾਂ ਨੇ ਸੇਧ ਬਾਰੇ ਦੋ ਮੁਖ ਗੱਲਾਂ ਕਹੀਆਂ ਹਨ। ਅਸੀਂ ਉਹਨਾਂ ਦੋ ਗੱਲਾਂ ਬਾਰੇ ਹੀ ਗੱਲ ਕਰਾਂਗੇ।

**ਪਹਿਲੀ :** ਸੇਧ ਨੂੰ ਮਾੜੀ ਜਿਹੀ ਥਾਪੜੀ (ਖੱਬੇ ਹੱਥ ਨਾਲ ਹੀ ਸਹੀ ਭਾਵੇਂ) ਦੇ ਕੇ ਕਿ ਇਹ 'ਮਯਾਰੀ ਪਰਚਾ' ਹੈ, 'ਗੰਭੀਰ ਪਰਚਾ' ਹੈ, 'ਪਾਠਕ ਇਸ ਨੂੰ ਸੰਜੀਦਾ ਮੈਗਜ਼ੀਨ ਸਮਝਦੇ ਹਨ' ਅਤੇ, 'ਅਸੀਂ ਸੇਧ ਨੂੰ ਮਾਰਕਸਵਾਦ ਦਾ ਹੁੰਗਾਰਾ ਭਰਨ ਕਰਕੇ ਦੋਸਤ ਪਰਚਾ ਸਮਝਦੇ ਹਾਂ' ਇਤਿਆਦਿ ਉਹਨਾਂ ਨੇ ਕਿਹਾ ਹੈ ਕਿ 'ਪਰ ਸਾਨੂੰ ਸੇਧ ਦੇ ਮਾਰਕਸਵਾਦ ਨਾਲ ਸਹਿਮਤੀ ਨਹੀਂ' ਹੈ।

ਸਹਿਮਤੀ/ਅਸਹਿਮਤੀ ਨਾਲ ਸਾਨੂੰ ਕੋਈ ਉਜਰ ਨਹੀਂ। ਵਿਚਾਰਾਂ ਦੇ ਵਿਕਾਸ ਅਤੇ ਨਿਖਾਰ ਲਈ, ਉਹਨਾਂ ਦੇ ਪੱਕੇ-ਪੈਰੀਂ ਹੋਣ ਲਈ ਸਹਿਮਤੀ ਨਾਲੋਂ ਅਸਹਿਮਤੀ ਦਾ ਰੋਲ ਕਈ ਵਾਰ ਕਿਤੇ ਵਧ ਸੇਹਤਮੰਦ ਤੇ ਲਾਹੇਵੰਦ ਹੁੰਦਾ ਹੈ; ਸਾਡਾ ਗਿਲਾ ਉਸ ਵਤੀਰੇ ਨਾਲ ਹੈ ਜੋ ਇਹ ਕਹਿ ਕੇ ਗਲ ਬੰਦ ਕਰ ਦੇਂਦਾ ਹੈ ਕਿ ਜੀ, ਅਸੀਂ ਫਲਾਣੇ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ। ਤੇ ਬਸ! ਕੀ ਅਜਿਹਾ ਵਤੀਰਾ ਕਿਸੇ ਮਾਰਕਸਵਾਦੀ ਦਾ ਵਤੀਰਾ ਹੋ ਸਕਦਾ ਹੈ? ਜ਼ਿੰਦਗੀ ਦਾ ਬੁਨਿਆਦੀ ਅਸੂਲ ਹੈ (ਅਤੇ ਮਾਰਕਸਵਾਦ ਨੇ ਇਸ ਨੂੰ ਠੀਕ ਤਰ੍ਹਾਂ ਸਮਝਿਆ ਅਤੇ ਇਸ 'ਤੇ ਬੜਾ ਜ਼ੋਰ ਦਿਤਾ ਹੈ) ਕਿ ਵਿਰੋਧੀ ਵਿਚਾਰਾਂ ਦੇ ਭੇੜ/ਟਕਰਾਅ 'ਚੋਂ ਹੀ ਨਵੇਂ ਵਿਚਾਰਾਂ ਦੀਆਂ ਚਿਣਗਾਂ ਫੁਟਦੀਆਂ ਹਨ, ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ, ਮਨੁਖੀ ਤੇ ਸਮਾਜਕ ਪੇਸ਼ ਮਸਲਿਆਂ ਦੇ ਹਲ ਦੇ ਦਰ ਖੁਲ੍ਹਦੇ ਹਨ, ਮਨੁਖ ਦੀ ਸੋਚ ਤੇ ਸੂਝ ਵਿਕਾਸ ਦੀ ਅਗਲੀ ਪੌੜੀ ਚੜ੍ਹਦੀ ਹੈ। ਵਿਚਾਰਧਾਰਕ ਜਦੋ-ਜਹਿਦ ਜੇ ਇਸ ਦਾ ਨਹੀਂ ਤਾਂ ਹੋਰ ਕਿਸ ਚੀਜ਼ ਦਾ ਨਾਂ ਹੈ?

ਮਾਰਕਸਵਾਦ ਕਿਸੇ ਇਕ ਦੇ ਵਿਚਾਰਾਂ ਨਾਲ ਸਹਿਮਤੀ ਅਤੇ ਕਿਸੇ ਦੂਜੇ ਦੇ ਵਿਚਾਰਾਂ ਨਾਲ ਅਸਹਿਮਤੀ ਦਸ ਦੇਣ ਦਾ ਨਾਂ ਨਹੀਂ। ਮਾਰਕਸਵਾਦ ਯਥਾਰਥ ਨੂੰ ਸਮਝਣ, ਆਈ ਸਮਝ ਤੋਂ ਬਣੇ ਵਿਚਾਰਾਂ ਨੂੰ ਪੇਸ਼ ਕਰਨ, ਯਥਾਰਥ ਬਾਰੇ ਦੂਜਿਆਂ ਵਲੋਂ ਪੇਸ਼ ਕੀਤੇ ਗਏ ਵਿਚਾਰਾਂ ਨਾਲ ਉਹਨਾਂ ਨੂੰ ਟਕਰਾਉਣ, ਵਿਚਾਰ-ਵਟਾਂਦਰੇ ਦੀ ਪ੍ਰਕ੍ਰਿਆ ਰਾਹੀਂ ਆਪਣੇ ਵਿਚਾਰਾਂ ਨੂੰ ਮਾਂਜਣ, ਲਿਸ਼ਕਾਣ, ਬਦਲਣ, ਵਧੇਰੇ ਸਪੱਸ਼ਟ ਅਤੇ ਵਧੇਰੇ ਸਹੀ ਢੰਗ ਨਾਲ ਉਹਨਾਂ ਨੂੰ ਮੁੜ ਸਥਾਪਿਤ ਕਰਨ, ਦੂਜਿਆਂ ਦੇ ਵਿਚਾਰਾਂ ਨੂੰ ਸਾਣ 'ਤੇ ਲਾਉਣ, ਉਹਨਾਂ ਨੂੰ ਰਗੜਣ, ਮਾਂਜਣ ਤੇ ਚੰਡ ਕੇ ਬਦਲਣ ਦਾ ਰਾਹ ਹੈ। ਨਿਸ਼ਾਨਾ ਇਹੀ ਹੁੰਦਾ ਹੈ ਕਿ ਵਿਚਾਰ ਯਥਾਰਥ ਦੇ, ਸਮੁਚੇ ਮਨੁਖੀ ਅਨੁਭਵ ਦੇ ਵਧ ਤੋਂ ਵਧ ਨੇੜੇ ਹੋ ਸਕਣ, ਵਧ ਤੋਂ ਵਧ ਯਥਾਰਥ, ਸਮਾਜਕ ਮਨੁਖੀ ਯਥਾਰਥ, ਉਹਨਾਂ ਦੇ ਕਲੇਵੇ ਵਿਚ ਆ ਸਕੇ ਅਤੇ ਇੰਜ ਸਮਾਜਕ ਮਨੁਖੀ ਮਸਲਿਆਂ ਦੇ ਹਲ ਦੇ ਰਾਹ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਣ। ਵਿਚਾਰ-ਵਟਾਂਦਰਾ ਫੋਕੀ ਮਗ਼ਜ਼-ਪਚੀ ਨਹੀਂ ਹੁੰਦਾ, ਨਾ ਹੀ ਇਹ ਵਾਧੂ ਦੇ ਸਿੰਗ ਫਸਾਉਣ ਵਾਲੀ

ਗਲ ਹੁੰਦੀ ਹੈ (ਜਿਵੇਂ ਕਿ ਸਾਡੇ ਕਾਮਰੇਡ ਭਰਾਵਾਂ ਨੇ ਇਸ ਨੂੰ ਹੁਣ ਤਕ ਇੰਜ ਕਹਿ ਕਹਿ ਕੇ ਭੰਡਿਆ ਹੈ); ਵਿਚਾਰ-ਵਟਾਂਦਰਾ ਮਨੁੱਖੀ ਸਮਾਜਕ ਵਿਕਾਸ ਲਈ ਉਸ ਤਰ੍ਹਾਂ ਦੀ ਹੀ ਬੁਨਿਆਦੀ ਜਦੋ-ਜਹਿਦ ਹੈ ਜਿਸ ਤਰ੍ਹਾਂ ਦੀ ਕੁਦਰਤ ਦੇ ਵਿਰੁਧ ਨਾਲ ਮਨੁਖ ਦੀ ਰੋਟੀ ਪਾਣੀ ਲਈ ਬੁਨਿਆਦੀ ਜਦੋਜਹਿਦ (ਘੋਲ) ਹੈ। ਇਹ ਨਿਰੰਤਰ ਚਲਦੀ ਰਹਿਣ ਵਾਲੀ ਜਦੋ-ਜਹਿਦ ਹੈ।

ਯਥਾਰਥ ਬਾਰੇ ਸਮੂਲਚਾ ਗਿਆਨ ਜਾਂ ਸਮੂਲਚਾ ਸੱਚ ਲੈ ਕੇ ਕੋਈ ਜਣਾ ਵੀ—ਨਾ ਸੁਰਜੀਤ ਹਾਂਸ, ਨਾ ਪ੍ਰੋ: ਕਿਸ਼ਨ ਸਿਘ ਤੇ ਨਾ ਕੋਈ ਹੋਰ—ਮਾਂ ਦੇ ਪੇਟੋਂ ਨਹੀਂ ਜੰਮਦਾ। ਨਾ ਹੀ ਕਦੀ ਕੋਈ ਗਿਆਨ ਦੀ ਅਜਿਹੀ ਪੌੜੀ 'ਤੇ ਪਹੁੰਚਿਆ ਹੈ ਜਿਸ ਨੂੰ ਉਪਰਲੀ ਤੇ ਸਿਖਰਲੀ ਟੀਸੀ ਕਿਹਾ ਜਾ ਸਕੇ। ਕੋਈ ਪੀਰ ਪੈਗੰਬਰ ਵੀ ਨਹੀਂ। ਗਿਆਨ ਲਗਾਤਾਰ ਹਾਸਿਲ ਕਰਨਾ ਪੈਂਦਾ ਹੈ (ਸਮਾਜਕ ਮਨੁਖੀ ਅਮਲ ਵਿਚ ਪੈ ਕੇ), ਹਾਸਿਲ ਕੀਤੇ ਗਿਆਨ ਨੂੰ ਵਾਰ ਵਾਰ ਯਥਾਰਥ 'ਤੇ ਲਾਗੂ ਕਰਨਾ ਪੈਂਦਾ ਹੈ, ਅਮਲ ਦੀ ਕਸਵੱਟੀ 'ਤੇ ਵਾਰ ਵਾਰ ਉਸ ਨੂੰ ਲਾ ਕੇ ਪਰਖਣਾ ਪੈਂਦਾ ਹੈ। ਇਸ ਦੌਰਾਨ ਜ਼ਿੰਦਗੀ ਬਦਲ ਜਾਂਦੀ ਹੈ, ਪ੍ਰਸਥਿਤੀਆਂ ਬਦਲ ਜਾਂਦੀਆਂ ਹਨ (ਜ਼ਿੰਦਗੀ ਨਿਰੰਤਰ ਤੌਰ ਜਾਂ ਤਬਦੀਲੀ ਦਾ ਨਾਂ ਜੂ ਹੋਇਆ), ਨਵੀਆਂ ਸਮਸਿਆਵਾਂ, ਨਵੀਆਂ ਔਕੜਾਂ ਆਣ ਮੂੰਹ ਵਿਖਾਉਂਦੀਆਂ ਹਨ, ਨਵੇਂ ਮਸਲੇ ਆਪਣਾ ਹਲ ਮੰਗਦੇ ਹਨ। ਆਪਣੇ ਗਿਆਨ ਨੂੰ ਮਨੁਖ ਮੁੜ ਬਦਲੇ ਹਾਲਾਤ ਦੇ ਮੇਚ ਕਰਦਾ ਹੈ, ਜਦੋ-ਜਹਿਦ ਲਗਾਤਾਰ ਚਲਦੀ ਰਹਿੰਦੀ ਹੈ। ਇਹੀ ਮਾਰਕਸਵਾਦ ਦਾ ਸਬਕ ਹੈ; ਇਹੀ ਉਸ ਦਾ ਗਿਆਨ ਹੈ।

ਦੂਜੇ ਦੇ ਵਿਚਾਰਾਂ ਤੋਂ "ਅਸੀਂ ਸਹਿਮਤ ਹਾਂ" ਕਹਿ ਕੇ ਪਿਛਾ ਛੁੜਾ ਜਾਣਾ ਅਤੇ ਜਾਂ "ਅਸੀਂ ਫਲਾਣੇ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ" ਕਹਿ ਕੇ ਭਜ ਜਾਣਾ ਹਰ ਸੁਚੱਜੇ ਤੇ ਸੁਹਿਰਦ ਮਾਰਕਸਵਾਦੀ ਲਈ ਮੇਹਣਾ ਹੈ। ਉਹ ਮਾਰਕਸਵਾਦੀ ਕਾਹਦਾ ਜੋ ਇੰਜ ਕਰੇ? ਇਕ ਵਾਰ ਫਿਰ: ਮਾਰਕਸਵਾਦੀ ਸਿਰਫ ਬਹਿਸ ਕਰਨ ਦੀ ਖਾਤਰ ਹੀ ਬਹਿਸ ਨਹੀਂ ਕਰਦਾ, ਨਾ ਹੀ ਉਹ ਇਸ ਲਈ ਕਿਸੇ ਨਾਲ ਵਿਚਾਰਧਾਰਕ ਸਿੰਗ ਫਸਾਉਂਦਾ ਹੈ, ਕਿ ਉਸ ਦੇ ਸਿੰਗਾਂ ਵਿਚ ਜਲੂਣ ਹੋ ਰਹੀ ਹੁੰਦੀ ਹੈ; ਉਹ ਲਗਾਤਾਰ ਵਿਚਾਰ-ਵਟਾਂਦਰਾ ਇਸ ਲਈ ਕਰਦਾ ਹੈ ਕਿਉਂਕਿ ਉਸ ਨੂੰ ਸੱਚ ਦੀ ਖੋਜ ਦੀ ਲਗਨ ਹੁੰਦੀ ਹੈ; ਯਥਾਰਥ ਤਕ ਪਹੁੰਚਣਾ ਅਤੇ ਦੂਜਿਆਂ ਨੂੰ ਉਸ ਤਕ ਪਹੁੰਚਾਉਣਾ ਉਸ ਦਾ ਕਰਤੱਵ ਹੁੰਦਾ ਹੈ। ਉਹ ਪੇਸ਼ ਤੇ ਪ੍ਰਚਲਤ ਵਿਚਾਰਾਂ ਨੂੰ ਟੋਂਹਦਾ ਹੈ, ਟੁੰਨਕਾਰਦਾ ਹੈ, ਪਰਖਦਾ ਹੈ...ਜੋ ਠੀਕ ਤੇ ਸਹੀ ਲਗਦੇ ਹਨ, ਉਹਨਾਂ ਨੂੰ ਅਗਾਂਹ ਆਪਣੀ ਸੋਚ, ਸੂਝ ਤੇ ਬੁਧੀ ਨਾਲ ਵਿਕਸਤ ਕਰਦਾ ਹੈ; ਉਹਨਾਂ ਵਿਚ ਜੋ ਖੋਟ ਜਾਂ ਕੂੜ ਨਜ਼ਰ ਆਉਂਦਾ ਹੈ ਅਤੇ ਜੋ ਸਮਾਜਕ ਮਨੁਖੀ ਅਨੁਭਵ ਦੀ ਕਸਵਟੀ 'ਤੇ ਪੂਰਿਆਂ ਨਹੀਂ ਉਤਰਦੇ, ਉਹਨਾਂ ਨੂੰ ਉਹ ਭੰਨਦਾ ਹੈ, ਉਹਨਾਂ ਦੀ ਤਹਿਸ ਨਹਿਸ ਕਰ ਦੇਂਦਾ ਹੈ। ਦੋਵੇਂ ਅਮਲ—ਸਹੀ ਵਿਚਾਰਾਂ ਨੂੰ ਅਗਾਂਹ ਵਿਕਸਤ ਕਰਨਾ ਅਤੇ ਖੋਟਿਆਂ ਨੂੰ ਭੰਨਣਾ—ਸਿਹਤਮੰਦ ਤੇ ਹਾਂ-ਪੱਖੀ ਅਮਲ ਹਨ।

ਸੁਰਜੀਤ ਹਾਂਸ ਮਾਰਕਸਵਾਦੀ ਚਿੰਤਕ ਹੈ। ਸਾਡੇ ਕੋਲ ਉਂਗਲੀਆਂ 'ਤੇ ਗਿਣੇ ਜਾਣ ਜੋਗੇ ਹੀ ਅਜਿਹੇ ਸੰਪਾਦਕ ਹਨ, ਜੋ ਸੁਰਜੀਤ ਹਾਂਸ ਵਾਂਗ well-read ਹੋਣ, ਜਿਹਨਾਂ ਨੂੰ ਮਸਲਿਆਂ ਦੇ ਸੋਚਣ, ਸਮਝਣ ਦੀ ਲਗਨ ਹੋਵੇ। ਵਲਾਯੇਤੂ ਬਹੁਤ ਹਨ। ਸੁਰਜੀਤ ਹਾਂਸ ਹੁਰਾਂ ਦੀ ਵਿਦਵਤਾ, ਪੜ੍ਹਾਈ ਅਤੇ ਮਸਲਿਆਂ/ਸਮੱਸਿਆਵਾਂ ਵਲ ਉਹਨਾਂ ਦੀ ਤਰਕਸ਼ੀਲ ਪਹੁੰਚ ਦੀ ਸਾਡੇ ਮਨ ਵਿਚ ਕਦਰ ਹੈ। ਉਹਨਾਂ ਨੂੰ ਆਪਣੀ ਗੱਲ ਸਪੱਸ਼ਟਤਾ ਨਾਲ ਅਤੇ ਸੁਚੱਜੇ ਢੰਗ ਨਾਲ ਕਹਿਣ ਦਾ ਵਲ ਵੀ ਆਉਂਦਾ ਹੈ। ਪਰ ਗੱਲ ਡੁਬਦੀ ਉਥੇ ਆ ਕੇ ਹੈ ਜਦ ਉਹ ਆਪਣੀ ਮਾਰਕਸਵਾਦੀ ਸੂਝ ਦੇ ਦੰਦ



ਲਾਹ ਕੇ ਖੀਸੇ ਵਿਚ ਪਾ ਲੈਂਦੇ ਹਨ ਅਤੇ ਐਵੇਂ ਇਧਰ ਉਧਰ ਨਿਕੰਮੇ ਘਾਹ ਫੂਸ ਨੂੰ ਆਪਣੇ ਬੂਟ ਮਾਰਦੇ ਫਿਰਦੇ ਰਹਿੰਦੇ ਹਨ।

ਅਸੀਂ ਪੁਛਦੇ ਹਾਂ ਕਿ ਇਹ ਕਿਹੋ ਜਿਹੀ ਤੇ ਕਿਸ ਪਰਬਾਰ ਦੀ ਮਾਰਕਸਵਾਦੀ ਸੂਝ ਬੂਝ ਹੈ ਜਿਸ ਕਾਰਨ ਉਹ ਆਪਣੇ ਪਰਚੇ ਦੇ 4-6 ਸਫ਼ੇ ਵੀ ਮਾਰਕਸਵਾਦ ਬਾਰੇ ਆਪਣਾ ਮੱਤ ਸਥਾਪਿਤ ਕਰਨ, ਉਸ ਮੱਤ ਨੂੰ ਜਿਸ ਨਾਲ ਉਹਨਾਂ ਦੀ ਐਲਾਨੀਆ ਅਸਹਿਮਤੀ ਹੈ, ਚੰਡਣ, ਸਾਣ 'ਤੇ ਲਾਉਣ ਅਤੇ ਜਾਂ ਉਕਾ ਹੀ ਗਲਤ ਸਾਬਤ ਕਰਨ, ਮਾਰਕਸਵਾਦ ਦੀ ਆਪਣੀ ਸੂਝ ਤੇ ਸਮਝ ਅਨਸਾਰ, ਮਾਰਕਸੀ ਸੰਦਾਂ ਨਾਲ ਸਾਡੀਆਂ ਸਮਾਜਕ, ਆਰਥਕ, ਸਿਆਸੀ ਤੇ ਵਿਚਾਰਧਾਰਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ, ਸਾਡੇ ਇਤਿਹਾਸ, ਸਾਹਿਤ, ਸੰਸਕ੍ਰਿਤੀ, ਸੰਸਕਾਰਾਂ, ਮਨੋਬਿਰਤੀਆਂ ਦੀ ਮਾਰਕਸੀ ਵਿਸ਼ਲੇਸ਼ਨ-ਵਿਧੀ ਨਾਲ ਪੁਣ ਛਾਣ ਕਰਨ ਲਈ ਨਹੀਂ ਦੇ ਸਕਦੇ। ਨਹੀਂ ਦੇ ਰਹੇ। ਜੇ ਉਹ ਇਹ ਵੀ ਨਹੀਂ ਕਰ ਰਹੇ/ਨਹੀਂ ਕਰ ਸਕਦੇ, ਤਾਂ ਉਹ ਹੋਰ ਕੀ ਕਰ ਰਹੇ ਹਨ/ਕੀ ਕਰ ਸਕਦੇ ਹਨ??

ਉਹ "ਪਤਨੀ ਦੇ ਝਰੋਖੇ 'ਚੋਂ" ਕਾਲਮ ਹੇਠ ਲੇਖਕਾਂ ਦੀਆਂ ਪਤਨੀਆਂ ਦੇ ਇੰਟਰਵੀਊ ਲੈਂਦੇ ਤੇ ਛਾਪਦੇ ਹਨ। ਘਸੇ ਪਿਟੇ ਤੇ ਬੁੱਸੇ ਸੁਆਲ (ਤੁਸੀਂ ਇਹਨਾਂ ਨੂੰ ਪਹਿਲੀ ਵਾਰ ਕਦੋਂ ਮਿਲੇ ਸੀ? ਇਹਨਾਂ ਦੀਆਂ ਲਿਖਤਾਂ ਤੁਹਾਨੂੰ ਕਿਹੋ ਜਿਹੀਆਂ ਲਗਦੀਆਂ ਹਨ? ਜਦੋਂ ਇਹ ਦੂਸਰੀਆਂ ਮੁਟਿਆਰਾਂ ਦੀ ਨੇੜਤਾ ਕਰਦੇ ਹਨ ਤਾਂ ਤੁਹਾਨੂੰ ਕਿਵੇਂ ਲਗਦਾ ਹੈ? ਇਤਿ ਆਦਿ, ਇਤਿ ਆਦਿ) ਉਹਨਾਂ ਨੂੰ ਪੁਛਦੇ ਹਨ ਅਤੇ ਉਹਨਾਂ ਦੇ ਨਿਰਜਿੰਦ ਜੁਆਬ ਛਾਪਦੇ ਹਨ। ਮੰਨਦੇ ਹਾਂ ਕਿ ਇਹ ਇਕ ਮਾਸੂਮ ਜਿਹਾ ਠਰਕ ਹੈ (ਤਕਰੀਬਨ ਉਦਾਂ ਦਾ ਹੀ ਜਿਵੇਂ ਅਣ-ਵਿਆਹੀਆਂ ਸਹੇਲੀਆਂ ਵਿਆਹ ਤੋਂ ਪਿਛੋਂ ਪੇਕੇ ਮੁੜੀ ਸੁਹਾਗਣ ਨੂੰ ਪੁਛਦੀਆਂ ਹਨ...'ਨੀ ਫਿਰ ਕੀ ਹੋਇਆ'...) ਪਰ ਇਸ ਦਾ ਵਿਸ਼ਲੇਸ਼ਣ ਮਨੋਵਿਗਿਆਨ ਦੀ ਮਾਰ ਹੇਠ ਆ ਸਕਦਾ ਹੈ। ਹਾਂਸ ਹੁਰੀਂ ਇਸ ਬਾਰੇ ਆਪ ਸੋਚਣ। ਕਹਿਰ ਸਾਈਂ ਦਾ—ਪਰਚਾ ਹੋਵੇ **ਲਕੀਰ**, ਸੰਪਾਦਕ ਹੋਵੇ ਉਸ ਦਾ ਇਕ ਪੜ੍ਹਿਆ ਗੁੜ੍ਹਿਆ ਮਾਰਕਸਵਾਦੀ ਅਤੇ ਸਫ਼ਿਆਂ ਦੇ ਸਫ਼ੇ ਉਸ ਪਰਚੇ ਦੇ ਅਜਿਹੀ ਭਸ-ਖੇਹ ਨਾਲ ਅਤੇ ਕੁਝ ਲਤੀਫ਼ਿਆਂ ਨਾਲ ਕਾਲੇ ਕੀਤੇ ਗਏ ਹੋਣ!! ਸੁਰਜੀਤ ਹਾਂਸ ਅਜਿਹਾ ਕਰ ਕੇ ਆਪਣੇ ਪਾਠਕਾਂ ਨਾਲ ਹੀ ਨਹੀਂ, ਆਪਣੇ ਆਪ ਨਾਲ ਵੀ ਧ੍ਰੋਹ ਕਮਾ ਰਿਹਾ ਹੈ।

ਸਾਡੇ ਵਿਦਵਾਨ ਤੇ ਚਿੰਤਕ ਸੇਖੋਂ ਸਾਹਿਬ ਦੀ ਮਾਰਕਸਵਾਦ ਨਾਲ ਜਾਣ ਪਛਾਣ ਹੋਈ। ਉਹਨਾਂ ਮਾਰਕਸਵਾਦ ਨੂੰ ਜਿਵੇਂ ਸਮਝਿਆ, ਉਸ ਨੂੰ ਪੇਸ਼ ਕੀਤਾ; ਸਾਹਿਤਕ, ਸਮਾਜਕ ਪ੍ਰਸਥਿਤੀਆਂ 'ਤੇ ਉਸ ਨੂੰ ਲਾਗੂ ਕਰਨ ਦਾ ਜਤਨ ਕੀਤਾ। ਪ੍ਰੋ: ਕਿਸ਼ਨ ਸਿੰਘ ਨੇ ਮਾਰਕਸਵਾਦ ਨੂੰ ਪੜ੍ਹਿਆ, ਸਮਝਿਆ ਤੇ ਘੋਖਿਆ। ਉਹਨਾਂ ਨੇ ਪ੍ਰਚਲਤ ਮਾਰਕਸਵਾਦ ਦੇ ਕੋਹੜ, ਇਕਾਨੋਮਿਜ਼ਮ 'ਤੇ ਉਂਗਲੀ ਰਖੀ, ਉਸ ਦੀਆਂ ਤੰਦੂਏ ਦੀਆਂ ਤਾਰਾਂ ਨੂੰ ਵੱਖ ਵੱਖ ਕੀਤਾ, ਇਕਾਨੋਮਿਜ਼ਮ ਬਾਰੇ ਸਾਡੀ ਸਮਝ ਨੂੰ ਵਿਸ਼ਾਲ ਕੀਤਾ, ਉਸ ਦੇ ਖਿਲਾਫ਼ ਲੜਣ ਲਈ, ਉਸ ਦੀਆਂ ਜੜ੍ਹਾਂ ਕੱਟਣ ਲਈ ਸਾਨੂੰ ਵਿਚਾਰਧਾਰਕ ਹਥਿਆਰਾਂ ਨਾਲ ਲੈਸ ਕੀਤਾ। ਆਰਥਕ-ਮਨੁਖ ਦੇ ਸੰਕਲਪ ਨੂੰ ਭੰਨਿਆ ਅਤੇ ਸਮੁਚੇ ਮਨੁਖ ਦੇ ਸੰਕਲਪ ਨੂੰ ਮੁੜ ਕੇਂਦਰ ਵਿਚ ਸਥਾਪਿਤ ਕੀਤਾ। ਜਿਥੇ ਸਾਡੇ ਪਹਿਲੇ ਮਾਰਕਸਵਾਦੀਆਂ ਨੇ ਮਾਰਕਸਵਾਦ ਨੂੰ ਆਰਥਕਤਾਵਾਦ ਹੀ ਬਣਾ ਧਰਿਆ ਸੀ, ਪ੍ਰੋ: ਕਿਸ਼ਨ ਸਿੰਘ ਨੇ ਮੁੜ ਉਸ ਨੂੰ ਮਾਨਵਵਾਦੀ ਪਾਇਆ ਅਤੇ ਮਨੁਖ ਦੀ ਆਜ਼ਾਦੀ ਦੀਆਂ ਸੰਭਾਵਨਾਵਾਂ ਦੇ ਦਰ ਖੋਲ੍ਹੇ। ਉਹ ਸੇਖੋਂ ਸਾਹਿਬ ਦੇ ਆਰਥਕਤਾ-ਪ੍ਰਧਾਨ ਨਾਂ-ਨਿਹਾਦ ਮਾਰਕਸਵਾਦ ਦੇ ਵਿਰੁਧ ਲੜੇ। ਆਪਣੀਆਂ ਦਰਜਨਾਂ

ਲਿਖਤਾਂ ਵਿਚ ਉਹਨਾਂ ਸਾਬਿਤ ਕੀਤਾ ਕਿ ਕਿਵੇਂ ਸੇਖੋਂ ਸਾਹਿਬ ਦੇ ਵਿਚਾਰਾਂ ਦਾ ਸਰੀਰ ਜਟਵਾਦ ਦੇ ਕਰੰਗ, ਇਕਾਨੋਮਿਜ਼ਮ ਦੀ ਰੱਤ ਅਤੇ ਉਪਰੋਂ ਮਾਰਕਸਵਾਦ ਦੀ ਪਾਈ ਖੱਲ ਦਾ ਬਣਿਆ ਹੋਇਆ ਹੈ। ਇਹ ਪ੍ਰੋ: ਕਿਸ਼ਨ ਸਿੰਘ ਦੀ ਮਾਰਕਸਵਾਦ ਨੂੰ ਮੋਟੇ ਰੂਪ ਵਿਚ ਦੇਣ ਹੈ। ਇਥੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ ਹੈ।

ਅਜਿਹੀ ਮੰਗ ਤਾਂ ਕੋਈ ਮੂਰਖ ਹੀ ਕਰ ਸਕਦਾ ਹੈ ਕਿ ਸੁਰਜੀਤ ਹਾਂਸ ਹੁਰੀਂ ਪ੍ਰੋ: ਕਿਸ਼ਨ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਹੋ ਜਾਣ। ਪਰ ਮਾਰਕਸਵਾਦ ਨੂੰ ਸਮਝਣ ਦੀ ਰੀਝ ਰਖਣ ਵਾਲੇ ਅਤੇ ਜ਼ਿੰਦਗੀ ਦੇ ਵੱਖ ਵੱਖ ਪੱਖਾਂ 'ਤੇ ਮਾਰਕਸਵਾਦ ਨੂੰ ਲਾਗੂ ਕਰਨ ਦੀ ਚੇਸ਼ਟਾ ਰਖਣ ਵਾਲੇ ਪਾਠਕ ਬਿਹ ਤਾਂ ਮੰਗ ਸਕਦੇ ਹਨ (ਅਤੇ ਇਹ ਮੰਗ ਉਹਨਾਂ ਦੀ ਜਾਇਜ਼ ਵੀ ਹੈ) ਕਿ ਹਾਂਸ ਸਾਹਿਬ ਪ੍ਰੋ: ਕਿਸ਼ਨ ਸਿੰਘ ਦੇ ਵਿਚਾਰਾਂ ਨਾਲ ਆਪਣੀ ਸਹਿਮਤੀ ਤੇ ਅਸਹਿਮਤੀ ਦੇ ਦਾਇਰੇ ਨੀਯਤ ਕਰਨ। ਜਿਸ ਮਾਰਕਸਵਾਦੀ ਵਿਆਖਿਆ ਨਾਲ ਉਹਨਾਂ ਦਾ ਸਹਿਮਤੀ ਹੈ, ਉਸ ਨੂੰ ਅਗੇ ਵਿਕਸਤ ਕਰਨ ਅਤੇ ਜਿਸ ਨਾਲ ਅਸਹਿਮਤੀ ਹੈ, ਉਸ ਨੂੰ ਰੱਦ ਕਰਨ, ਨਗੇਟ ਕਰਨ ਅਤੇ ਆਪਣਾ ਮੱਤ ਪਾਠਕਾਂ ਅਗੇ ਸਪਸ਼ਟ ਕਰਨ। ਉਸ ਨੂੰ ਹੋਰ ਵਿਕਸਤ ਕਰਨ। ਹਾਂਸ ਸਾਹਿਬ ਕੋਲ ਨਾ ਸਿਰਫ਼ ਲਕੀਰ ਦੇ ਹੀ, ਬਲਕਿ ਪੰਜਾਬੀ ਦੇ ਤਕਰੀਬਨ ਹਰ ਪਰਚੇ ਦੇ ਸਫ਼ੇ ਵੀ ਹਨ, ਸਣੇ ਸੇਧ ਦੇ। ਆਸ ਨਹੀਂ ਕਿ ਕੋਈ ਪਰਚਾ ਵੀ ਉਹਨਾਂ ਦੇ ਵਿਚਾਰਾਂ ਨੂੰ ਛਾਪਣ ਤੋਂ ਨਾਂਹ ਕਰੇ।

**ਦੂਸਰੀ ਗੱਲ** : ਇਹ ਗੱਲ ਹਾਂਸ ਸਾਹਿਬ ਦੀ ਉਸ ਡੌਂਡੀ ਬਾਰੇ ਹੈ ਜੋ ਉਹਨਾਂ ਨਿਜ ਦੇ ਸੁਆਲ ਨੂੰ ਲੈ ਕੇ ਪਿਟੀ ਹੈ। ਕਿਸੇ ਦੇ ਨਿਜ ਬਾਰੇ ਲਿਖਣਾ ਮਾੜੀ ਗੱਲ ਹੈ। ਕੋਈ ਜੀਵ ਸਿਰ ਹੇਠ ਦੋ ਸਰਹਾਣੇ ਲੈ ਕੇ ਸੌਂਦਾ ਹੈ ਜਾਂ ਇਕ ਪੱਟਾਂ ਵਿਚ ਰਖ ਕੇ—ਸਾਨੂੰ ਇਸ ਨਾਲ ਕੀ ? ਕੋਈ ਜੀਵ ਡਾਕਟਰ ਹੈ ਜਾਂ ਡੱਫਰ ਹੈ ਜਾਂ ਦੋਵੇਂ ਚੀਜ਼ਾਂ ਹੈ—ਸਾਨੂੰ ਇਸ ਨਾਲ ਵੀ ਕੋਈ ਸਰੋਕਾਰ ਨਹੀਂ। ਕਿਸੇ ਦੀ ਨਿਜੀ ਜ਼ਿੰਦਗੀ ਕੈਸੀ ਹੈ, ਆਦਤਾਂ ਕੈਸੀਆਂ ਹਨ, ਅਗਲਾ ਕੀ ਖਾਂਦਾ ਤੇ ਕੀ ਪੜ੍ਹਦਾ ਹੈ—ਸਾਨੂੰ ਕੀ ? ਤੇ ਹੋਰ ਕਿਸੇ ਨੂੰ ਵੀ ਕੀ ? ਪਰ (ਜਿਥੇ ਹਾਂਸ ਹੁਰੀਂ ਟਪਲਾ ਖਾ ਗਏ ਹਨ) ਜਦ ਕਿਸੇ ਦਾ ਨਿਜ ਫੈਲ ਕੇ ਸਮਾਜਕ-ਵਰਤਾਰੇ ਵਿਚ ਪੇਸ਼ ਹੁੰਦਾ ਹੈ, ਜਦ ਉਸ ਵਰਤਾਰੇ ਦੇ ਭੈੜੇ ਤੇ ਗੰਦੇ ਸਿੱਟੇ ਨਿਕਲਦੇ ਹਨ, ਜਦ ਉਸ ਦਾ ਨਿਜ ਸਮਾਜ ਵਿਚ ਅਨਾਚਾਰ ਫੈਲਾਉਂਦਾ ਤੇ ਗੰਦ ਪਾਉਂਦਾ ਹੈ ਤਾਂ ਉਹ ਬੰਦਾ ਸਾਡੀ ਆਲੋਚਨਾ ਦੀ ਮਾਰ ਹੇਠ ਆ ਜਾਂਦਾ ਹੈ...ਸਣੇ ਆਪਣੇ ਨਿਜ ਦੇ। ਅਜਿਹੇ ਬੰਦੇ ਦੀਆਂ "ਸਰਗਰਮੀਆਂ" ਦਾ ਜਾਇਜ਼ਾ ਲੈਣਾ ਸਾਡੇ ਲਈ ਬਣਦਾ ਹੀ ਬਣਦਾ ਹੈ।

ਫ਼ਰਜ਼ ਕਰੋ ਕਿਸੇ ਵਿਭਾਗ ਦਾ ਹੈੱਡ ਬੌਧਕ ਪਖੋਂ ਬੌਣਾ ਹੈ। ਨਾਲ ਅੜਬ ਵੀ ਹੈ। ਉਹ ਆਪਣੀ ਕੁਰਸੀ ਦੇ ਜ਼ੋਰ ਆਪਣੇ ਹੇਠ ਕੰਮ ਕਰ ਰਹੇ ਵਿਦਵਾਨਾਂ ਕੋਲੋਂ ਈਨ ਮੰਨਵਾਉਣੀ ਚਾਹੁੰਦਾ ਹੈ। ਉਹ ਬੁਰਖ਼ੁਰਦਾਰੀ ਅਤੇ ਚਾਪਲੂਸੀ ਦੀ ਮੰਗ ਕਰਦਾ ਹੈ। ਇਕ ਵਿਦਵਾਨ ਅਜਿਹੇ ਵਰਤਾਰੇ ਅਗੇ ਨਾਬਰ ਜਾਂਦਾ ਹੈ। ਹੁਕਮ-ਅਦੂਲੀ, ਬਗ਼ਾਵਤ ਆਦਿ ਦੇ ਇਲਜ਼ਾਮ ਲਾ ਕੇ ਹੈੱਡ ਉਸ ਵਿਦਵਾਨ ਦੀ ਛੁਟੀ ਕਰ ਦੇਂਦਾ ਹੈ। ਸਾਫ਼ ਹੈ ਕਿ ਇਥੇ ਉਸ ਹੈੱਡ ਦਾ ਨਿਜ ਫੈਲ ਕੇ ਇਕ ਖ਼ਾਸ ਕਿਸਮ ਦੇ ਸਮਾਜਕ ਵਰਤਾਰੇ ਵਿਚ ਪੇਸ਼ ਹੋ ਰਿਹਾ ਹੈ। ਕੀ ਅਜਿਹੇ ਬੰਦੇ ਦੇ ਵਰਤਾਰੇ ਦੀ—ਸਣੇ ਉਸ ਦੇ ਨਿਜ ਦੇ—ਥਪਾਚੰਡੀ ਕੀਤੀ ਜਾਣੀ ਚਾਹੀਦੀ ਹੈ ਕਿ ਨਹੀਂ ? ਕੀ "ਮਾਰਕਸਵਾਦ ਲੋਕ-ਵਿਰੋਧੀ ਵਿਚਾਰਧਾਰਾਵਾਂ ਦਾ ਮੁਕਾਬਲਾ ਕਰਦਾ ਹੈ, ਜਿਸ ਦਾ ਮਨੋਰਥ ਵਿਅਕਤੀਆਂ ਦੇ ਨਿਜ ਅਤੇ ਆਚਾਰ ਵਿਚ ਦਿਲਚਸਪੀ ਲੈਣਾ ਨਹੀਂ" ਜਿਵੇਂ ਕਿ ਹਾਂਸ ਹੁਰਾਂ ਨੇ ਲਿਖਿਆ ਹੈ ?



ਨਿਜ ਤੇ ਸਮਾਜਕ ਸਥਿਤੀ ਦਾ ਰਿਸ਼ਤਾ ਵੀ ਡਾਇਲੈਕਟਿਕ ਹੈ। ਸਮਾਜ ਵਿਚ ਤਾਂ ਸਰਮਾਏਦਾਰੀ ਪ੍ਰਬੰਧ ਹੈ ਹੀ, ਅਫ਼ਸਰਸ਼ਾਹੀ ਵੀ ਹੈ, ਦੌਲਤ/ਪੁਜ਼ੀਸ਼ਨ ਦਾ ਬੋਲਬਾਲਾ ਵੀ ਹੈ... ਪਰ ਇਸ ਪ੍ਰਬੰਧ ਨੂੰ ਚਲਾਉਂਦੇ ਤਾਂ ਆਖ਼ਰ ਬੰਦੇ ਹੀ ਹਨ। ਕੀ ਹਾਂਸ ਸਾਹਿਬ ਇਹ ਸਮਝਦੇ ਹਨ ਕਿ ਇਹਨਾਂ ਬੰਦਿਆਂ ਦੀ ਗੱਲ ਨਾ ਕੀਤੀ ਜਾਵੇ, ਸਿਰਫ਼ ਸਰਮਾਏਦਾਰੀ, ਰਾਜ-ਪ੍ਰਬੰਧਕ ਢਾਂਚੇ, ਸਟੇਟ ਆਦਿ ਜਿਹੇ ਅਮੂਰਤ ਨਾਵਾਂ ਬਾਰੇ ਹੀ ਗੱਲ ਮੋਲ ਗੱਲ ਕਰ ਕੇ ਉਹਨਾਂ 'ਤੇ ਹੀ ਆਪਣਾ ਨਜ਼ਲਾ ਸੁਟਿਆ ਜਾਵੇ ? ਜੇ ਹਾਂਸ ਸਾਹਿਬ ਇਦਾਂ ਸੋਚਦੇ ਹਨ ਤਾਂ ਬਹੁਤ ਗਲਤ ਸੋਚਦੇ ਹਨ।

ਇਕ ਗੱਲ ਹੋਰ : ਏਸੇ ਰਾਜ-ਪ੍ਰਬੰਧਕ ਢਾਂਚੇ ਦੀ ਕੁਰਸੀ 'ਤੇ ਬੈਠੇ ਬੰਦੇ ਬੰਦੇ ਵਿਚ ਫ਼ਰਕ ਹੋਵੇਗਾ। ਇਕ ਬੰਦਾ ਡਾਕਟਰ, ਡਫ਼ਰ, ਅੜਬ ਹੋਣ ਦੇ ਨਾਲ ਨਾਲ ਤਾਨਾਸ਼ਾਹ ਵੀ ਹੋ ਸਕਦਾ ਹੈ। ਉਹ ਆਪਣੀ ਅਫ਼ਸਰੀ ਨੂੰ ਡਿਕਟੇਟਰੀ ਦੀ ਹਦ ਤਕ ਚੁਕ ਕੇ ਲੈ ਜਾਵੇਗਾ। ਦੂਜਾ ਬੰਦਾ, ਏਸੇ ਕੁਰਸੀ ਉਪਰ, ਲਿਬਰਲ ਵਿਚਾਰਾਂ ਦਾ ਡੈਮੋਕਰੈਟ ਵੀ ਹੋ ਸਕਦਾ ਹੈ। ਉਸ ਦੇ ਵਿਚ ਇਨਸਾਨੀਅਤ ਦਾ ਮਾਦਾ ਹੋਵੇਗਾ। ਉਸ ਦਾ ਵਤੀਰਾ, ਨਿਰਸੰਦੇਹ, ਆਪਣੇ ਹੇਠਲਿਆਂ ਨਾਲ ਪਹਿਲੇ ਬੰਦੇ ਦੇ ਵਤੀਰੇ ਨਾਲੋਂ ਵਖਰਾ ਹੋਵੇਗਾ। ਇਹ ਫ਼ਰਕ ਸਾਡੀ ਨਜ਼ਰ ਵਿਚ ਆਉਣਾ ਚਾਹੀਦਾ ਹੈ ਕਿ ਨਹੀਂ ?

ਜਦ ਕਿਸੇ ਦਾ ਨਿਜ ਭਿਆਨਕ ਸਮਾਜਕ-ਵਰਤਾਰੇ ਵਿਚ ਪੇਸ਼ ਹੁੰਦਾ ਹੈ ਤੇ ਸੂਝਵਾਨ ਲੋਕ ਅਜਿਹੇ ਬੰਦੇ ਦੀ ਕਰੜੀ ਆਲੋਚਨਾ ਕਰਦੇ ਹਨ ਤਾਂ ਉਹ ਜ਼ਰੂਰ ਹਾਲ-ਪਾਹਰਿਆ ਕਰਦਾ ਹੈ : "ਇਹ ਲੋਕ 'ਸਖਸ਼ੀ ਬੁਹਤਾਨ-ਤਰਾਸ਼ੀ' ਕਰ ਰਹੇ ਹਨ, 'ਫਹੁਸ਼ ਕਲਾਮੀ' ਤੋਂ ਕੰਮ ਲੈ ਰਹੇ ਹਨ," ਇਤਿਆਦਿ। ਸਾਨੂੰ ਬੇਹਦ ਅਫ਼ਸੋਸ ਹੈ ਕਿ ਸੁਰਜੀਤ ਹਾਂਸ ਹੁਰੀਂ ਅੱਜ ਉਸ ਬੰਦੇ ਨਾਲ ਖੜ੍ਹ ਕੇ ਉਸ ਦੀ ਬੋਲੀ ਬੋਲ ਰਹੇ ਹਨ। ਉਹ ਕਿਹੜੇ ਕੈਂਪ ਵਿਚ ਹਨ ? ਅਸੀਂ ਉਹਨਾਂ ਤੋਂ ਇਹ ਪੁਛਣਾ ਚਾਹੁੰਦੇ ਹਾਂ।

ਨਿਕੰਮੇ ਤੇ ਗਏ ਗੁਜ਼ਰੇ, ਬੁਸੀਦਾ ਤੇ ਮਨੁਖਤਾ-ਵਿਰੋਧੀ ਆਰਥਕ, ਸਮਾਜਕ ਢਾਂਚੇ, ਸਟੇਟ, ਰਾਜ-ਪ੍ਰਬੰਧ ਦੇ ਅਦਾਰਿਆਂ ਤੇ ਸੰਸਥਾਵਾਂ ਦੀ ਕਰੜੀ ਆਲੋਚਨਾ ਦੇ ਵਿਚ ਹੀ ਉਹਨਾਂ ਸਾਰਿਆਂ ਵਿਅਕਤੀਆਂ ਦੀ, ਸਣੇ ਉਹਨਾਂ ਦੇ ਵਿਵਹਾਰ, ਆਚਰਨ ਤੇ ਅਕਾਦਮਿਕ ਹਨੇਰ ਗਰਦੀ ਦੇ, ਆਲੋਚਨਾ ਆਉਂਦੀ ਹੈ। ਇਹ ਨਾ 'ਖਰਾਫਾਤ' ਹੈ, ਨਾ 'ਗੰਭੀਰ ਪਰਚੇ ਦੀ ਸੰਪਾਦਨਾ ਕਰਦੇ ਲੋਕ-ਪ੍ਰਿਯ ਸੰਪਾਦਕ ਨੂੰ (ਹੋਈ) ਉਕਤਾਹਟ ਹੈ, ਨਾ ਇਹ 'ਕਲਪਿਤ ਨਿਜੀ ਹਮਲੇ' ਹਨ, ਤੇ ਨਾ ਹੀ ਇਹ 'ਸੰਪਾਦਿਕ ਨੂੰ ਅਕਲ ਆ ਰਹੀ ਜਾਂ ਜਾ ਰਹੀ' ਦਾ ਮਸਲਾ ਹੈ, ਜਿਵੇਂ ਕਿ ਸੁਰਜੀਤ ਹਾਂਸ ਹੁਰਾਂ ਇਸ ਨੂੰ ਸਮਝਿਆ ਹੈ ਅਤੇ ਬੁਰੀ ਤਰ੍ਹਾਂ ਟਪਲਾ ਖਾਧਾ ਹੈ।

ਸੁਆਲ ਤਾਂ ਸਗੋਂ ਦੂਸਰਾ ਹੈ ਅਤੇ ਉਸ ਦਾ ਜੁਆਬ ਹਾਂਸ ਸਾਹਿਬ ਨੂੰ ਸਾਨੂੰ ਨਹੀਂ, ਸਗੋਂ ਆਪਣੇ ਆਪ ਨੂੰ ਦੇਣਾ ਚਾਹੀਦਾ ਹੈ ਕਿ ਇਸ ਸਾਰੇ ਮੰਜ਼ਰ ਦਾ ਪਿਛੋਕੜ ਕੀਹ ਹੈ। ਡਾ: ਅਤਰ ਸਿੰਘ ਦੀ ਹੋਈ ਨੁਕਤਾਚੀਨੀ ਦੀ ਆਖ਼ਰ ਹਾਂਸ ਸਾਹਿਬ ਨੇ ਇਤਨੀ ਪੀੜ ਕਿਉਂ ਮਨਾਈ ਹੈ ? ਕੀ ਇਹ ਸਾਰਾ ਕੁਝ ਸੰਪਾਦਨ-ਅਸਮਾਣ ਤੋਂ ਧੁੰਦ ਸਾਫ਼ ਕਰਨ ਲਈ ਹੀ ਕੀਤਾ ਗਿਆ ਹੈ ਜਾਂ ਇਸ ਦੇ ਪਿਛੇ ਕੋਈ ਹੋਰ ਉਚੇਰਾ (ਜਾਂ ਨੀਵਾਂ) ਮੰਤਵ ਵੀ ਕੰਮ ਕਰ ਰਿਹਾ ਹੈ ?

ਦੋ ਛੋਟੀਆਂ ਜਿਹੀਆਂ ਗੱਲਾਂ ਹੋਰ ਜੇ ਪਾਠਕ ਇਜਾਜ਼ਤ ਦੇਣ :— (1) ਹਾਂਸ ਸਾਹਿਬ ਨੇ ਕਿਹੜੀ ਪ੍ਰਮਾਣਕ ਪੁਸਤਕ ਵਿਚੋਂ ਇਹ ਗੱਲ ਪੜ੍ਹ ਲਈ ਹੈ ਕਿ ਕਿਸੇ ਰਿਪੋਰਟ ਵਿਚ ਕਲਪਨਾ

ਨੂੰ, ਕਲਪਿਤ ਸੁਆਲਾਂ ਜੁਆਬਾਂ ਨੂੰ ਤੇ ਇਥੋਂ ਤਕ ਦੂਅਰਥੀ ਕਥਾ ਨੂੰ ਥਾਂ ਨਹੀਂ ਮਿਲ ਸਕਦੀ। "ਇਹ ਕੋਈ ਮਰਯਾਦਾ ਵੀ ਨਹੀਂ"—ਜੇ ਇਹ ਫੈਸਲਾ ਹਾਂਸ ਸਾਹਿਬ ਨੇ ਹੀ ਦੇਣਾ ਹੈ ਤਾਂ ਅਸੀਂ ਨਿਮਰਤਾ ਨਾਲ ਕਹਾਂਗੇ ਕਿ ਇਹ ਮਰਯਾਦਾ ਸੇਧ ਨੇ ਕਾਇਮ ਕੀਤੀ ਹੈ।

(2) ਬਾਕੀ ਰਹੀ ਗੱਲ ਗਲਤੀ/ਭੁਲ ਦੀ। ਗਲਤੀ/ਭੁਲ ਹੋ ਜਾਂਦੀ ਹੈ। ਇਨਸਾਨ ਹਾਂ, ਸਾਡੇ ਕੋਲੋਂ ਵੀ ਅਵਸ਼ ਹੋ ਜਾਂਦੀ ਹੈ। ਗਲਤੀ/ਭੁਲ ਜੇ ਨਹੀਂ ਹੁੰਦੀ ਤਾਂ ਕਿਸੇ ਲਕੀਰ ਦੇ ਫਕੀਰ ਕੋਲੋਂ ਹੀ ਨਹੀਂ ਹੁੰਦੀ। ਉਸ ਘਸੇ ਪਿਟੇ ਰਾਹ 'ਤੇ ਜੁ ਤੁਰਦੇ ਜਾਣਾ ਹੁੰਦਾ ਹੈ। ਅਸੀਂ ਤਾਂ ਹਰ ਅੰਕ ਨੂੰ ਸ਼ੁਰੂ ਕਰਨ ਤੋਂ ਲੈ ਕੇ ਉਸ ਨੂੰ ਕੱਢਣ ਤਕ ਇਹੀ ਕਹਿੰਦੇ ਹਾਂ : ਸੰਗਤੋ, ਭੁਲ ਚੁਕ ਮਾਫ਼। ਹਰ ਬੌਧਕ-ਉਚਮਤਾ ਦਾ ਅਸੀਂ ਸਤਿਕਾਰ ਕਰਦੇ ਹਾਂ ਅਤੇ ਹਰ ਬੌਧਕ-ਹੰਕਾਰ ਨੂੰ, ਭਾਵੇਂ ਉਹ ਕਿਸੇ ਥਾਉਂ ਵੀ ਫੁਟ ਰਿਹਾ ਹੋਵੇ, ਅਸੀਂ ਉਥੇ ਲਿਖਦੇ ਹਾਂ।

—ਪੰਨੂੰ

o ਪਟਿਆਲਾ ਤੋਂ ਸੇਧ ਦੇ ਇਕ 'ਸ਼ੁਭਚਿੰਤਕ' ਨੂੰ ਮੇਰੇ 'ਹਸ਼ੀਏ ਦੇ ਇਸ ਪਾਰ' ਲੇਖ (ਜੂਨ, 1979) ਨੇ ਖਾਸਾ ਪਰੇਸ਼ਾਨ ਕੀਤਾ ਲਗਦੈ। ਇਸੇ ਲਈ ਉਹ ਕਿਸੇ ਦਲੀਲ ਦੀ ਅਣਹੋਂਦ ਵਿਚ ਲਚਕੀਲੇ ਸ਼ਬਦ—"ਸੇਧ ਦੇ ਮਿਆਰ, ਸਿਆਸਤ ਤੇ ਸ਼ੋਭਾ"—ਵਰਤ ਕੇ ਮੇਰੇ ਲੇਖ ਦੇ ਛਾਪੇ ਜਾਣ ਬਾਰੇ ਰੋਸ ਪ੍ਰਗਟ ਕਰਦਾ ਹੈ। ਇਸ ਤੋਂ ਇਲਾਵਾ ਮੈਨੂੰ ਨਿੱਜੀ ਤੌਰ ਉਤੇ ਪਤਾ ਲੱਗਾ ਹੈ ਕਿ ਜਿਨ੍ਹਾਂ ਮਹਾਨ ਵਿਅਕਤੀਆਂ ਦੇ ਖ਼ਿਲਾਫ਼ ਇਹ ਲੇਖ ਹੈ ਉਹ ਵੀ ਖਾਸੇ ਦੁਖੀ ਹੋਏ ਹਨ। ਆਲੋਚਕ ਸਾਹਿਬ ਨੇ ਕਿਸੇ ਅਗੇ ਸਫ਼ਾਈ ਇਹ ਪੇਸ਼ ਕੀਤੀ ਹੈ ਕਿ ਉਹ ਮੰਤਰੀਆਂ ਪਾਸ ਨਹੀਂ ਜਾਂਦੇ, ਸਗੋਂ ਮੰਤਰੀ ਉਨ੍ਹਾਂ ਪਾਸ ਆਉਂਦੇ ਹਨ। ਇਸ ਸਫਾਈ ਪਿਛੇ ਕੰਮ ਕਰ ਰਹੀ ਮਾਨਸਿਕਤਾ ਵਲ ਧਿਆਨ ਦਿਉ। ਇਸੇ ਹੀ ਤਰ੍ਹਾਂ ਇਕ ਹੋਰ ਵਿਅਕਤੀ ਜਿਸ ਨੂੰ ਵੇਖ ਸੁਣ ਕੇ ਤੁਸੀਂ ਇਸ ਕਥਨ ਨਾਲ ਸਹਿਮਤ ਹੋਏ ਬਗ਼ੈਰ ਨਹੀਂ ਰਹਿ ਸਕਦੇ ਕਿ ਉਸ ਨੂੰ ਪੁਲਸ ਦਾ ਟਾਊਟ ਹੋਣਾ ਚਾਹੀਦਾ ਸੀ ਦਾ ਪ੍ਰਤਿਕਰਮ ਵੀ ਸੁਣ ਲਵੋ। ਉਸ ਦਾ ਵਿਚਾਰ ਹੈ ਕਿ ਇਹ ਸਭ ਮੇਰੀ 'ਫਰਸਟ੍ਰੇਸ਼ਨ' ਬੋਲ ਰਹੀ ਹੈ। ਉਹ ਮਹਾਂ-ਪੁਰਸ਼ ਥੋੜਾ ਜਿੰਨਾ ਗਲਤ ਹੈ। ਮੈਂ ਫਰਸਟ੍ਰੇਟਿਡ ਨਹੀਂ; ਜੋ ਕੁਝ ਉਹ ਜਾਂ ਉਸ ਵਰਗੇ ਕਰ ਰਹੇ ਹਨ ਉਸ ਨੂੰ ਵੇਖ ਕੇ 'ਡਿਸਗਸਟਿਡ' ਜ਼ਰੂਰ ਹਾਂ। ਕੁਝ ਇਕ ਨੇ ਲੇਖ ਦੇ ਦੋ ਤਿੰਨ ਸ਼ਬਦਾਂ ਉਤੇ ਇਤਰਾਜ਼ ਕੀਤਾ ਹੈ। ਉਹ ਸ਼ਾਇਦ ਭੁਲ ਗਏ ਹਨ ਕਿ ਗੁਰੂ ਨਾਨਕ ਨੂੰ ਵੀ 'ਅਸੰਖ ਚੋਰ ਹਰਾਮ ਖੋਰ' ਕਹਿਣਾ ਪਿਆ ਸੀ।

ਪਰ ਇਹ ਸਾਰੀਆਂ ਗੱਲਾਂ ਮੇਰੇ ਲੇਖ ਦੀ ਵਸਤੂ ਤੋਂ ਟੁੱਟ ਕੇ ਚਲਦੀਆਂ ਹਨ। ਸੰਗਰੂਰ ਤੋਂ ਪਾਠਕ ਸੁਖਦਿਆਲ ਸਿੰਘ (ਸੇਧ, ਜੁਲਾਈ 79) ਦਾ ਕਥਨ ਹੈ ਕਿ ਮੈਂ ਆਪਣੀ ਗੱਲ ਨੂੰ "ਸਕੈਂਡਲ ਵਰਗਾ ਬਣਾ ਕੇ ਪੇਸ਼" ਕਰਦਾ ਹਾਂ। ਮੇਰਾ ਸਵਾਲ ਹੈ : ਕੀ ਸਕੈਂਡਲ ਨੂੰ ਵੇਦਾਂ ਦੇ ਸਲੋਕ ਵਰਗਾ ਬਣਾ ਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ? ਕੀ 'ਨਾਗਮਣੀ' ਵਿਚਲੀ ਬਹੁਤੀ ਭਰਤੀ ਸਕੈਂਡਲ ਨਹੀਂ ? ਨਰਿੰਦਰਪਾਲ ਦੇ ਨਾਵਲ ਨੂੰ ਸਾਹਿਤ ਅਕਾਡਮੀ ਇਨਾਮ ਕੀ ਹੈ ? ਅਜ ਪੰਜਾਬੀ ਵਿਚ ਫਸਟ ਕਲਾਸਾਂ ਅਤੇ ਪੀ-ਐਚ. ਡੀ. ਦੀਆਂ ਡਿਗਰੀਆਂ ਕਿਵੇਂ ਸਕੈਂਡਲ ਨਹੀਂ ਹਨ ? ਪੂਰੀ ਦੀ ਪੂਰੀ ਪੀੜ੍ਹੀ, ਜੋ ਕੁਝ ਕਰ ਸਕਦੀ ਸੀ, ਬੌਧਿਕ ਅਤੇ ਸਿਰਜਣ ਦੇ ਪੱਧਰ ਉਤੇ ਕਿਸੇ ਸਿਖਰ ਨੂੰ ਛੂਹ ਸਕਦੀ ਸੀ, ਫਸਟ ਕਲਾਸਾਂ ਅਤੇ ਪੀ-ਐਚ. ਡੀ. ਦੇ ਵਿਹੁ-ਚੱਕਰ ਵਿਚ ਫਸ ਕੇ ਆਪਣੇ ਆਪ ਨੂੰ ਹਰ ਪੱਖੋਂ (Diminish) ਘਟਾ ਚੁੱਕੀ ਹੈ। ਇਸ ਪੀੜ੍ਹੀ ਨੂੰ ਅਜਿਹਾ ਕਰਨ ਲਈ ਕਿਸ ਨੇ ਮਜਬੂਰ



ਕੀਤਾ ? ਵਿਰਸੇ ਵਿਚ ਉਨ੍ਹਾਂ ਨੂੰ ਕੀ ਮਿਲਿਆ ਅਤੇ ਮਿਲ ਰਿਹਾ ਹੈ ? ਕੀ ਇਹ ਮਨੁੱਖੀ ਚੇਤਨਾ ਸਾਹਿਤਕ ਜਾਂ ਅਧਿਆਪਨ ਦੇ ਪੱਧਰ ਉਤੇ ਫਰਾਡ ਜਾਂ ਸਕੈਂਡਲ ਨਹੀਂ ? ਕੀ ਇਸ ਬਾਰੇ ਚੁੱਪ ਸਾਧ ਲੈਣੀ ਅਤੇ ਸਿਰਫ਼ ਅਮੂਰਤ (abstract) ਪੱਧਰ ਉਤੇ ਬਹਿਸ ਕਰਦੇ ਰਹਿਣ ਨਾਲ ਹੀ ਸਭ ਕੁਝ ਸੰਵਰ ਜਾਣਾ ਹੈ ? ਸੇਧ ਮਿਲ ਜਾਣੀ ਹੈ ? ਜੇ ਅਜਿਹੀ ਗੱਲ ਹੈ ਤਾਂ ਇਹ ਸੇਵਾ ਪਿਛਲੇ ਕਈ ਵਰ੍ਹਿਆਂ ਤੋਂ ਸੇਧ ਦੇ ਕਾਲਮ ਕਰ ਹੀ ਰਹੇ ਹਨ। ਇਨ੍ਹਾਂ 'ਭਾਈਆਂ' ਨੂੰ ਹੋਰ ਕੀ ਚਾਹੀਦੈ ? ਇਹ ਗੰਦ ਫੈਲਾਈ ਜਾਣ, ਤੁਸੀਂ ਇਸ ਉਤੇ ਦਰੀ ਵਿਛਾ ਕੇ ਭਜਨ ਬੰਦਗੀ ਵਿਚ ਲਗੇ ਰਹੋ। ਜੇ ਸਾਹਿਤਕ ਅਤੇ ਅਧਿਆਪਨ ਦੇ ਖੇਤਰ ਵਿਚ ਅਜਿਹੀਆਂ ਗੱਲਾਂ ਦਾ ਵਿਰੋਧ 'ਪੀਲੀ ਪੱਤਰਕਾਰੀ' ਹੈ ਤਾਂ ਅੱਜ ਦੇ ਸਿਆਸੀ ਅਤੇ ਸਮਾਜਕ ਢਾਂਚੇ ਵਿਰੁਧ ਬੋਲਣ ਵਾਲਿਆਂ, ਇਸ ਦੇ ਚੂਸੜੇ ਉਡਾਣ ਵਾਲਿਆਂ ਦੀ ਜੱਦੋ-ਜਹਿਦ ਨੂੰ ਵੀ 'ਪੀਲੀ' ਕਹਿ ਦਿਉ।

ਦਰਅਸਲ ਘੁੰਡੀ ਕਿਤੇ ਹੋਰ ਹੈ। ਲਗਦੈ ਸੇਧ ਦਾ 'ਸ਼ੁਭਚਿੰਤਕ' ਤੇਜਵੰਤ ਉਨ੍ਹਾਂ ਮਹਾਨ ਵਿਅੱਕਤੀਆਂ ਦਾ ਰਤਾ ਵੱਧ ਸ਼ੁਭਚਿੰਤਕ ਹੈ ਜਿਨ੍ਹਾਂ ਦੇ ਖ਼ਿਲਾਫ਼ ਮੇਰੇ ਲੇਖ ਹਨ। ਜੇ ਅਜਿਹਾ ਹੈ ਤਾਂ ਉਨ੍ਹਾਂ ਦੇ ਹੱਕ ਵਿਚ ਸਿੱਧੇ ਢੰਗ ਨਾਲ ਸਫ਼ਾਈ ਪੇਸ਼ ਕਿਉਂ ਨਹੀਂ ਕਰਦਾ ? ਫਿਰ ਕਿਸੇ ਨਾਲ ਜ਼ਾਤੀ ਵਿਰੋਧ ਤਾਂ ਜ਼ਾਹਿਰ ਨਹੀਂ ਕੀਤਾ ਗਿਆ। ਕਿਸੇ ਦੀ ਜ਼ਾਤੀ ਤਰਜ਼ੇ-ਜ਼ਿੰਦਗੀ ਜੋ ਹੈ, ਉਹ ਉਸ ਦੀ ਆਪਣੀ ਹੈ। ਪਰ ਜਦੋਂ ਪ੍ਰਪੰਚਾਂ ਅਤੇ ਗਾਸਿਪ ਰਾਹੀਂ, ਜਾਂ ਰਾਜ-ਸੱਤਾ ਦੇ ਇਰਦ ਗਿਰਦ ਘੁੰਮ ਕੇ ਸਾਹਿਤਕ ਅਤੇ ਅਧਿਆਪਨ ਦੇ ਖੇਤਰ ਵਿਚ ਮਜਬੂਰ ਅਤੇ ਕਮਜ਼ੋਰ ਉਭਰ ਰਹੇ ਨੌਜਵਾਨਾਂ ਨੂੰ ਆਪਣੇ ਮਗਰ ਇਸ ਲਈ ਲਗਾ ਲਿਆ ਜਾਵੇ ਕਿ ਤੁਸੀਂ ਉਨ੍ਹਾਂ ਨੂੰ ਸਥਾਪਤ ਕਰ ਸਕਦੇ ਹੋ ਜਾਂ ਫਸਟ ਕਲਾਸ ਦੇ ਸਕਦੇ ਹੋ ਜਾਂ ਕਵੀ ਬਣਾ ਸਕਦੇ ਹੋ ਜਾਂ ਪੀ-ਐਚ. ਡੀ. ਦੇ ਕੇ ਨੌਕਰੀ ਲਗਵਾ ਸਕਦੇ ਹੋ ਤਾਂ ਇਹ ਸਭ ਕੀ ਹੈ ? ਇਸ ਬਾਰੇ ਗੱਲ ਕਿਉਂ ਨਾ ਕੀਤੀ ਜਾਵੇ ? ਪਿਛੇ ਜਿਹੇ ਵਿਸ਼ਵਾਨਾਥ ਤਿਵਾੜੀ ਨੇ ਅਖਬਾਰਾਂ ਵਿਚ ਆਪਣੇ ਬਾਰੇ ਖ਼ਬਰ ਛਪਵਾਈ ਹੈ ਕਿ ਉਹ ਸਮੁੱਚੇ ਭਾਰਤ ਵਿਚੋਂ ਕੇਵਲ ਦੋ ਕਵੀਆਂ ਵਿਚੋਂ ਇਕ ਅਜਿਹਾ ਕਵੀ ਹੈ ਜਿਸ ਨੂੰ ਯੁਗੋਸਲਾਵੀਆ ਵਿਚ ਹੋ ਰਹੇ ਦੁਨੀਆਂ ਭਰ ਦੇ ਕਵੀਆਂ ਦੇ ਮੇਲੇ ਵਿਚ ਸਦਿਆ ਗਿਆ ਹੈ। ਤਿਵਾੜੀ ਨਿੱਜੀ ਤੌਰ ਉਤੇ ਭਾਵੇਂ ਸਾਰੀ ਦੁਨੀਆਂ ਦਾ ਚੱਕਰ ਕਟ ਆਵੇ ਸਾਨੂੰ ਇਸ ਨਾਲ ਕੋਈ ਗਿਲਾ ਨਹੀਂ, ਸਗੋਂ ਖ਼ੁਸ਼ੀ ਹੈ। ਪਰ ਜਦੋਂ ਉਹ ਤਿਗੜਮਬਾਜ਼ੀ ਰਾਹੀਂ ਪੰਜਾਬੀ ਅਤੇ ਭਾਰਤੀ ਕਵਿਤਾ ਦਾ ਬੇਮਿਸਾਲ 'ਨਮੂਨਾ' ਬਣ ਕੇ ਬਦੇਸ਼ ਜਾਵੇ, ਉਚੋਂ ਇਹ ਇਕ ਤਕੜਾ ਸਕੈਂਡਲ ਹੀ ਨਹੀਂ ਸਗੋਂ ਸਮੁੱਚੀ ਸ਼ਾਇਰੀ ਦਾ ਨਿਰਾਦਰ ਵੀ ਹੈ। ਇਕ ਪਾਸੇ ਹੋਵੇ ਸਾਡਾ ਇਹ ਦੁਲਾਰਾ ਨਟਵਰ ਲਾਲ ਤੇ ਦੂਜੇ ਪਾਸੇ ਹੋਵੇ ਪਾਕਿਸਤਾਨ ਤੋਂ ਫੈਜ਼ ! ਕੈਸਾ ਲਗਦਾ ਹੈ ਇਹ ਸੁਣ ਕੇ ? ਜਿਵੇਂ 'ਮਿਸਟਰ ਨਟਵਰ ਲਾਲ' ਫਿਲਮ ਨੂੰ ਔਸਕਰ ਫਿਲਮ ਮੁਕਾਬਲੇ ਵਿਚ ਭਾਰਤ ਵਲੋਂ 'ਐਂਟਰੀ' ਵਜੋਂ ਭੇਜ ਦਿਤਾ ਗਿਆ ਹੋਵੇ। ਹੋਰਨਾਂ ਖੇਤਰਾਂ ਵਿਚ ਜੇ ਅਜਿਹਾ ਹੋਵੇ ਤਾਂ ਸ਼ੋਰ ਪੈ ਜਾਂਦਾ ਹੈ, ਕਰੜੀ ਆਲੋਚਨਾ ਹੁੰਦੀ ਹੈ, ਪਰ ਪੰਜਾਬੀ ਵਿਚ ਨਿਪੁੰਸਕਤਾ ਦੀ ਹੱਦ ਹੈ ਕਿ ਸਭ ਚਲਤਾ ਹੈ।

ਪੀਲੀ ਪੱਤਰਕਾਰੀ ਕੀ ਹੈ ? ਇੰਦਰਾ ਨੂੰ ਐਮਰਜੈਂਸੀ ਦੌਰਾਨ ਨਿਖਲ ਚੱਕਰਵਰਤੀ ਅਤੇ ਰਮੇਸ਼ ਥਾਪੜ ਦੇ ਲੇਖ 'ਪੀਲੀ ਪੱਤਰਕਾਰੀ' ਲਗਦੇ ਸਨ। ਜਦੋਂ ਤਾਕਤ ਦਾ ਨਸ਼ਾ ਸਿਰ ਨੂੰ ਆ ਚੜ੍ਹੇ ਉਦੋਂ ਬੰਦਾ ਆਪਣੇ ਆਪ ਨੂੰ ਨੁਕਤਾਚੀਨੀ ਤੋਂ ਉਪਰ (immune) ਸਮਝਦਾ ਹੈ। ਜਿਹੜੇ ਆਪਣੀ ਕਿਸੇ ਜ਼ਿਹਨੀ ਮਜਬੂਰੀ ਸਦਕਾ ਦੀਦੀ-ਭਗਤ ਹਨ ਉਨ੍ਹਾਂ ਨੂੰ 'ਨਾਗਮਣੀ' ਦੇ ਫੈਲਾਏ ਜਾ ਰਹੇ ਲਿਜ਼ਲਿਜ਼ੇਪਣ ਦੀ ਨੁਕਤਾਚੀਨੀ ਜੇ ਦੁਖੀ ਕਰਦੀ ਹੈ ਤਾਂ ਇਸ ਲਈ ਕਿ ਉਨ੍ਹਾਂ ਨੂੰ ਹੋਰ ਕੋਈ ਠਾਹਰ

ਨਹੀਂ ਦਿਸ ਆਉਂਦੀ। ਅਜਿਹਾ ਜੇ ਹੈ ਤਾਂ ਕੀ ਇਹ ਆਪਣੇ ਆਪ ਵਿਚ ਚਿੰਤਾਜਨਕ ਗੱਲ ਨਹੀਂ ? ਜੇ ਹਿੰਦੀ ਵਿਚ 'ਪਹਿਲ', 'ਅੰਤਤਾ' 'ਲਹਿਰ' ਵਰਗੇ ਰਸਾਲੇ ਸਿਰਫ਼ ਉੱਚੀਆਂ ਸਾਹਿਤਕ ਕਦਰਾਂ ਕੀਮਤਾਂ ਦੀ ਖ਼ਾਤਰ ਨਿਕਲ ਸਕਦੇ ਹਨ ਤਾਂ ਪੰਜਾਬੀ ਵਿਚ ਅਜਿਹਾ ਜੇ ਨਹੀਂ ਹੈ ਤਾਂ ਕਿਉਂ ਨਹੀਂ ਹੈ ? ਇਸ ਦਾ ਕੀ ਹਲ ਹੈ ?

ਅੰਤ ਵਿਚ ਮੈਂ ਇਹੀ ਕਹਾਂਗਾ ਕਿ ਸੇਧ ਵਿਚ ਛਪੀਆਂ ਇਨ੍ਹਾਂ ਚਿੱਠੀਆਂ ਤੋਂ ਮੇਰਾ ਵਿਸ਼ਵਾਸ਼ ਹੋਰ ਪੱਕਾ ਹੋ ਗਿਆ ਹੈ ਕਿ ਨੌਜਵਾਨ ਪੀੜ੍ਹੀ ਨੂੰ ਵੰਗਾਰਨ ਲਈ, ਉਨ੍ਹਾਂ ਅੰਦਰ ਆਲੇ ਦੁਆਲੇ ਦੇ ਕੁਹਜ ਬਾਰੇ ਗੁੱਸਾ ਪੈਦਾ ਕਰਨ ਦੀ ਅੱਜ ਸਖ਼ਤ ਲੋੜ ਹੈ। ਗੋਰਕੀ ਨੇ ਕਿਹਾ ਹੈ ਕਿ ਉਹ ਨਫ਼ਰਤ ਆਦਰਯੋਗ ਹੈ ਜੋ ਮਨੁੱਖ ਨੂੰ ਆਪਣੇ ਆਲੇ ਦੁਆਲੇ ਫੈਲੇ ਗੰਦ ਨੂੰ ਵੇਖ ਕੇ ਹੁੰਦੀ ਹੈ। ਇਹ ਨਫ਼ਰਤ ਹੀ ਕੁਝ ਕਰਨ ਲਈ ਪ੍ਰੇਰਦੀ ਹੈ।

—ਗੁਰਬਚਨ, ਨਵੀਂ ਦਿੱਲੀ

o ਗੌ: ਟੀਚਰਜ਼ ਯੂਨੀਅਨ ਪੰਜਾਬ ਦੀਆਂ ਚੋਣਾਂ ਬਾਰੇ : ਜੁਲਾਈ 79 ਦੇ ਸੇਧ ਵਿਚ ਕੁਲਵੰਤ ਨੇ ਗੌ: ਟੀਚਰਜ਼ ਯੂਨੀਅਨ ਦੀਆਂ ਚੋਣਾਂ ਬਾਰੇ ਜੋ ਰਿਪੋਰਟ ਲਿਖੀ ਹੈ ਉਸ ਵਿਚ ਬਠਿੰਡਾ ਜ਼ਿਲ੍ਹੇ ਦੀ ਚੋਣ ਬਾਰੇ ਨਹੀਂ ਲਿਖਿਆ ਗਿਆ ਸੀ। ਬਠਿੰਡਾ ਜ਼ਿਲ੍ਹੇ ਦੀ ਚੋਣ ਦਾ ਨਤੀਜਾ ਰਾਣਾ ਗਰੁੱਪ ਦੇ ਹੱਕ ਵਿਚ ਐਲਾਨ ਕੀਤਾ ਗਿਆ ਹੈ—ਤਿੰਨ ਵੋਟਾਂ ਦੇ ਫ਼ਰਕ ਨਾਲ। ਪਰ ਢਿੱਲੋਂ ਗਰੁੱਪ ਦੇ ਪੰਜ ਜ਼ਿਲ੍ਹਾ ਪ੍ਰਧਾਨਾਂ ਅਤੇ ਜਨਰਲ ਕੌਂਸਲ ਦੇ ਅੱਧੇ ਤੋਂ ਵਧ ਮੈਂਬਰਾਂ ਅਨੁਸਾਰ ਇਹ ਚੋਣ ਨਤੀਜਾ ਗਲਤ ਢੰਗ ਨਾਲ ਐਲਾਨਿਆ ਗਿਆ ਹੈ। ਹਕੀਕਤ ਇਹ ਹੈ ਕਿ ਰਾਣਾ ਗਰੁੱਪ ਦੇ ਚਾਰ ਵੋਟ ਕੈਂਸਲ ਹੁੰਦੇ ਸਨ, ਲੰਬੀ ਗਰੁੱਪ ਦੇ ਯਸ਼ਪਾਲ ਇਕ ਵੋਟ ਨਾਲ ਜਿੱਤਦੇ ਸਨ ਪਰ ਰਾਣਾ ਗਰੁੱਪ ਨੇ ਆਪਣੀ ਪਰੰਪਰਨ ਧੱਕੇਸ਼ਾਹੀ ਨਾਲ ਨਤੀਜੇ ਦਾ ਐਲਾਨ ਆਪਣੇ ਹੱਕ ਵਿਚ ਕਰ ਲਿਆ ਹੈ। ਇਸ ਸੰਬੰਧੀ ਬਹੁਸੰਮਤੀ ਬਲਾਕ ਪ੍ਰਧਾਨਾਂ ਦੀ ਮੰਗ ਤੇ ਜਨਰਲ ਕੌਂਸਲ ਦੀ ਮੀਟਿੰਗ ਬੁਲਾਉਣ ਤੋਂ ਵੀ ਲੀਡਰਸ਼ਿਪ ਵਿਚ ਭਾਰੂ ਰਾਣਾ ਗਰੁੱਪ ਬੇਸ਼ਰਮੀ ਨਾਲ ਇਨਕਾਰ ਕਰ ਰਿਹਾ ਹੈ, ਉਂਜ ਬਠਿੰਡੇ ਜ਼ਿਲ੍ਹੇ ਵਿਚ ਜਿਸ ਤਰ੍ਹਾਂ ਰਾਣਾ ਗਰੁਪ ਦੇ ਹੱਕ ਵਿਚ ਸਰਕਾਰੀ ਮਸ਼ੀਨਰੀ ਨੇ ਅਤੇ ਅਕਾਲੀ-ਜਨਤਾ ਆਗੂਆਂ ਨੇ ਦਿਨ ਰਾਤ ਤੁਰ ਫਿਰ ਕੇ ਕੰਮ ਕੀਤਾ ਹੈ, ਉਸ ਨੇ ਇਹਨਾਂ ਚੋਣਾਂ ਵਿਚ ਸਰਕਾਰੀ ਦਖ਼ਲ ਦੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿਤੇ ਹਨ। ਇਸ ਦੀ ਸਭ ਤੋਂ ਵਧੀਆ ਉਦਾਹਰਣ ਰਾਣੇ ਗਰੁੱਪ ਦੇ ਕਾਡਰ ਦਾ ਨਿੱਜੀ ਗੱਲਬਾਤ ਵਿਚ ਇਹ ਮੰਨਣਾ ਹੈ ਕਿ 'ਭਾਈ ਜਿੱਤਿਆ ਤਾਂ ਯਸ਼ਪਾਲ ਹੀ ਹੈ।'

—ਇਕ ਜਾਣਕਾਰ

o ਅਸਾਂ ਮਾਰਕਸਵਾਦੀਆਂ ਦੀਆਂ ਤੋਪਾਂ ਦੇ ਮੂੰਹ ਪੂੰਜੀਵਾਦ ਵਲ ਸੇਧਿਤ ਹੋਣ ਦੀ ਥਾਂ ਇਕ ਦੂਜੇ ਵਲ ਨੂੰ ਕਿਉਂ ਹਨ ? ਕੀ ਗਦੀਆਂ ਦੀ ਹਵਸ 'ਚ ਕੁਝ ਅਖੌਤੀ ਨੇਤਾ ਲੋਗ ਪੂਰੀ ਕਮਿਊਨਿਸਟ ਲਹਿਰ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ ? ਜੇ ਕਿਤੇ ਜਰਮਨੀ ਵਾਂਗ ਸਮਾਜਕ ਪਰਿਵਰਤਨ ਥੱਲੇ ਦੀ ਥਾਂ ਉਪਰੋਂ ਆ ਗਿਆ, ਭਾਰਤੀ ਸਮਾਜ ਨੂੰ ਕਿੰਨੀ ਦੁਖ-ਤਕਲੀਫ ਝੱਲਣੀ ਪਵੇਗੀ। ਮੇਰੇ ਤਾਂ ਰੌਂਗਟੇ ਖੜੇ ਹੋ ਜਾਂਦੇ ਹਨ।

—ਚਿਮਨ ਲਾਲ, ਕੋਟਕਪੂਰਾ



o 'ਸ਼ਵ ਪ੍ਰੀਖਿਆ' ਦੀ ਸਤਵੀਂ ਕਿਸ਼ਤ ਵੀ ਪੜ੍ਹੀ ਸੇਧ ਵਿਚ। ਅੰਤਮ ਪੈਰੇ ਦਾ ਵਾਕ ਉਤਸ਼ਾਹ ਕਾਇਮ ਰੱਖਣ ਅਤੇ ਉਡੀਕ ਕਰਾਉਣ ਲਈ ਭਾਵੇਂ ਲਿਖਿਆ ਗਿਆ ਹੋਵੇ।

ਮੈਂ ਉਤਸੁਕ ਜ਼ਰੂਰ ਹਾਂ ਲੇਖਕ ਦੇ ਵਿਚਾਰ ਜਾਣਨ ਲਈ ਕਿ ਪੰਜੀ ਵਰ੍ਹੇ ਪਹਿਲਾਂ ਮੇਰੇ ਜਿਹਾਂ ਜਿਹੜੀ ਪਹਿਲ ਕੀਤੀ ਸੀ, ਉਹ ਕਿਉਂ ਜਾਰੀ ਨਾ ਰਹੀ ਅਤੇ ਉਸ ਦਾ ਕੀ ਹਸ਼ਰ ਹੋਇਆ।

ਚੰਗਾ ਹੋਵੇ ਜੇ ਹੋਰਨਾਂ (ਆਲੋਚਕਾਂ) ਦੇ ਨਾਂ ਅਤੇ ਉਨ੍ਹਾਂ ਦੀ ਦੇਣ ਦਾ ਜ਼ਿਕਰ ਵੀ ਹੋ ਜਾਏ। ਜਿਊਂਦਿਆਂ ਨੂੰ ਹਸ਼ਰ ਜਾਣਨ ਦੀ ਵੀ ਇੱਛਾ ਤਾਂ ਹੁੰਦੀ ਹੀ ਹੈ।—ਕਿਰਪਾਲ ਸਿੰਘ ਆਜ਼ਾਦ, ਦਿੱਲੀ

o ਸੇਧ ਦੇ ਪਾਠਕ ਪੈਦਾ ਕਰਨਾ ਖਾਸਾ ਔਖਾ ਕੰਮ ਹੈ ਕਿਉਂਕਿ ਚਟਪਟੇ ਸਾਹਿਤ ਨੇ ਪਾਠਕ ਵਰਗ ਦੀ ਰੁਚੀ ਬਦਲ ਦਿਤੀ ਹੈ। ਇਹ ਬਿਨਾਂ ਸ਼ੱਕ ਇਕ ਸੋਚੀ ਸਮਝੀ ਸਾਜ਼ਿਸ਼ ਹੈ। ਸੇਧ ਨਾਲੇ ਹੋਇਆ ਵੀ ਕੋਰਾ ਸਿਧਾਂਤਕ ਪੱਤਰ, ਜਿਸ ਨੂੰ ਪੜ੍ਹਨਾ ਅਤੇ ਸਮਝਣਾ ਏਡਾ ਆਸਾਨ ਨਹੀਂ। ਇਸ ਦੇ ਨਾਲ ਮੈਂ ਹੋਰਨਾਂ ਵਾਂਗ ਇਹ ਸੁਝਾਅ ਦੇਵਾਂਗਾ ਕਿ ਕੁਝ ਪਾਕਿਸਤਾਨੀ ਲੇਖਕਾਂ (ਨਜਮ ਹੁਸੈਨ ਸੱਯਦ, ਸ਼ੁਜਾਅਲ ਹੱਕ ਲਾਹੌਰੀ ਆਦਿ) ਵਾਂਗ ਸਾਡੇ ਲੇਖਕ ਵੀ ਆਪਣੀ ਸ਼ਬਦਾਵਲੀ ਆਮ ਬੋਲ ਚਾਲ ਵਾਲੀ ਅਤੇ ਢੰਗ ਸੌਖਿਆਂ ਸਮਝ ਆਉਣ ਵਾਲਾ ਅਪਨਾਉਣ। ਸ਼ੈਲੀ ਰੌਚਿਕ, ਸਰਲ ਅਤੇ ਸੂਝ-ਮਈ ਹੋਣੀ ਚਾਹੀਦੀ ਹੈ ਤਾਂ ਹੀ ਆਮ ਪਾਠਕ ਰੁਚੀ ਲੈ ਸਕਦਾ ਹੈ। ਇਕ ਹੋਰ ਗੱਲ ਇਹ ਕਿ ਪੱਤਰ ਵਿਚ ਜ਼ਾਤੀ ਅਲੋਚਨਾ, ਘਟੀਆ ਵਿਅੰਗਬਾਜ਼ੀ ਅਤੇ ਤਾਹਨੇ ਮਿਹਣੇ ਨਹੀਂ ਹੋਣੇ ਚਾਹੀਦੇ। ਅਲੋਚਨਾ ਸਾਰਥਕ, ਸੂਖਮ ਵਿਅੰਗ ਵਾਲੀ, ਪੱਖਪਾਤ ਤੋਂ ਰਹਿਤ ਤੇ ਉਸਾਰੂ ਹੋਣੀ ਚਾਹੀਦੀ ਹੈ।

—ਹਰਦੇਵ ਸਿੰਘ, ਨੈਨੋਕੋਟ

---

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : 15 ਰੁਪੈ, ਪੇਪਰ ਬੈਕ—ਮੁੱਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2 1.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

# ਜਨਤਾ ਪ੍ਰਸ਼ਾਸਨ ਦੇ ਦੋ ਵਰ੍ਹੇ

## ਚੌਤਰਫ਼ੇ ਵਿਕਾਸ ਦੀ ਦਿਸ਼ਾ 'ਚ ਨਿਸ਼ਚਿਤ ਕਦਮ

## ਹਰੀਜਨਾਂ ਅਤੇ ਕਮਜ਼ੋਰ ਵਰਗਾਂ ਵਲ ਸਭ ਤੋਂ ਵਧ ਧਿਆਨ

* ਹਰੀਜਨ ਅਤੇ ਪਛੜੇ ਵਰਗ ਦੇ ਕਲਿਆਣ ਤੇ ਖ਼ਰਚ 1976-77 ਦੇ 43 ਲੱਖ ਰੁਪੈ ਤੋਂ 104 ਲੱਖ ਰੁਪੈ ਅਤੇ ਪਹਿਲੀ ਵਾਰ 37 ਹਰੀਜਨਾਂ ਨੂੰ ਬੱਸਾਂ ਖ਼ਰੀਦਣ ਲਈ ਆਰਥਿਕ ਸਹਾ ਬੱਸ ਦਾ ਮਾਲਕ ਬਨਾਉਣਾ।
* ਮੁੜ ਵਸਾਈਆਂ ਕਲੋਨੀਆਂ, ਸ਼ਹਿਰੀਕ੍ਰਿਤ ਪਿੰਡਾਂ, ਅਨਅਧਿਕਾਰਤ ਕਲੋਨੀਆਂ, ਕੱਟੜਿਆਂ ਅਤੇ ਪਾਰ ਦੀ 55 ਫ਼ੀ ਸਦੀ ਤੋਂ ਵੱਧ ਅਬਾਦੀ ਨੂੰ ਪਹਿਲੀ ਵਾਰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇਣ
* 4465 ਮਜ਼ਦੂਰਾਂ ਨੂੰ ਕਿਰਾਇਆ ਖ਼ਰੀਦ ਅਧਾਰ ਤੇ ਮਕਾਨ ਦੇਣੇ।
* ਪਿੰਡਾਂ ਦੇ ਵਿਕਾਸ ਤੇ 26 ਕਰੋੜ ਰੁਪਏ ਖ਼ਰਚ। ਇਕ ਸਾਲ 'ਚ ਹਰ ਪਿੰਡ 'ਚ ਪੀਣ ਵਾਲਾ ਪਾ ਲਈ 11 ਕਰੋੜ ਰੁਪਏ ਦੀ ਯੋਜਨਾ। ਪਿਛਲੇ 30 ਸਾਲਾਂ 'ਚ 25 ਪਿੰਡਾਂ ਨੂੰ ਇਹ ਸਹੂਲਤ ਮਿਲੀ। ਦਾ ਲਾਲ ਡੋਰਾ ਵੀ ਪਹਿਲੀ ਵਾਰ ਵਧਾਇਆ ਗਿਆ।
* 2 ਲੱਖ ਲੋਕਾਂ ਨੂੰ ਕੰਮ ਧੰਦੇ ਵਿਚ ਲਾਉਣ ਲਈ ਕਈ ਛੋਟੀਆਂ ਸਨਅਤੀ ਬਸਤੀਆਂ ਦੀ ਸਥਾ ਜਿਹਨਾਂ ਘਰਾਂ ਵਿਚ ਕੋਈ ਵੀ ਕੰਮ ਨਹੀਂ ਕਰ ਰਿਹਾ, ਉਹਨਾਂ ਵਿਚੋਂ ਇਕ ਨੂੰ ਕੰਮ ਦੇਣ ਦੀ ਕ੍ਰਾਂ ਯੋਜਨਾ।
* ਦੂਰ ਦੁਰਾਡੀਆਂ ਕਲਨੀਆਂ ਅਤੇ ਪਿੰਡਾਂ ਵਿਚ ਬੂਹੇ ਤੇ ਮੈਡੀਕਲ ਸਹੂਲਤਾਂ ਦੀ ਯੋਜਨਾ ਅਧੀ ਬਿਸਤਰਿਆਂ ਵਾਲੇ ਦੋ ਅਤੇ 100-100 ਬਿਸਤਰਿਆਂ ਵਾਲੇ 7 ਹਸਪਤਾਲਾਂ ਦੀ ਸਥਾਪਨਾ ਦੀ ਯੋ
* ਢਾਈ ਲੱਖ ਬੱਚਿਆਂ ਨੂੰ ਸਵੇਰ ਤੇ ਦੁਪਹਿਰ ਦਾ ਖਾਣਾ। 72000 ਬੱਚਿਆਂ ਨੂੰ ਵਜ਼ੀਫ਼ੇ। ਹਰ ਬੱਚੇ ਨੂੰ ਮੁਫ਼ਤ ਵਰਦੀ ਅਤੇ ਕਿਤਾਬਾਂ। 16500 ਲੜਕੇ ਲੜਕੀਆਂ ਨੂੰ 16 ਅਦਾਰਿਆਂ ਵਿਚ ਗੁ ਦੀ ਸਿਖਿਆ। ਦਾਖਲਾ ਕੇਵਲ ਯੋਗਤਾ ਦੇ ਆਧਾਰ ਤੇ। 100-100 ਆਂਗਨਵਾੜੀਆਂ ਦੀਆਂ ਯੋਜਨਾਵਾਂ ਅਧੀਨ ਇਕ ਲੱਖ ਬੱਚਿਆਂ ਅਤੇ ਮਾਤਾਵਾਂ ਨੂੰ ਸਿਖਿਆ, ਪਾਲਣ ਪੋਸਣ ਅਤੇ ਮੈਡੀਕਲ ਸਹੂ
* ਪਹਿਲੀ ਵਾਰ ਦਿੱਲੀ ਵਿਚ ਇਕ ਸਾਲ 'ਚ 11000 ਮਕਾਨ ਬਣੇ ਅਤੇ ਇਸ ਵਰ੍ਹੇ 20,000 ਮਕਾਨ 22000 ਪਲਾਟਾਂ ਦੇ ਵਿਕਾਸ ਦੀ ਯੋਜਨਾ। 80 ਫੀਸਦੀ ਮਕਾਨ ਘੱਟ ਆਮਦਨ ਅਤੇ ਆਰਥਿਕ ਕਮਜ਼ੋਰ ਵਰਗ ਲਈ।
* ਪੰਜਾਂ ਵਰ੍ਹਿਆਂ 'ਚ 7½ ਲੱਖ ਲੋਕਾਂ ਨੂੰ ਪੜ੍ਹਾਉਣ ਲਿਖਾਉਣ ਦੀ ਯੋਜਨਾ।
* 31 ਮਾਰਚ 1980 ਤਕ ਮੁਕੰਮਲ ਨਸ਼ਾਬੰਦੀ।

ਆਉ ਅਸੀਂ ਸਾਰੇ ਆਪਣੇ ਦੇਸ਼ ਦੀ ਰਾਜਧਾਨੀ ਨੂੰ ਦੁਨੀਆਂ ਦੀਆਂ ਖ਼ੂਬਸੂਰਤ ਅਤੇ ਮੁ ਹੂਲਤਾਂ ਵਾਲੀਆਂ ਰਾਜਧਾਨੀਆਂ ਵਿਚੋਂ ਇਕ ਬਨਾਉਣ ਦਾ ਦ੍ਰਿੜ੍ਹ ਨਿਸ਼ਚਾ ਕਰੀਏ।

ਸੂਚਨਾ ਤੇ ਪਰਚਾਰ ਡਾਇਰੈਕਟੋਰੇਟ, ਦਿਲੀ ਰਾਹੀਂ ਜਾਰੀ

ਸੇਧ/58

# ਬੱਚਾ ਉਦੋਂ ਹੀ ਜਦੋਂ ਤੁਸੀਂ ਚਾਹੋ

ਅਚਾਨਕ ਗਰਭ ਠਹਿਰ ਜਾਣ ਨਾਲ ਤੁਹਾਡੇ ਜੀਵਨ ਦੀਆਂ ਕਈ ਸਕੀਮਾਂ ਉਲਟ ਪੁਲਟ ਹੋ ਸਕਦੀਆਂ ਹਨ। ਇੰਝ ਕਈਆਂ ਨਾਲ ਹੋਇਆ ਹੈ ਤੇ ਤੁਹਾਨੂੰ ਇਹ ਗਲਤੀ ਦੁਹਰਾਣੀ ਨਹੀਂ ਚਾਹੀਦੀ।

**ਯਾਦ ਰਖੋ, ਇਲਾਜ ਨਾਲੋਂ ਇਹਤਿਆਤ ਬੇਹਤਰ ਹੈ।**

**ਸੋਚ ਸਮਝ ਤੋਂ ਕੰਮ ਲਵੋ**

**ਨਿਰੋਧ ਵਰਤੋ**

ਮਰਦਾਂ ਲਈ ਇਹ ਇਕ ਸਾਦਾ ਤੇ ਸੌਖਾ ਤਰੀਕਾ ਹੈ। ਇਹ ਤੁਹਾਡੇ ਨੇੜੇ ਦੀਆਂ ਕੈਮਿਸਟਾਂ ਦੀਆਂ ਦੁਕਾਨਾਂ ਜਾਂ ਨੇੜੇ ਦੇ ਪ੍ਰਵਾਰ ਕਲਿਆਣ ਕੇਂਦਰ ਤੋਂ ਮਿਲ ਸਕਦੇ ਹਨ।




**ਪਤੀ ਤੇ ਪਤਨੀ ਲਈ ਜੀਵਨ ਦੀ ਖ਼ੁਸ਼ੀ ਦਾ ਭਰੋਸੇ ਯੋਗ ਸਾਧਨ**

davp 19/107

**PUNSUP**

takes pride in fulfilling the commitment made by the Akali — Janata Government by supplying WHEAT ATTA, VEGETABLE GHEE and CERTAIN PULSES at fixed rates throughout the year.

RATES : These fixed rates which have remained constant since 2nd October, 1977 are :—

WHEAT ATTA : Rs. 1.30 per kg. VEGETABLE GHEE : Rs. 9.00 Per kg.

PULSES

Moong whole Rs. 2.50 per kg. Moong washed : Rs. 3.00 Per kg.
Mash whole Rs. 3.00 per kg. Mash washed Rs. 3.50 Per kg.

QUANTITY SUPPLIED : PULSES : 1.48 Lakh Qtls. WHEAT ATTA : 4.00 Lakh Qtls. VEGETABLE GHEE : 3.58 Lakh (in tins of 16.5 kg.)

Subsidized Commodities worth Rs. 14.25 crores have been supplied.

* Besides specified subsidized commodities mentioned above PUNSUP supplied various other essential commodities at reasonable rates, such as, Controlled and non-controlled cloth, Sugar, Tea, Washing and Toilet soaps, Match Boxes, Salt, Cycle Tyres and Tubes etc. etc. from more than 500 PUNSUP Retail Shops in the State.

PUNSUP has spread its sphere of activities in various other directions by undertaking procurement and distribution of :

RICE BRAN : 80,000 tonnes of rice bran has been procured and distributed.

RICE : 2,100 tonnes Superior Basmati Rice exported in 1977. Agreement for the export 6,000 tonnes already into.

WHEAT : 7.79 Lakh tonnes of wheat already procured from 1979 Rabi crop under Price Support Scheme, for Central Pool.

CEMENT : PUNSUP has been allotted 1.11 lakh tonnes of cement out of free sale quota since January 1979 to relieve the general public from cement shortage and meet their requirement for various purposes. Cement supplies to rural areas especially, have been augmented.

DAL PLANT : PUNSUP has set up its own Dal Plant at Kotkapura for processing and supplying various pulses of good quality.

PUNSUP contemplates addition of new items in the near future such as Coal, Kerosene Oil etc. etc.

PUNSUP — in the service of common man.

SHANTI SWAROOP SHARMA
CHAIRMAN

N.S. RATTAN, IAS
MANAGING DIRECTOR

**Punjab State Civil Supplies Corporation., (PUNSUP) CHANDIGARH.**






"SAVE TODAY — — — — — — SMILE TOMORROW"

*THE PUNJAB STATE COOPERATIVE BANK LTD.*

Savings under its attractive Deposit Schemes.

The rates of interest are remunerative :—
4-3/4% on Savings Bank
7-3/4% on Fixed Deposits for 37 months;
9-1/2% on Fixed Deposits for 61 months and above.

PENSION-cum-GRATUITY SCHEME

| Monthly Deposit | Period of | Monthly Pension | Gratuity |
|---|---|---|---|
| Rs. 100.00 | 8 years | Rs. 109.00 | Rs. 14,200/- |
| Rs. 100.00 | 12 years | Rs. 202.00 | Rs. 26,284/- |

Gratuity is payable when a depositor opts to discontinue receiving monthly pension.

Rs. 5000/- deposited with our bank become Rs. 10,390/- after 8 years, Rs. 14,980/-after 12 years and Rs. 34,100/- after 21 years.

LOCKERS OF DIFFERENT SIZES ARE ALSO AVAILABLE AT CHEAPER RATES.

FOR DETAILS PLEASE CONTACT :—

THE PUNJAB STATE COOPERATIVE BANK LTD;
CHANDIGARH AND ITS BRANCHES IN SECTORS 22, 26,27 AND SECRETARIAT.

MANAGING DIRECTOR.



Garden Freshness
Canned, Dehydrated & Bottled
for you ;

SOHNA

* Sarson Ka Saag
* Pineapple Slices
* Mixed Fruit Jams
* Peas
* Mango Pickle
* Tomato Ketchup
* Orange, Lemon & Mango Squashes
* Mango, Pineapple & Apple fruit drinks etc.

By MARKFED Canneries, Jullundur
(A Unit of Punjab MARKFED, Chandigarh)

# ਨੈਸ਼ਨਲ ਬੁੱਕ ਟਰੱਸਟ, ਇੰਡੀਆ

## ਦਾ 'ਆਦਾਨ ਪ੍ਰਦਾਨ' ਸਕੀਮ ਹੇਠ ਚੋਣਵਾਂ ਸਾਹਿਤ

ਅਬਦੁਲ ਹਲੀਮ 'ਸ਼ਰਰ' : **ਕਲ ਦਾ ਲਖਨਊ** (ਉਰਦੂ ਰਚਨਾ)
ਅਨੁਵਾਦ : ਤਾਰਾ ਸਿੰਘ, ਲਖਨਊ ਦੇ ਇਤਿਹਾਸਕ ਪਿਛੋਕੜ ਵਿਚ ਉਥੋਂ ਦੇ ਨਵਾਬੀ ਠਾਠ-ਬਾਠ ਤੇ ਸਮਾਜਕ ਜੀਵਨ ਉਤੇ ਝਾਤ । ਸਫ਼ੇ 372
ਕੀਮਤ ਰੁ. 7-50

ਤਾਰਾਸ਼ੰਕਰ ਬੈਨਰਜੀ : **ਕਵੀ** (ਬੰਗਾਲੀ ਨਾਵਲ) ਅਨੁਵਾਦ : ਅਮਰ ਭਾਰਤੀ
ਬੰਗਾਲੀ ਦੇ ਸਿਰਕੱਢ ਨਾਵਲਕਾਰ ਦਾ ਸਮੂਹ ਜੀਵਨ ਨੂੰ ਪੇਸ਼ ਕਰਦਾ ਨਾਵਲ । ਚੋਰਾਂ ਦੇ ਇਕ ਵਰਗ ਦਾ ਮੁੰਡਾ ਜਿਹੜਾ ਕਵੀ ਬਣ ਗਿਆ—ਬੰਗਾਲੀ ਤੋਂ ਸਿੱਧਾ ਪੰਜਾਬੀ ਅਨੁਵਾਦ ਇਸ ਪੁਸਤਕ ਨੂੰ ਬੇਹੱਦ ਰੌਚਕ ਤੇ ਦਿਲਚਸਪ ਬਣਾਉਂਦਾ ਹੈ । ਸਫ਼ੇ 244
ਕੀਮਤ ਰੁ. 6.00

ਹਰਿ ਨਾਰਾਇਣ ਆਪਟੇ : **ਮੈਂ** (ਮਰਾਠੀ ਨਾਵਲ) ਅਨੁਵਾਦ ਸਵਰਨ ਸਿੰਘ
ਮਰਾਠੀ ਸਮਾਜ ਦਾ ਪਰਿਵਰਤਣਸ਼ੀਲ ਜੀਵਨ ਇਸ ਨਾਵਲ ਦਾ ਵਿਸ਼ਾ ਹੈ । ਮਰਾਠੀ ਤੋਂ ਸਿੱਧਾ ਪੰਜਾਬੀ ਅਨੁਵਾਦ । ਸਫ਼ੇ 356
ਕੀਮਤ ਰੁ: 8.75

ਕ੍ਰਿਸ਼ਨ ਚੰਦਰ ਰਾਜਿੰਦਰ ਸਿੰਘ ਬੇਦੀ ਤੇ ਇਸਮਤ ਚੁਗਤਾਈ :
**ਕਥਾ ਭਾਰਤੀ** (ਉਰਦੂ ਕਹਾਣੀਆਂ) ਅਨੁਵਾਦ : ਮਿਹਰ ਸਿੰਘ 'ਰੰਧਾਵਾ'
ਉਰਦੂ ਦੇ ਤਿੰਨ ਪ੍ਰਸਿਧ ਕਹਾਣੀਕਾਰਾਂ ਦੀਆਂ ਸਰਵੋਤਮ ਤੇ ਪ੍ਰਸਿਧ ਰਚਨਾਵਾਂ ।
ਸਫ਼ੇ 244
ਕੀਮਤ ਰੁ: 5.25

ਸ਼੍ਰੀਧਰ ਵਿਅੰਕਟੇਸ਼ ਕੇਤਕਰ : **ਬ੍ਰਾਹਮਣ ਕੰਨਿਆਂ** (ਮਰਾਠੀ ਨਾਵਲ) ਅਨੁ : ਸਵਰਨ ਸਿੰਘ
ਇਹ ਮਰਾਠੀ ਭਾਸ਼ਾ ਦਾ ਇਕ ਰੌਚਕ ਉਪਨਿਆਸ ਹੈ, ਜਿਸ ਰਾਹੀਂ ਸਮਾਜ ਵਿਚ ਇਸਤ੍ਰੀ ਦੀ ਦਸ਼ਾ ਤੇ ਇਸਤ੍ਰੀ ਵਿਦਿਆ ਨੂੰ ਕਲਾਪੂਰਣ ਢੰਗ ਨਾਲ ਪੇਸ਼ ਕੀਤਾ ਗਿਆ ਹੈ ।
ਸਫ਼ੇ 240
ਕੀਮਤ ਰੁ. 6.00

ਫਣੀਸ਼ਵਰ ਨਾਥ ਰੇਣੂ : **ਮੈਲਾ ਆਂਚਲ** (ਹਿੰਦੀ ਨਾਵਲ) ਅਨੁ : ਜਸਵੰਤ ਸਿੰਘ ਵਿਰਦੀ
ਇਹ ਨਾਵਲ ਆਜ਼ਾਦੀ ਦੇ ਮਗਰੋਂ ਭਾਰਤੀ ਜੀਵਨ ਦੀ ਸਭ ਤੋਂ ਕਲਾਤਮਕ ਤੇ ਯਥਾਰਥਵਾਦੀ ਰਚਨਾ ਹੈ । ਸਫ਼ੇ 351
ਕੀਮਤ ਰੁ. 16.50

ਅਮ੍ਰਿਤ ਲਾਲ ਨਾਗਰ : **ਬੂੰਦ ਤੇ ਸਮੁੰਦਰ** ਅਨੁਵਾਦ : ਮੋਹਨਜੀਤ
ਇਹ ਨਾਵਲ ਹਿੰਦੀ ਦੇ ਪ੍ਰਤਿਭਾਸ਼ਾਲੀ ਰਚਣਹਾਰੇ ਅੰਮ੍ਰਿਤ ਲਾਲ ਨਾਗਰ ਦੀ ਅਤਿਅੰਤ ਮਹੱਤਵਪੂਰਣ ਰਚਨਾ ਹੈ । 'ਬੂੰਦ' ਵਿਅਕਤੀ ਦਾ ਪ੍ਰਤੀਕ ਹੈ ਤੇ 'ਸਮੁੰਦਰ' ਸਮਕਾਲੀਨ ਸਮਾਜ ਦਾ । ਇਸ ਰਚਨਾ 'ਚ ਕਲਾ ਦੀ ਉੱਤਮਤਾ ਵੀ ਹੈ ਤੇ ਪਾਠਕਾਂ ਲਈ ਖਿੱਚ ਵੀ । ਸਫ਼ੇ 522+14 ਕੀਮਤ ਰੁ: 21.50

ਅਤੀਨ ਬੰਦੋਪਾਧਿਆਏ : **ਨੀਲ ਕੰਠ ਪੰਖੀ ਦੀ ਭਾਲ** (ਬੰਗਾਲੀ ਨਾਵਲ)
ਅਨੁਵਾਦ : ਜੀ. ਐਸ. ਮੋਹੋ : ਸਫੇ 463+16
ਕੀਮਤ ਰੁ: 14.75

ਸ੍ਰੀ ਲਾਲ ਸ਼ੁਕਲ : **ਰਾਗ ਦਰਬਾਰੀ** ਸਫ਼ੇ 326+10
ਕੀਮਤ ਰੁ: 11.00

ਯਸ਼ਪਾਲ : **ਮਨੁੱਖ ਦੇ ਰੂਪ** (ਹਿੰਦੀ ਨਾਵਲ) ਅਨੁਵਾਦ : ਐਸ. ਐਸ. ਮੀਸ਼ਾ
ਸਫ਼ੇ 312+11
ਕੀਮਤ ਰੁ: 12,00

ਸਾਡੀਆਂ ਇਹ ਅਤੇ ਹੋਰ ਅਨੇਕਾਂ ਚੰਗੀਆਂ ਪੁਸਤਕਾਂ ਇਥੋਂ ਲਵੋ—

**ਨਵਯੁਗ ਪਬਲਿਸ਼ਰਜ਼**
ਚਾਂਦਨੀ ਚੌਂਕ
ਦਿੱਲੀ-110006.

**ਨੈਸ਼ਨਲ ਬੁਕ ਟਰੱਸਟ, ਇੰਡੀਆ**
ਏ-5, ਗ੍ਰੀਨ ਪਾਰਕ, ਨਵੀਂ ਦਿੱਲੀ-16.

**ਨਿਊ ਏਜ਼ ਬੁਕ ਸੈਂਟਰ**
ਮਹਾਂ ਸਿੰਘ ਗੇਟ ਮਾਰਕੀਟ
ਅੰਮ੍ਰਿਤਸਰ

**ਨਿਊ ਬੁਕ ਕੰਪਨੀ**
ਮਾਈ ਹੀਰਾਂ ਗੇਟ ਜਲੰਧਰ

---

NORTHERN RAILWAY
Extends to you, dear Tourist,
A MOST HEARTY WELCOME
FOREIGN TOURISTS AND INDIANS RESIDENT ABROAD

Here is news for you !

Travel as you like; by any train you like; from North to South & East to West. See the bewildering variety of flora & fauna that India is; see its National Parks & wild life sanctuaries; see its colourful people heralding religious festivals & seasons with folk dances & songs, simple yet robust & vigorous; see its ancient monuments & temples, the foot-prints of History, that link the pre-historic past with its present; see the glory of its snow capped mountains, its gurgling rivers & relax in the quiet back waters of Kerala—in fact, SEE INDIA, a country that is a Continent !

How ?

Buy an INDRAIL PASS, valid for 7, 15, 21, 30, 60 or 90 days, as desired by Tourists; fares payable in U.S. Dollars, or U.K. pounds; traveller's cheques on foreign banks & rupee payments acceptable subject to certain conditions, an all-inclusive fare (no extra reservation charges, no meal charges by Rajdhanis; in fact, no extra charges at all). Tickets available at :—

1. Northern Railway Tourist Guide Office,
   Baroda House, New Delhi.
2. Our Connaught Circus Reservation Office,
   New Delhi.
3. Travel Agencies : New Delhi Offices of
   Ambassador Travels, Sita World Travels,
   Travel Corporation (India), Mackinnons Travel
   Service, Cox & Kings.

We shall help you plan your itinerary & guarantee train reservations for you to make your stay in India a colourful and a memorable event.

For details, please contact any of these offices or enquire direct from :

Telephones : 387326
386725
387889

Chief Commercial Superintendent

S E D H (DIRECTION) AUGUST, 1979
Registered with the Registrar of Newspapers for India—Registration No 23895/72
Regd. No. D (S) 022


# TO FEED A NATION WELL FEED THE LAND WELL



that's our philosophy.

And our purpose –

For, to meet the needs of a growing nation, there must be an increasing crop production.

We realized this way back in 1952, since then we've dedicated ourselves to achieve this goal...

- By producing more fertilizers.
- By offering full-fledged agronomy and farm advisory services.
- By educating the farmer, through fertilizer demonstrations, field days, kisan melas, farm training, soil testing, and with other technical advice.

Today, we're the oldest fertilizer company in India, with a great deal of achievements.

But, to the 14,000 of us at FCI the endeavour continues.

Our factories work day and night to increase production.

Two new units are fast coming up at Talcher and Ramagundam.

And every day, our agronomists reach far and across the country to guide and help the farmers of India reap richer harvests.

To feed a nation well, no less effort would do.

FCI

THE FERTILIZER CORPORATION OF INDIA LTD.

55, Madhuban, Nehru Place, New Delhi-110 019